31-AUG-PAGE-1.qxd 8/30/2023 10:44 PM Page 1

ਵੀਰਵਾਰ, 31 ਅਗਸਤ, 2023
15 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 90

# ਨਵਾਂ ਜ਼ਮਾਨਾ

DAILY NAWAN ZAMANA • THURSDAY, 31 AUGUST, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਮੁਲਾਜ਼ਮ ਕਲਮ ਛੋੜ ਹੜਤਾਲ ਕਰਨ, ਬਾਅਦ 'ਚ ਕਲਮ ਹੱਥ ਫੜਾਉਣੀ ਜਾਂ ਨਹੀਂ, ਫੈਸਲਾ ਸਰਕਾਰ ਕਰੇਗੀ : ਭਗਵੰਤ ਮਾਨ

## ਲੋਕਾਂ ਦੀ ਕਿਸੇ ਵੀ ਤਰ੍ਹਾਂ ਦੀ ਖੱਜਲ-ਖੁਆਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ



**ਚੰਡੀਗੜ੍ਹ. (ਗੁਰਜੀਤ ਬਿੱਲਾ)** ਮਾਲ ਅਫਸਰਾਂ ਵੱਲੋਂ ਆਪਣੇ ਭ੍ਰਿਸ਼ਟ ਸਾਥੀਆਂ ਦੀ ਪ੍ਰਸਤਾਵਿਤ ਹੜਤਾਲ ਦਾ ਸਖਤ ਨੋਟਿਸ ਲੈਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਜਿਹੇ ਅਧਿਕਾਰੀਆਂ ਖਿਲਾਫ ਸਖਤ ਅਨੁਸ਼ਾਸਨੀ ਕਾਰਵਾਈ ਕਰਨ ਦੀ ਚੇਤਾਵਨੀ ਦਿੱਤੀ ਹੈ। ਇੱਥੇ ਜਾਰੀ ਇੱਕ ਬਿਆਨ 'ਚ ਮੁੱਖ ਮੰਤਰੀ ਨੇ ਕਿਹਾ ਕਿ ਮਾਲ ਅਫਸਰਾਂ ਦੀਆਂ ਮਨਮਾਨੀਆਂ ਕਾਰਨ ਲੋਕਾਂ ਦੀ ਹੋਣ ਵਾਲੀ ਖੱਜਲ-ਖੁਆਰੀ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਡੀ ਸੀ ਦਫਤਰਾਂ 'ਚ ਮਾਲ ਅਫਸਰਾਂ ਸਮੇਤ ਸਟਾਫ ਹੜਤਾਲ 'ਤੇ ਜਾਣ ਲਈ ਆਜ਼ਾਦ ਹੈ, ਪਰ ਆਮ ਲੋਕਾਂ ਦੀ ਖੱਜਲ-ਖੁਆਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਅਧਿਕਾਰੀ ਕਲਮ ਛੋੜ ਹੜਤਾਲ 'ਤੇ ਜਾਣ ਲਈ ਆਜ਼ਾਦ ਹਨ, ਪਰ ਫਿਰ ਸੂਬਾ ਸਰਕਾਰ ਫੈਸਲਾ ਕਰੇਗੀ ਕਿ ਉਨ੍ਹਾਂ ਨੂੰ ਕਲਮ ਵਾਪਸ ਦੇਣੀ ਹੈ ਜਾਂ ਨਹੀਂ।

ਮੁੱਖ ਮੰਤਰੀ ਨੇ ਇਸ ਕੁਤਾਹੀ ਲਈ ਮੁਲਾਜ਼ਮਾਂ ਖਿਲਾਫ ਸਖਤ ਕਾਰਵਾਈ ਦੀ ਚੇਤਾਵਨੀ ਦਿੱਤੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ 'ਚ ਵੱਡੀ ਗਿਣਤੀ ਵਿੱਚ ਬੇਰੋਜ਼ਗਾਰ ਨੌਜਵਾਨ ਹਨ, ਜੋ ਕਲਮ ਹੱਥ 'ਚ ਲੈ ਕੇ ਸੂਬੇ ਦੀ ਸੇਵਾ ਕਰਨ ਲਈ ਤਿਆਰ ਹਨ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਆਪਣੇ ਸਵਾਰਥਾਂ ਲਈ ਜਾਂ ਉਨ੍ਹਾਂ ਲੋਕਾਂ ਦੀ ਹਮਾਇਤ ਲਈ ਕਲਮ ਛੋੜ ਹੜਤਾਲ ਨਾ ਕਰਨ, ਜੋ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ।

ਮੁੱਖ ਮੰਤਰੀ ਨੇ ਸਪੱਸ਼ਟ ਸ਼ਬਦਾਂ 'ਚ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚੋਂ ਭ੍ਰਿਸ਼ਟਾਚਾਰ ਦਾ ਸਫਾਇਆ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਭ੍ਰਿਸ਼ਟਾਚਾਰ ਨਾਲ ਕਤਈ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਹੋਈ ਹੈ। ਭਗਵੰਤ ਸਿੰਘ ਮਾਨ ਨੇ ਸਪੱਸ਼ਟ ਕਿਹਾ ਕਿ ਵਡੇਰੇ ਲੋਕ ਹਿੱਤ ਵਿੱਚ ਸਿਸਟਮ ਨੂੰ ਪਾਰਦਰਸ਼ੀ, ਸਾਫ-ਸੁਥਰਾ ਅਤੇ ਪ੍ਰਭਾਵਸ਼ਾਲੀ ਬਣਾਉਣ ਦੀ ਮੁਹਿੰਮ ਵਿੱਚ ਨਾ ਤਾਂ ਕਿਸੇ ਭ੍ਰਿਸ਼ਟ ਤੱਤ ਅਤੇ ਨਾ ਹੀ ਉਨ੍ਹਾਂ ਦੇ ਕਿਸੇ ਵੀ ਹਮਦਰਦ ਨੂੰ ਬਖਸ਼ਿਆ ਜਾਵੇਗਾ।

ਜ਼ਿਕਰਯੋਗ ਹੈ ਕਿ ਡੀ ਸੀ ਦਫ਼ਤਰਾਂ ਤੋਂ ਲੈ ਕੇ ਤਹਿਸੀਲ ਦਫ਼ਤਰਾਂ 'ਚ ਕੰਮ ਕਰਨ ਵਾਲੇ ਮਨਿਸਟਰੀਅਲ ਸਟਾਫ਼ ਨੇ ਆਪਣੀਆਂ ਮੰਗਾਂ ਨੂੰ ਲੈ ਕੇ 11 ਤੋਂ ਲੈ ਕੇ 13 ਸਤੰਬਰ ਤੱਕ ਕਲਮ ਛੋੜ ਹੜਤਾਲ ਦਾ ਐਲਾਨ ਕੀਤਾ ਹੋਇਆ ਹੈ।

# ਚੰਦ 'ਤੇ ਪ੍ਰਗਿਆਨ ਨੇ ਕਲਿੱਕ ਕੀਤੀ ਵਿਕਰਮ ਦੀ ਫੋਟੋ



**ਬੈਂਗਲੁਰੂ :** ਭਾਰਤ ਦਾ ਮਿਸ਼ਨ ਚੰਦਰਯਾਨ-3 ਚੰਦ 'ਤੇ ਲਗਾਤਾਰ ਆਪਣਾ ਕੰਮ ਕਰ ਰਿਹਾ ਹੈ। ਇਸਰੋ ਵੱਲੋਂ ਹਰ ਰੋਜ਼ ਇਸ ਮਿਸ਼ਨ ਨਾਲ ਜੁੜੇ ਤਾਜ਼ਾ ਅਪਡੇਟ ਸਾਂਝੇ ਕੀਤੇ ਜਾ ਰਹੇ ਹਨ। ਹੁਣ ਇਸਰੋ ਨੇ ਵਿਕਰਮ ਲੈਂਡਰ ਦੀ ਤਸਵੀਰ ਸਾਂਝੀ ਕੀਤੀ, ਜਿਸ ਨੂੰ ਪ੍ਰਗਿਆਨ ਰੋਵਰ ਨੇ ਕਲਿੱਕ ਕੀਤਾ ਹੈ। ਇਸ ਦੇ ਨਾਲ ਹੀ ਇਸਰੋ ਨੇ ਕੈਪਸ਼ਨ ਦਿੱਤੀ, 'ਸਮਾਇਲ ਪਲੀਜ਼'। ਬੀਤੇ ਦਿਨ ਹੀ ਇਸਰੋ ਨੇ ਚੰਦ ਦੇ ਦੱਖਣੀ ਹਿੱਸੇ 'ਚ ਆਕਸੀਜਨ ਸਮੇਤ ਹੋਰ ਤੱਤਾਂ ਦੇ ਹੋਣ ਦੀ ਪੁਸ਼ਟੀ ਕੀਤੀ ਸੀ, ਜੋ ਇੱਕ ਵੱਡੀ ਸਫ਼ਲਤਾ ਸੀ। ਇਸਰੋ ਨੇ ਬੁੱਧਵਾਰ ਟਵੀਟ ਕੀਤਾ, 'ਸਮਾਇਲ ਪਲੀਜ਼' ਪ੍ਰਗਿਆਨ ਰੋਵਰ ਨੇ ਅੱਜ ਸਵੇਰੇ ਵਿਕਰਮ ਲੈਂਡਰ ਦੀ ਤਸਵੀਰ

● ਬਾਕੀ ਸਫ਼ਾ 2 'ਤੇ

# ਆਦਿਤਿਆ ਐਲ-1 ਲਾਂਚ ਲਈ ਤਿਆਰ



**ਨਵੀਂ ਦਿੱਲੀ :** ਇੰਡੀਅਨ ਸਪੇਸ ਰਿਸਰਚ ਆਰਗੇਨਾਈਜੇਸ਼ਨ (ਇਸਰੋ) ਨੇ ਬੁੱਧਵਾਰ ਦੱਸਿਆ ਕਿ ਆਦਿਤਿਆ ਐਲ-1 ਮਿਸ਼ਨ ਨੂੰ ਲਾਂਚ ਕਰਨ ਦੀ ਤਿਆਰੀਆਂ ਚੱਲ ਰਹੀਆਂ ਹਨ। ਵਹੀਕਲ ਦੇ ਇੰਟਰਨਲ ਚੈਕਿੰਗ ਪੂਰੀ ਕਰ ਲਈ ਗਈ। ਆਦਿਤਿਆ ਐਲ-1ਨੂੰ ਪੀ ਐਸ ਐਲ ਪੀ ਐਕਸ ਐਲ ਰਾਕੇਟ ਜਰੀਏ 2 ਸਤੰਬਰ ਨੂੰ ਸ੍ਰੀਹਰੀਕੋਟਾ ਦੇ ਸਤੀਸ਼ ਧਵਨ ਸਪੇਸ ਸਟੈਂਰ ਤੋਂ ਲਾਂਚ ਕੀਤਾ ਜਾਵੇਗਾ। ਇਹ ਕਰੀਬ 4 ਮਹੀਨੇ ਧਰਤੀ ਤੋਂ 15 ਲੱਖ ਕਿਲੋਮੀਟਰ ਦੂਰ ਲੈਗਰਾਂਜੇ ਪੁਆਇੰਟ-1 ਤੱਕ ਪਹੁੰਚੇਗਾ। ਪੁਆਇੰਟ 1 ਸਪੇਸ 'ਚ ਇੱਕ ਬਿੰਦੂ ਹੈ ਜਿੱਥੇ ਦੋ ਆਕਾਸ਼ੀ ਪਦਾਰਥਾਂ (ਜਿਵੇਂ ਕਿ ਸੂਰਜ-ਧਰਤੀ) ਦੀ ਗਰੈਵੀਟੇਸ਼ਨਲ ਬਲ ਗਰੈਵੀਟੇਸ਼ਨਲ ਸੰਤੁਲਨ ਦੀ ਸਥਿਤੀ ਬਣਾਉਂਦਾ ਹੈ। ਇਸ ਨਾਲ ਪੁਲਾੜ ਯਾਨ ਬਿਨਾਂ ਊਰਜਾ ਦੇ ਉਸੇ ਸਥਿਤੀ 'ਚ ਰਹਿ ਸਕਦਾ ਹੈ।

● ਬਾਕੀ ਸਫ਼ਾ 2 'ਤੇ

# ਭਾਜਪਾ ਤੋਂ ਦੇਸ਼ ਨੂੰ ਆਜ਼ਾਦ ਕਰਾਉਣਾ ਹੈ : ਊਧਵ, ਪਵਾਰ

**ਮੁੰਬਈ :** 'ਇੰਡੀਆ' ਗਠਜੋੜ ਦੇ ਤਹਿਤ 28 ਦਲਾਂ ਦੀ ਮੀਟਿੰਗ ਮੁੰਬਈ 'ਚ ਹੋਣ ਜਾ ਰਹੀ ਹੈ। ਵੀਰਵਾਰ ਅਤੇ ਸ਼ੁੱਕਰਵਾਰ ਨੂੰ ਹੋਣ ਵਾਲੀ ਮੀਟਿੰਗ ਦੀਆਂ ਤਿਆਰੀਆਂ ਨੂੰ ਲੈ ਕੇ ਬੁੱਧਵਾਰ ਨੂੰ ਮਹਾ ਵਿਕਾਸ ਅਗਾੜੀ 'ਚ ਸ਼ਾਮਲ ਕਾਂਗਰਸ, ਐਨ ਸੀ ਪੀ ਅਤੇ ਊਧਵ ਠਾਕਰੇ ਦੀ ਸ਼ਿਵ ਸੈਨਾ ਦੀ ਮੀਟਿੰਗ ਹੋਈ। ਇਸ ਮੀਟਿੰਗ ਦੀਆਂ ਤਿਆਰੀਆਂ ਸਮੇਤ ਮਹਾਰਾਸ਼ਟਰ ਨੂੰ ਲੈ ਕੇ ਕਈ ਏਜੰਡਿਆਂ 'ਤੇ ਗੱਲਬਾਤ ਹੋਈ। ਮੀਟਿੰਗ ਤੋਂ ਬਾਅਦ ਊਧਵ ਠਾਕਰੇ ਨੇ ਕਿਹਾ ਕਿ ਚਾਹੇ ਸਾਡੀ ਵਿਚਾਰਧਾਰਾ ਵੱਖ ਹੈ, ਪਰ ਸਾਡਾ ਮਕਸਦ ਇੱਕ ਹੀ ਹੈ। ਉਹ ਮਕਸਦ ਹੈ, ਭਾਜਪਾ ਨੂੰ ਹਟਾਉਣਾ। ਠਾਕਰੇ ਨੇ ਕਿਹਾ, 'ਹੁਣ ਭਾਜਪਾ ਨੂੰ ਬਚਾਉਣ ਵਾਲਾ ਕੋਈ ਨਹੀਂ ਹੈ। ਸਾਡੇ ਕਾਰਨ ਇਨ੍ਹਾਂ ਲੋਕਾਂ ਨੇ ਸਿਲੰਡਰ 'ਤੇ 200 ਰੁਪਏ ਦੀ ਕਟੌਤੀ ਕੀਤੀ। ਮਹਾਰਾਸ਼ਟਰ ਸੋਕੇ ਦੇ ਸੰਕਟ ਨਾਲ ਜੂਝ ਰਿਹਾ ਹੈ, ਉਹ ਵੱਡੀਆਂ-ਵੱਡੀਆਂ ਗੱਲਾਂ ਕਰ ਰਹੇ ਹਨ। ਹੁਣ ਭਾਰਤ ਮਾਤਾ ਦੀ ਰੱਖਿਆ ਲਈ ਇੱਕ ਮੰਚ 'ਤੇ ਇਕੱਠੇ ਹੋਏ ਹਾਂ। ਊਧਵ ਠਾਕਰੇ ਨੇ ਕਿਹਾ ਕਿ ਵਿਕਾਸ ਤਾਂ ਅੰਗਰੇਜ਼ ਵੀ ਕਰ ਰਹੇ ਸਨ, ਪਰ ਸਾਨੂੰ ਵਿਕਾਸ ਦੇ ਨਾਲ ਆਜ਼ਾਦੀ ਵੀ ਚਾਹੀਦੀ। ਇਹ ਸਰਕਾਰ ਹੁਣ ਤਾਨਾਸ਼ਾਹੀ ਵੱਲ ਵਧ ਰਹੀ ਹੈ। ਉਸ ਤੋਂ ਮੁਕਤੀ ਲਈ ਅਸੀਂ ਸਾਰੇ ਇਕੱਠੇ ਹੋਏ ਹਾਂ। ਠਾਕਰੇ ਨੇ ਕਿਹਾ 'ਇੰਡੀਆ' ਦੀ ਇਹ ਮੀਟਿੰਗ ਦੇਸ਼ ਲਈ ਹੈ, ਮੇਰੇ ਲਈ ਨਹੀਂ ਹੈ। ਮੀਟਿੰਗ 'ਚ ਸਾਰੇ ਮੁੱਦਿਆਂ 'ਤੇ ਵਿਸਥਾਰ ਨਾਲ ਗੱਲਬਾਤ ਹੋਵੇਗੀ। ਸ਼ਰਦ ਪਵਾਰ ਨੇ ਕਿਹਾ ਕਿ ਅਸੀਂ ਦੇਸ਼ 'ਚ ਬਦਲਾਅ ਲਈ ਇੱਕ ਮਜ਼ਬੂਤ ਵਿਕਲਪ ਦੇਣ ਜਾ ਰਹੇ ਹਾਂ।

# ਰਾਹੁਲ ਨੇ ਕਰਨਾਟਕ 'ਚ ਲਾਂਚ ਕੀਤੀ ਗ੍ਰਹਿ ਲਕਸ਼ਮੀ ਯੋਜਨਾ

## ਮਹਿਲਾਵਾਂ ਦੇ ਬੈਂਕ ਅਕਾਊਂਟ 'ਚ ਗਏ ਦੋ-ਦੋ ਹਜ਼ਾਰ ਰੁਪਏ



**ਬੈਂਗਲੁਰੂ :** ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਕਰਨਾਟਕ ਦੇ ਮੈਸੂਰ 'ਚ ਗ੍ਰਹਿ ਲਕਸ਼ਮੀ ਯੋਜਨਾ ਦਾ ਸ਼ੁੱਭ ਆਰੰਭ ਕੀਤਾ। ਸੂਬਾ ਸਰਕਾਰ ਦੀ ਇਸ ਯੋਜਨਾ ਨਾਲ ਪਰਵਾਰ ਦੀ ਮਹਿਲਾ ਮੁਖੀਆ ਨੂੰ ਮਹੀਨਾਵਾਰ 2000 ਰੁਪਏ ਦੀ ਨਗਦ ਸਹਾਇਤਾ ਮਿਲੇਗੀ। ਉਦਘਾਟਨ ਪ੍ਰੋਗਰਾਮ 'ਚ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਮਲਿਕਅਰਜੁਨ ਖੜਗੇ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਯੋਜਨਾ ਸੂਬੇ ਦੇ 10,400 ਸਥਾਨਾਂ 'ਤੇ ਇੱਕੋ ਸਮੇਂ ਸ਼ੁਰੂ ਕੀਤੀ ਗਈ। ਕਰਨਾਟਕ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਨੇ ਪੰਜ ਚੋਣ ਵਾਅਦੇ ਕੀਤੇ ਸਨ, ਜਿਨ੍ਹਾਂ 'ਚੋਂ ਗ੍ਰਹਿ ਲਕਸ਼ਮੀ ਯੋਜਨ ਵੀ ਇੱਕ ਸੀ। ਪ੍ਰੋਗਰਾਮ 'ਚ ਰਾਹੁਲ

● ਬਾਕੀ ਸਫ਼ਾ 2 'ਤੇ

# ਨਾ ਇੰਡੀਆ, ਨਾ ਐੱਨ ਡੀ ਏ, ਇਕੱਲੇ ਚੋਣਾਂ ਲੜਾਂਗੇ : ਮਾਇਆਵਤੀ



**ਲਖਨਊ :** ਬਸਪਾ ਸੁਪਰੀਮੋ ਮਾਇਆਵਤੀ ਨੇ ਸਾਫ਼ ਕੀਤਾ ਹੈ ਕਿ ਬਸਪਾ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਅਤੇ ਚਾਰ ਸੂਬਿਆਂ 'ਚ ਵਿਧਾਨਸਭਾ ਦੇ ਆਮ ਚੋਣਾਂ 'ਚ ਇਕੱਲੇ ਹੀ ਲੜੇਗੀ। ਪਾਰਟੀ 'ਇੰਡੀਆ' ਜਾਂ 'ਐੱਨ ਡੀ ਏ' ਕਿਸੇ ਨਾਲ ਗਠਜੋੜ ਦਾ ਹਿੱਸਾ ਨਹੀਂ ਬਣੇਗੀ। ਮਾਇਆਵਤੀ ਨੇ ਕਿਹਾ ਕਿ ਪੱਤਰਕਾਰ ਵਾਰ-ਵਾਰ ਗਲਤ ਖ਼ਬਰਾਂ ਨਾ ਫੈਲਾਉਣ। ਨਾਲ ਹੀ ਉਨ੍ਹਾ ਕਿਹਾ ਕਿ ਬਸਪਾ ਨਾਲ ਗਠਜੋੜ ਲਈ ਸਾਰੀਆਂ ਪਾਰਟੀਆਂ ਤਤਪਰ ਹਨ।

ਟਵਿਟਰ 'ਤੇ ਇੱਕ ਤੋਂ ਬਾਅਦ ਇੱਕ ਟਿੱਪਣੀਆਂ 'ਚ ਮਾਇਆਵਤੀ ਨੇ ਕਿਹਾ ਕਿ ਬਸਪਾ ਇਹ ਚੋਣਾਂ ਆਪਣੇ ਦਮ 'ਤੇ ਲੜੇਗੀ। ਬੁੱਧਵਾਰ ਉਨ੍ਹਾ ਕਿਹਾ ਕਿ 'ਐੱਨ ਡੀ ਏ' ਅਤੇ 'ਇੰਡੀਆ' ਦੋਵੇਂ ਗਠਜੋੜ 'ਚ ਜ਼ਿਆਦਾਤਰ ਗਰੀਬ ਵਿਰੋਧੀ ਜਾਤੀਵਾਦੀ, ਸੰਪ੍ਰਦਾਇਕ ਅਤੇ ਪੂੰਜੀਵਾਦੀ ਨੀਤੀਆਂ ਵਾਲੀਆਂ ਪਾਰਟੀਆਂ ਹਨ, ਜਿਨ੍ਹਾਂ ਦੀ ਨੀਤੀ ਦੇ ਵਿਰੁੱਧ ਬਸਪਾ ਸੰਘਰਸ਼ ਕਰ ਰਹੀ ਹੈ ਅਤੇ ਇਸ ਲਈ ਇਨ੍ਹਾਂ ਨਾਲ ਗਠਜੋੜ ਕਰਕੇ ਚੋਣਾਂ ਲੜਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਬਸਪਾ ਸੁਪਰੀਮੋ ਨੇ ਕਿਹਾ ਕਿ ਬਸਪਾ, ਵਿਰੋਧੀਆਂ ਦੇ ਜੁਗਾੜ/ਜੋੜ-ਤੋੜ ਨਾਲੋਂ ਜ਼ਿਆਦਾ ਸਮਾਜ ਦੇ ਗਰੀਬ ਪੱਛੜੇ ਕਰੋੜਾਂ ਲੋਕਾਂ ਨੂੰ ਜੋੜ ਕੇ ਉਨ੍ਹਾ ਦੇ ਗਠਜੋੜ ਨਾਲ 2007 ਦੀ ਤਰ੍ਹਾਂ ਇਕੱਲੇ ਆਗਾਮੀ ਲੋਕ ਸਭਾ ਅਤੇ ਚਾਰ ਸੂਬਿਆਂ 'ਚ ਵਿਧਾਨਸਭਾ ਦੀ ਆਮ ਚੋਣ ਲੜੇਗੀ।

# ਫੈਕਟਰੀ 'ਚ ਜ਼ਹਿਰਲੀ ਗੈਸ ਕਾਰਨ 5 ਮਜ਼ਦੂਰਾਂ ਦੀ ਮੌਤ

**ਮੁਰੈਨਾ :** ਮੱਧ ਪ੍ਰਦੇਸ਼ ਦੇ ਮੁਰੈਨਾ ਸਥਿਤ ਇੱਕ ਫੈਕਟਰੀ 'ਚ ਜ਼ਹਿਰੀਲੀ ਗੈਸ ਦੇ ਰਿਸਾਵ ਕਾਰਨ ਦਰਜਨ ਭਰ ਮਜ਼ਦੂਰ ਬੇਹੋਸ਼ ਹੋ ਗਏ। ਜਲਦੀ ਨਾਲ ਇਨ੍ਹਾਂ ਮਜ਼ਦੂਰਾਂ ਨੂੰ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਇਨ੍ਹਾਂ 'ਚ ਪੰਜ ਮਜ਼ਦੂਰਾਂ ਨੂੰ ਮ੍ਰਿਤਕ ਐਲਾਨ ਦਿੱਤਾ, ਉਥੇ ਹੀ ਬਾਕੀ ਮਜ਼ਦੂਰਾਂ ਨੂੰ ਉਨ੍ਹਾ ਦੀ ਹਾਲਤ ਨੂੰ ਦੇਖਦੇ ਹੋਏ ਹਸਪਤਾਲ ਭਰਤੀ ਕਰ ਲਿਆ। ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੀ ਪੁਲਸ ਅਤੇ ਪ੍ਰਸ਼ਾਸਨ ਦੀ ਟੀਮ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮੁਰੈਨਾ ਦੇ ਆਰਜ਼ੀ ਕੁਲੈਕਟਰ ਅੰਕਿਤ ਅਸਥਾਨਾ ਨੇ ਦੱਸਿਆ ਕਿ ਇਹ ਘਟਨਾ ਧਨੇਲੀ ਸਾਕਸ਼ੀ ਫੂਡ ਪ੍ਰੋਡਕਟਰ ਕੰਪਨੀ ਦੀ ਹੈ। ਉਨ੍ਹਾ ਦੱਸਿਆ ਕਿ ਫੈਕਟਰੀ 'ਚ ਬੁੱਧਵਾਰ ਸਵੇਰੇ ਕੰਮ ਚੱਲ ਰਿਹਾ ਸੀ, ਇਸ ਦੌਰਾਨ ਫੈਕਟਰੀ 'ਚ ਜ਼ਹਿਰੀਲੀ ਗੈਸ ਦਾ ਰਿਸਾਵ ਹੋਣ ਲੱਗਾ। ਇਸ ਗੈਸ ਦੀ ਚਪੇਟ 'ਚ ਆਉਣ ਨਾਲ 5 ਮਜ਼ਦੂਰਾਂ ਦੀ ਮੌਤ ਹੋ ਗਈ।

# ਕਾਰ ਸੜਕ ਕੰਢੇ ਖੜ੍ਹੇ ਟਰਾਲੇ 'ਚ ਵੱਜੀ, 7 ਦੀ ਮੌਤ

**ਪਟਨਾ :** ਬਿਹਾਰ ਦੇ ਰੋਹਤਾਸ ਜ਼ਿਲ੍ਹੇ 'ਚ ਬੁੱਧਵਾਰ ਸਵੇਰੇ ਐੱਸ ਯੂ ਵੀ ਕਾਰ ਸੜਕ ਕਿਨਾਰੇ ਖੜ੍ਹੇ ਟਰਾਲੇ ਨਾਲ ਟਕਰਾਉਣ ਕਾਰਨ ਪਰਵਾਰ ਦੇ ਸੱਤ ਮੈਂਬਰਾਂ ਦੀ ਮੌਤ ਹੋ ਗਈ ਅਤੇ ਪੰਜ ਜ਼ਖਮੀ ਹੋ ਗਏ। ਹਾਦਸਾ ਸਵੇਰੇ 4 ਵਜੇ ਦੇ ਕਰੀਬ ਸਾਸਾਰਾਮ ਸ਼ਹਿਰ ਦੇ ਸ਼ਿਵਸਾਗਰ ਇਲਾਕੇ 'ਚ ਨੈਸ਼ਨਲ ਹਾਈਵੇਅ 2 'ਤੇ ਹੋਇਆ। ਪਰਵਾਰ ਝਾਰਖੰਡ ਦੇ ਰਾਜਰੱਪਾ ਮੰਦਰ ਤੋਂ ਵਾਪਸ ਆ ਰਿਹਾ ਸੀ। ਐੱਸ ਯੂ ਵੀ 'ਚ ਡਰਾਈਵਰ ਤੋਂ ਇਲਾਵਾ 11 ਹੋਰ ਵਿਅਕਤੀ ਸਫਰ ਕਰ ਰਹੇ ਸਨ। ਪੁਲਸ ਨੇ ਕਿਹਾ ਕਿ ਉਸ ਨੂੰ ਸ਼ੱਕ ਹੈ ਕਿ ਤੇਜ਼ ਰਫਤਾਰ ਕਾਰਨ ਡਰਾਈਵਰ ਨੇ ਵਾਹਨ ਤੋਂ ਕੰਟਰੋਲ ਗੁਆ ਦਿੱਤਾ, ਜਿਸ ਕਾਰਨ ਇਹ ਹਾਦਸਾ ਹੋਇਆ।

# ਇਮਰਾਨ 13 ਸਤੰਬਰ ਤੱਕ ਰਿਮਾਂਡ 'ਤੇ

**ਇਸਲਾਮਾਬਾਦ :** ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਗੁਪਤ ਲੈਟਰ ਚੋਰ ਦੇ ਮਾਮਲੇ 'ਚ 14 ਦਿਨ ਦੀ ਰਿਮਾਂਡ 'ਤੇ ਭੇਜ ਦਿੱਤਾ ਗਿਆ। ਉਹ 13 ਸਤੰਬਰ ਤੱਕ ਜੇਲ੍ਹ 'ਚ ਹੀ ਰਹਿਣਗੇ। ਅਧਿਕਾਰਤ ਸੀਕਰੇਟ ਐਕਟ ਦੇ ਤਹਿਤ ਗਠਿਤ ਵਿਸ਼ੇਸ਼ ਅਦਾਲਤ ਨੇ ਬੁੱਧਵਾਰ ਨੂੰ ਇਹ ਫੈਸਲਾ ਸੁਣਾਇਆ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਇਮਰਾਨ ਨੂੰ ਸਰਕਾਰੀ ਖਜ਼ਾਨੇ (ਤੋਸ਼ਾਖਾਨਾ) ਦੇ ਤੋਹਫ਼ੇ ਵੇਚਣ ਦੇ ਮਾਮਲੇ 'ਚ ਬੇਲ ਮਿਲ ਗਈ ਸੀ। ਹਾਲਾਂਕਿ ਫਿਰ ਵੀ ਉਹ ਜੇਲ੍ਹ ਤੋਂ ਰਿਹਾਅ ਨਹੀਂ ਹੋ ਸਕੇ। ਇਨ੍ਹਾਂ ਤੋਂ ਇਲਾਵਾ ਖਾਨ ਖਿਲਾਫ਼ ਤਿੰਨ ਕੇਸ ਇਸ ਤਰ੍ਹਾਂ ਦੇ ਹਨ, ਜਿਨ੍ਹਾਂ 'ਚ ਜਾਂਚ ਏਜੰਸੀਆਂ ਉਸ ਨੂੰ ਗ੍ਰਿਫ਼ਤਾਰ ਕਰ ਸਕਦੀਆਂ ਹਨ। ਇਹ ਹਨ ਅਲ-ਕਾਦਿਰ ਟਰੱਸਟ ਸਕੈਮ, ਮਹਿਲਾ ਜੱਜ ਨੂੰ ਧਮਕੀ ਦੇਣ ਅਤੇ ਹਲਫ਼ਨਾਮੇ 'ਚ ਬੇਟੀ (ਟਾਇਰੀਨ ਵ੍ਹਾਈਟ) ਦਾ ਨਾਂਅ ਛੁਪਾਉਣਾ।

# ਅਧੀਰ ਰੰਜਨ ਚੌਧਰੀ ਦੀ ਮੁਅੱਤਲੀ ਨੂੰ ਰੱਦ ਕਰਨ ਦੇ ਪ੍ਰਸਤਾਵ ਨੂੰ ਮਨਜ਼ੂਰੀ

**ਨਵੀਂ ਦਿੱਲੀ :** ਲੋਕ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੇ ਕਾਂਗਰਸ ਨੇਤਾ ਅਧੀਰ ਰੰਜਨ ਚੌਧਰੀ ਦੀ ਮੁਅੱਤਲੀ ਰੱਦ ਕਰ ਦਿੱਤੀ ਹੈ। ਬੁੱਧਵਾਰ ਨੂੰ ਕਾਂਗਰਸ ਸਾਂਸਦ ਵੱਲੋਂ ਆਪਣਾ ਪੱਖ ਰੱਖਣ ਤੋਂ ਬਾਅਦ ਕਮੇਟੀ ਰੱਦ ਕਰਨ ਦੀ ਸਿਫਾਰਸ਼ ਦੇ ਪ੍ਰਸਤਾਵ ਨੂੰ ਮਨਜ਼ੂਰ ਕੀਤਾ। ਟਿੱਪਣੀ ਅਤੇ ਵਿਵਹਾਰ ਨੂੰ ਲੈ ਕੇ ਲੋਕਸਭਾ ਤੋਂ ਸਾਂਸਦ ਦੇ ਤੌਰ 'ਤੇ ਮੁਅੱਤਲ ਕੀਤੇ ਗਏ ਕਾਂਗਰਸ ਨੇਤਾ ਅਧੀਰ ਰੰਜਨ ਚੌਧਰੀ ਵਿਸ਼ੇਸ਼ ਅਧਿਕਾਰ ਕਮੇਟੀ ਸਾਹਮਣੇ ਪੇਸ਼ ਹੋਏ। ਜਾਣਕਾਰੀ ਅਨੁਸਾਰ ਉਨ੍ਹਾ ਦੀ ਮੈਂਬਰਸ਼ਿਪ ਨੂੰ ਅਗਲੇ ਕੁਝ ਦਿਨਾ 'ਚ ਬਹਾਲ ਕਰ ਦਿੱਤਾ ਜਾਵੇਗਾ। ਸੂਤਰਾਂ ਨੇ ਦੱਸਿਆ ਕਿ ਇਸ ਪ੍ਰਸਤਾਵ ਨੂੰ ਜਲਦੀ ਹੀ ਲੋਕ ਸਭਾ ਸਪੀਕਰ ਓਮ ਬਿਰਲਾ ਕੋਲ ਵਿਚਾਰ ਲਈ ਭੇਜਿਆ ਜਾਵੇਗਾ। ਸੰਸਦ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੇ ਬੁੱਧਵਾਰ ਚੌਧਰੀ ਨੂੰ ਮਾਮਲੇ 'ਚ ਆਪਣਾ ਪੱਖ ਪੇਸ਼ ਕਰਨ ਲਈ ਬੁਲਾਇਆ ਸੀ।

# ਅੱਜ-ਨਾਮਾ

ਜੰਮੂ-ਕਸ਼ਮੀਰ ਦਾ ਮੁੱਦਾ ਈ ਫੇਰ ਭਖਿਆ,
ਸੁਣਦੀ ਕੋਰਟ ਸੁਪਰੀਮ ਪਈ ਕੇਸ ਮੀਆਂ।
ਉਸ ਥਾਂ ਵਿਗੜਦੀ ਹਾਲਤ ਨਾ ਆਏ ਕਾਬੂ,
ਕਰਦਾ ਫਿਕਰ ਸਮੁੱਚਾ ਪਿਆ ਦੇਸ ਮੀਆਂ।
ਧਰਤੀ ਉੱਤੇ ਸਵਰਗ ਹੈ ਅਸਲ ਇਹ ਤਾਂ,
ਸਿਆਸੀ ਰੱਫੜਾਂ ਦਾ ਬਣਿਆ ਬੇਸ ਮੀਆਂ।
ਕੀਹਦੀ ਜਾਊਗੀ ਚੌਧਰ ਤੇ ਰਹੂ ਕਿਸ ਦੀ,
ਇਹੀਉ ਚੱਕਰ ਵਿੱਚ ਚੱਲਦੀ ਰੇਸ ਮੀਆਂ।
ਕਰਦੇ ਮਿਹਨਤ ਤੇ ਟੱਬਰ ਹਨ ਪਾਲਦੇ ਜੋ,
ਉਹੀਓ ਲੋਕ ਨੇ ਅਸਲ ਵਿੱਚ ਤੰਗ ਮੀਆਂ।
ਕੋਈ ਨਹੀਂ ਜਾਣਦਾ ਕਦੋਂ ਨੂੰ ਅਮਨ ਹੋਣਾ,
ਚੱਲਦੀ ਚਿਰਾਂ ਤੋਂ ਪਈ ਇੱਕ ਜੰਗ ਮੀਆਂ।

-ਤੀਸ ਮਾਰ ਖਾਂ

# ਦੁਕਾਨ 'ਚ ਅੱਗ ਲੱਗਣ ਕਾਰਨ 4 ਦੀ ਮੌਤ

**ਪੁਣੇ :** ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਦੇ ਪਿੰਪਰੀ ਚਿੰਚਵੜ ਕਸਬੇ 'ਚ ਬੁੱਧਵਾਰ ਇਲੈਕਟ੍ਰਿਕ ਹਾਰਡਵੇਅਰ ਦੀ ਦੁਕਾਨ 'ਚ ਅੱਗ ਲੱਗਣ ਕਾਰਨ ਪਰਵਾਰ ਦੇ ਚਾਰ ਜੀਆਂ ਦੀ ਮੌਤ ਹੋ ਗਈ। ਘਟਨਾ ਸਵੇਰੇ 5.25 ਵਜੇ ਵਾਪਰੀ।

ਹੁਣ ਤੱਕ ਚਾਰ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ, ਜੋ ਇਮਾਰਤ ਦੀ ਹੇਠਲੀ ਮੰਜ਼ਲ 'ਤੇ ਸਥਿਤ ਹਾਰਡਵੇਅਰ ਦੀ ਦੁਕਾਨ 'ਚ ਸੌਂ ਰਹੇ ਸਨ। ਸ਼ਾਰਟ ਸਰਕਟ ਕਾਰਨ ਅੱਗ ਲੱਗਣ ਦਾ ਖਦਸ਼ਾ ਹੈ। ਮ੍ਰਿਤਕਾਂ ਦੀ ਪਛਾਣ ਚਿਮਨਰਾਮ ਚੌਧਰੀ (48), ਨਮਰਤਾ ਚਿਮਨਾਰਾਮ ਚੌਧਰੀ (40), ਭਾਵੇਸ਼ ਚੌਧਰੀ (15) ਅਤੇ ਸਚਿਨ ਚੌਧਰੀ (13) ਵਜੋਂ ਹੋਈ ਹੈ।



## ਡੇਂਗੂ ਦੀ ਰੋਕਥਾਮ ਲਈ ਚੌਕਸੀ ਵਧਾਉਣ ਦੇ ਆਦੇਸ਼



**ਸੰਗਰੂਰ (ਪ੍ਰਵੀਨ ਸਿੰਘ)**-ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਡੇਂਗੂ ਦੇ ਵਧ ਰਹੇ ਕੇਸਾਂ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਸਮੂਹ ਕਾਰਜਸਾਧਕ ਅਫ਼ਸਰਾਂ ਨੂੰ ਸਿਹਤ ਵਿਭਾਗ ਦੀਆਂ ਟੀਮਾਂ ਨਾਲ ਤਾਲਮੇਲ ਕਰਕੇ ਲਾਰਵੇ ਦੀ ਚੈਕਿੰਗ ਲਈ ਚੌਕਸੀ ਵਧਾਉਣ ਦੇ ਆਦੇਸ਼ ਦਿੱਤੇ ਹਨ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਲਾਰਵਾ ਪਾਏ ਜਾਣ 'ਤੇ ਚਲਾਨ ਕੱਟਣ ਦੀ ਕਾਰਵਾਈ ਅਮਲ ਵਿੱਚ ਲਿਆਉਣ ਦੇ ਨਾਲ ਨਾਲ ਸਬੰਧਤ ਇਲਾਕਿਆਂ ਵਿੱਚ ਫੌਗਿੰਗ ਪ੍ਰਕਿਰਿਆ ਵੀ ਅਮਲ ਵਿੱਚ ਲਿਆਂਦੀ ਜਾਵੇ। ਉਨ੍ਹਾਂ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਘਰਾਂ, ਦੁਕਾਨਾਂ ਸਮੇਤ ਹੋਰ ਆਲੇ-ਦੁਆਲੇ ਪਾਣੀ ਖੜਾ ਨਾ ਹੋਣ ਦਿੱਤਾ ਜਾਵੇ ਤੇ ਸਾਫ਼ ਸਫਾਈ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।

## ਮਾਲਵੇ ਦਾ ਸਭ ਤੋਂ ਵੱਡਾ ਤੀਜਾ ਕਿਸਾਨ ਮੇਲਾ 2 ਤੋਂ

**ਮਲੋਟ, (ਗੁਰਮੀਤ ਸਿੰਘ ਮੱਕੜ)** ਦਾਣਾ ਮੰਡੀ ਵਿਖੇ ਮਾਲਵੇ ਦਾ ਸਭ ਤੋਂ ਵੱਡਾ ਤੀਜਾ ਕਿਸਾਨ ਮੇਲਾ 2 ਅਤੇ 3 ਸਤੰਬਰ ਨੂੰ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ 6 ਵਜੇ ਤੱਕ ਲਾਇਆ ਜਾ ਰਿਹਾ ਹੈ। ਮੇਲੇ ਦੌਰਾਨ ਸੈਂਕੜੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕੰਪਨੀਆਂ ਹਿੱਸਾ ਲੈਣਗੀਆਂ ਤੇ ਉਨ੍ਹਾਂ ਵੱਲੋਂ ਹਰ ਤਰ੍ਹਾਂ ਦੇ ਬੀਜ, ਖੇਤੀ ਸੰਦ, ਦਵਾਈਆਂ ਤੇ ਨਵੀਆਂ ਖੇਤੀ ਤਕਨੀਕਾਂ ਬਾਰੇ ਕਿਸਾਨਾਂ ਨਾਲ ਵਿਚਾਰ ਚਰਚਾ ਕੀਤੀ ਜਾਵੇਗੀ। ਇਸ ਤੋਂ ਇਲਾਵਾ ਵਿਰਾਸਤੀ ਵਸਤਾਂ, ਪੇਟਿੰਗ, ਹਸਤ ਕਲਾ ਦੀਆਂ ਕਲਾਕ੍ਰਿਤੀਆਂ ਅਤੇ ਪੁਰਾਤਨ ਸੱਭਿਆਚਾਰ ਦੇ ਰੰਗਾਂ ਦੀ ਖਾਸ ਪ੍ਰਦਰਸ਼ਨੀ ਲਗਾਈ ਜਾਵੇਗੀ ਤੇ ਪੰਜਾਬ ਦੀਆਂ ਉੱਘੀਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਮੇਲੇ ਦੌਰਾਨ ਗਾਇਕਾ ਜਸਵਿੰਦਰ ਬਰਾੜ ਵੱਲੋਂ ਆਪਣੀ ਗਾਇਕੀ ਦੀ ਕਲਾ ਨਾਲ ਆਏ ਹੋਏ ਦਰਸ਼ਕਾਂ ਦਾ ਮਨੋਰੰਜਨ ਕੀਤਾ ਜਾਵੇਗਾ।

## ਵਿਦਿਆਰਥੀਆਂ ਨੂੰ 'ਮਸਤਾਨੇ' ਫ਼ਿਲਮ ਦਿਖਾਈ




**ਚੀਮਾ ਮੰਡੀ, (ਰਵਿੰਦਰ ਚੀਮਾ)** ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਦੇ ਪ੍ਰਿੰਸੀਪਲ ਡਾ. ਵੀ.ਕੇ. ਰਾਏ ਦੇ ਨਿਰਦੇਸ਼ਾਂ ਅਨੁਸਾਰ ਕਾਲਜ ਦੇ ਸਾਰੇ ਅਧਿਆਪਕਾਂ ਤੇ ਵਿਦਿਆਰਥੀਆਂ ਸਹਿਤ ਸੁਨਾਮ ਸਿਨੇਮਾ ਵਿਖੇ ਪੰਜਾਬੀ ਫ਼ਿਲਮ 'ਮਸਤਾਨੇ' ਦਿਖਾਈ ਗਈ।

ਪ੍ਰਿੰਸੀਪਲ ਨੇ ਕਿਹਾ ਕਿ ਪੰਜਾਬੀ ਸੰਸਕ੍ਰਿਤੀ ਤੇ ਇਤਿਹਾਸ ਨਾਲ ਸੰਬਧਤ ਪੰਜਾਬੀ ਮੂਵੀ 'ਮਸਤਾਨੇ' ਵਿਦਿਆਰਥੀਆਂ ਨੂੰ ਦਿਖਾਉਣ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਇਹ ਸਮਝਾਉਣਾ ਹੈ ਕਿ ਕਿਸ ਤਰ੍ਹਾਂ ਸਾਡੇ ਯੋਧਿਆਂ ਨੇ ਸਿੱਖੀ ਤੇ ਦੇਸ਼ ਦੀ ਆਣ ਲਈ ਕੁਰਬਾਨੀਆਂ ਅਤੇ ਜੰਗਾਂ ਲੜੀਆਂ।

## ਰੱਖੜੀ ਬੰਧਨ ਧੂਮਧਾਮ ਨਾਲ ਮਨਾਇਆ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ):** ਪੂਰੇ ਸੂਬੇ ਦੇ ਨਾਲ-ਨਾਲ ਭੈਣ-ਭਰਾ ਦੇ ਪਵਿੱਤਰ ਰਿਸ਼ਤੇ ਦਾ ਪ੍ਰਤੀਕ ਰੱਖੜੀ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ ਗਿਆ।ਇਸ ਸਮੇਂ ਦੌਰਾਨ ਭੈਣਾਂ ਆਪਣੇ ਭਰਾਵਾਂ ਦੇ ਘਰ ਆਉਂਦੀਆਂ ਹਨ ਤੇ ਉਨ੍ਹਾਂ ਨੂੰ ਬਹੁਤ ਹੀ ਸਤਿਕਾਰ ਅਤੇ ਪਿਆਰ ਨਾਲ ਰੱਖੜੀ ਬੰਨ੍ਹਦੀਆਂ ਹਨ ਤੇ ਉਨ੍ਹਾਂ ਦੀ ਲੰਬੀ ਉਮਰ ਲਈ ਅਰਦਾਸ ਕਰਦੀਆਂ ਹਨ। ਜ਼ਿਕਰਯੋਗ ਹੈ ਕਿ ਕਈ ਜਥੇਬੰਦੀਆਂ ਨੇ ਵੀ ਰਕਸ਼ਾ ਬੰਧਨ ਦਾ ਤਿਉਹਾਰ ਸਰਹੱਦ 'ਤੇ ਤੈਨਾਤ ਜਵਾਨਾਂ ਅਤੇ ਪੁਲਿਸ ਅਧਿਕਾਰੀਆਂ ਤੇ ਕ੍ਰਮਚਾਰੀਆਂ ਨਾਲ ਮਿਲ ਕੇ ਮਨਾਇਆ ਅਤੇ ਉਨ੍ਹਾਂ ਨੂੰ ਮਠਿਆਈਆਂ ਵੰਡੀਆਂ।

## ਅਕਾਲੀ ਦਲ ਨੂੰ ਵੱਡਾ ਝਟਕਾ, ਕਈ ਪਰਵਾਰ 'ਆਪ' 'ਚ ਸ਼ਾਮਲ



**ਮਲੋਟ, (ਗੁਰਮੀਤ ਸਿੰਘ ਮੱਕੜ)** ਪਿੰਡ ਕਰਮਗੜ੍ਹ (ਢਾਣੀਆਂ ਪੰਚਾਇਤ) ਵਿਚ ਅਕਾਲੀ ਦਲ ਨੂੰ ਵੱਡਾ ਝਟਕਾ ਲੱਗਿਆ ਹੈ। ਸ਼ਮਿੰਦਰ ਸਿੰਘ ਬਰਾੜ ਦੀ ਪ੍ਰੇਰਨਾ ਸਦਕਾ ਜੀਤ ਸਿੰਘ ਗਿੱਲ ਦਾ ਪਰਿਵਾਰ ਤੇ ਹੋਰ ਕਈ ਆਗੂ ਪਰਿਵਾਰ ਸਮੇਤ ਪਿੰਡ ਖੁੱਡੀਆਂ ਵਿਖੇ ਗੁਰਮੀਤ ਸਿੰਘ ਖੁੱਡੀਆਂ ਕੈਬਨਿਟ ਮੰਤਰੀ (ਪੰਜਾਬ) ਦੀ ਹਾਜ਼ਰੀ ਵਿਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਇਸ ਮੌਕੇ 'ਤੇ ਇਕਬਾਲ ਸਿੰਘ ਗਿੱਲ, ਤਰਸੇਮ ਸਿੰਘ ਗਿੱਲ, ਅਮਨਦੀਪ ਸਿੰਘ ਬੱਬੂ ਗਿੱਲ, ਅਭੀਦੀਪ ਸਿੰਘ ਗਿੱਲ, ਜਗਮੀਤ ਸਿੰਘ ਗਿੱਲ, ਕੁਲਦੀਪ ਸਿੰਘ ਸਾਬਾ ਗਿੱਲ, ਜਗਮੀਤ ਸਿੰਘ ਭੋਲਾ ਸਿੱਧੂ, ਗੁਰਪ੍ਰੀਤ ਸਿੰਘ ਪੀਤਾ ਗਿੱਲ ਆਦਿ ਆਪਣੇ ਪਰਿਵਾਰ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਇਸ ਮੌਕੇ 'ਤੇ ਕਰਮਗੜ੍ਹ ਦੇ ਵਰਕਰਾਂ ਅਤੇ ਟੀਮ ਖੁੱਡੀਆਂ ਵਲੋਂ ਸਮੂਹ ਪਰਿਵਾਰਾਂ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ 'ਤੇ ਜੀ ਆਇਆ ਕਿਹਾ ਤੇ ਕਿਹਾ ਕਿ ਪਾਰਟੀ ਵਿਚ ਸ਼ਾਮਲ ਹੋਣ ਵਾਲੇ ਸਮੂਹ ਪਰਿਵਾਰਾਂ ਨੂੰ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ।

## ਸਕੂਲ 'ਚ ਕਰਾਇਆ ਰੱਖੜੀ ਬਣਾਉਣ ਦਾ ਮੁਕਾਬਲਾ



**ਬਾਘਾ ਪੁਰਾਣਾ, (ਮਨੀ ਸਿੰਗਲਾ)** ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਰੱਖੜੀ ਬਣਾਉਣ ਦਾ ਮੁਕਾਬਲਾ ਕਰਾਇਆ ਗਿਆ। ਇਸ ਮੁਕਾਬਲੇ ਵਿੱਚ ਲੜਕੀਆਂ ਦੇ ਨਾਲ-ਨਾਲ ਲੜਕਿਆਂ ਨੇ ਵੀ ਬੜੇ ਉਤਸ਼ਾਹ ਨਾਲ ਭਾਗ ਲਿਆ। ਵਿਦਿਆਰਥੀਆਂ ਨੇ ਮੁਕਾਬਲੇ ਦੇ ਨਿਯਮਾਂ ਦਾ ਪਾਲਣ ਕਰਦੇ ਹੋਏ ਘਰ ਦੇ ਸਮਾਨ ਜਿਵੇਂ ਮੋਤੀ, ਤਾਰੇ, ਸਿਤਾਰੇ, ਪੇਪਰ ਕੂਲਿੰਗ, ਈਅਰ ਵਰਡ, ਰੰਗ-ਬਿਰੰਗੇ ਰੀਬਨ, ਸਪਾਰਕਲ ਸੀਟ ਆਦਿ ਵੇਸਟ ਮਟੀਰੀਅਲ ਦਾ ਪ੍ਰਯੋਗ ਕਰਕੇ ਇਕ ਤੋਂ ਇਕ ਵਧੀਆ ਰੱਖੜੀਆਂ ਬਣਾਈਆਂ। ਸਕੂਲ ਚੇਅਰਮੈਨ ਤਰਸੇਮ ਲਾਲ ਗਰਗ, ਪ੍ਰਿੰਸੀਪਲ ਮਨੋਜ ਕੁਮਾਰ ਅਤੇ ਮੈਡਮ ਜੀਨਮ ਗਰਗ ਨੇ ਸਾਰਿਆਂ ਨੂੰ ਰੱਖੜੀ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਮਨੋਜ ਕੁਮਾਰ ਨੇ ਬੱਚਿਆਂ ਦੀ ਹੌਂਸਲਾ ਅਫ਼ਜ਼ਾਈ ਕਰਦੇ ਹੋਏ ਕਿਹਾ ਕਿ ਰੱਖੜੀ ਬਣਾਉਣ ਦੇ ਮੁਕਾਬਲੇ ਨਾਲ ਬੱਚਿਆਂ ਵਿਚ ਆਪਣੇ ਮਨੋਭਾਵਾਂ ਨੂੰ ਮੁਕਤੀ ਰੂਪ ਦੇਣ ਦੀ ਪ੍ਰਤੀਕਿਰਿਆ ਦਾ ਵਿਕਾਸ ਹੁੰਦਾ ਹੈ, ਜਿਸ ਨਾਲ ਉਨ੍ਹਾਂ ਨੂੰ ਆਪਣੀ ਪ੍ਰਤਿਭਾ ਨੂੰ ਨਿਖਾਰਨ ਦਾ ਮੌਕਾ ਮਿਲਦਾ ਹੈ ਅਤੇ ਉਨ੍ਹਾਂ ਨੂੰ ਆਤਮ ਵਿਸ਼ਵਾਸ ਵਧਦਾ ਹੈ। ਮੈਡਮ ਜ਼ੀਨਮ ਗਰਗ ਨੇ ਬੱਚਿਆਂ ਨੂੰ ਰੱਖੜੀ ਦੇ ਤਿਉਹਾਰ ਦੇ ਮਹੱਤਵ ਬਾਰੇ ਦੱਸਦਿਆਂ ਕਿਹਾ ਕਿ ਇਹ ਤਿਉਹਾਰ ਭੈਣ-ਭਰਾ ਦੇ ਅਮਰ ਪ੍ਰੇਮ ਦਾ ਤਿਉਹਾਰ ਹੈ।

## ਬੀ ਬੀ ਐੱਸ ਬੀ ਕਾਨਵੈਂਟ ਸਕੂਲ 'ਚ ਮਨਾਇਆ ਨੈਸ਼ਨਲ ਸਪੋਰਟਸ ਡੇਅ

**ਜਗਰਾਓਂ (ਨਛੱਤਰ ਸੰਧੂ)** ਬੀ.ਬੀ.ਐੱਸ.ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ, ਸਮੇਂ-ਸਮੇਂ ਅਨੁਸਾਰ ਵੱਖ ਵੱਖ ਪ੍ਰਕਾਰ ਦੀਆਂ ਗਤੀਵਿਦੀਆਂ ਕਰਾਉਂਦੀ ਰਹਿੰਦੀ ਹੈ, ਵਿਖੇ ਅੱਜ ਮੇਜਰ ਧਿਆਨ ਚੰਦ ਦੀ ਯਾਦ ਵਿੱਚ ਨੈਸ਼ਨਲ ਸਪੋਰਟਸ ਡੇਅ ਮਨਾਇਆ ਗਿਆ। ਇਸ ਦੀ ਸ਼ੁਰੂਆਤ ਮਾਰਚ ਪਾਸਟ, ਬੈਂਡ ਅਤੇ ਪੀ.ਟੀ ਸ਼ੋਅ ਤੋਂ ਕੀਤੀ ਗਈ। ਇਸ ਤੋਂ ਬਾਅਦ ਵਿੱਚ ਵੱਖ- ਵੱਖ ਤਰ੍ਹਾਂ ਦੀਆਂ ਖੇਡਾਂ ਕਰਾਈਆਂ ਗਈਆਂ, ਜਿਸ ਵਿੱਚ ਨਰਸਰੀ ਤੋਂ ਲੈ ਕੇ ਯੂ ਕੇ ਜੀ ਜਮਾਤ ਤੱਕ ਦੇ ਬੱਚਿਆਂ ਦੀ ਜਿਗ ਜੈਗ ਰੇਸ, ਅੰਡਰ ਦਾ ਟੇਬਲ ਰੇਸ, ਕੋਨ ਰੇਸ ਆਦਿ ਕਰਾਈਆਂ ਗਈਆਂ। ਇਸੇ ਲੜੀ ਤਹਿਤ ਵੱਖ ਵੱਖ ਜਮਾਤਾਂ ਦੀਆਂ ਵੱਖ-ਵੱਖ ਖੇਡਾਂ ਕਰਾਈਆਂ, ਜਿਵੇਂ ਐਥਲੈਟਿਕਸ, ਚੈੱਸ, ਕਬੱਡੀ, ਖੋ-ਖੋ ਕੈਰਮ ਬੋਰਡ ਅਦਿ ਦੇ ਨਾਲ-ਨਾਲ ਯੋਗਾ ਅਤੇ ਐਰੋਬਿਕਸ ਵੀ ਬੱਚਿਆਂ ਨੂੰ ਕਰਾਇਆ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਸ਼੍ਰਮਤੀ ਮੋਨਾ ਠਾਕੁਰ ਨੇ ਜਿੱਤਣ ਵਾਲੇ ਬੱਚਿਆਂ ਨੂੰ ਵਧਾਈਆਂ ਦਿੱਤੀਆਂ ਅਤੇ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਤ ਕੀਤਾ। ਸਕੂਲ ਮੈਨੇਜਮੈਂਟ ਮੈਂਬਰ ਜਿਸ ਵਿੱਚ ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜ਼ੀਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਟਰ ਸ਼ਾਮ ਸੁੰਦਰ ਭਾਰਦਵਾਜ ਤੇ ਹਾਜ਼ਰ ਸਨ।

## ਰੱਖੜੀ ਮੌਕੇ ਲੜਕੀਆਂ ਨੂੰ ਸੂਟ ਵੰਡੇ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਜ਼ਿੰਦਗੀ 'ਚ ਤਿਉਹਾਰਾਂ ਦਾ ਆਪਣਾ ਰੰਗ ਅਤੇ ਮਹੱਤਵ ਹੁੰਦਾ ਹੈ ਅਤੇ ਇਹ ਰੱਟ ਬਣੀ ਜ਼ਿੰਦਗੀ ਤੋਂ ਨਿਜ਼ਾਤ ਦਿਵਾ ਕੇ ਆਪਣਾ ਰੰਗ ਬਿਖੇਰਦੀਆਂ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਐੱਸ.ਐੱਸ.ਡੀ. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਸਕੂਲ ਵਿਚ ਹੋਏ ਰੱਖੜੀ ਸਮਾਗਮ ਦੌਰਾਨ ਕੀਤਾ। ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਸੁਸਾਇਟੀ (ਐੱਨਜੀਓ) ਦੇ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ, ਬਾਬਾ ਬੂਟਾ ਸਿੰਘ ਈਸਾਪੁਰ, ਪੁਲਸ ਜ਼ਿਲਾ ਖੰਨਾ ਸਾਂਝ ਕੇਂਦਰ ਇੰਚਾਰਜ਼ ਸਬ-ਇਸਪੈਕਟਰ ਕੁਲਜੀਤ ਸਿੰਘ ਅਤੇ ਪੁਲਸ ਸਾਂਝ ਕੇਂਦਰ ਸਮਰਾਲਾ ਦੇ ਇੰਚਾਰਜ਼ ਜਗਵਿੰਦਰ ਸਿੰਘ ਦੇ ਸਹਿਯੋਗ ਨਾਲ ਸਕੂਲ ਵਿਚ ਮਨਾਏ ਰੱਖੜੀ ਸਮਾਗਮ ਦੌਰਾਨ ਸਕੂਲੀ ਲੜਕੀਆਂ ਨੇ ਮੁੱਖ ਮਹਿਮਾਨਾਂ ਨੂੰ ਰੱਖੜੀ ਦੇ ਪਵਿੱਤਰ ਬੰਧਨ ਵਿੱਚ ਬੰਨ੍ਹਿਆ, ਜਿਨ੍ਹਾਂ ਨੂੰ ਆਸ਼ੀਰਵਾਦ ਦੇ ਰੂਪ ਵਿਚ ਸੂਟ ਵੰਡੇ ਗਏ। ਇਸ ਮੌਕੇ ਮਿਸ਼ਜ ਇੰਡੀਆ ਨਿਧੀ ਸ਼ਰਮਾ, ਕੈਸ਼ੀਅਰ ਜਗਦੀਸ਼ ਚਾਨਣਾ, ਸਰਪੰਚ ਨਰਿੰਦਰਪਾਲਜੀਤ ਸਿੰਘ, ਭਾਰਗਵ, ਮਹਿੰਦਰ ਕੌਰ, ਲੈਕਚਰਾਰ ਰੀਨਾ ਸ਼ਰਮਾ, ਕੰਵਲਜੀਤ ਕੌਰ ਵੀ ਹਾਜ਼ਰ ਸਨ। ਮੰਚ ਸੰਚਾਲਨ ਦੀ ਭੂਮਿਕਾ ਮੈਡਮ ਮੀਨਾਕਸ਼ੀ ਸ਼ਰਮਾ ਨੇ ਨਿਭਾਈ।

# 'ਹਾਕੀ ਦਾ ਜਾਦੂਗਰ ਮੇਜਰ ਧਿਆਨ ਚੰਦ' ਪੁਸਤਕ ਦਾ ਲੋਕ ਅਰਪਣ



**ਬਠਿੰਡਾ :** ਕੌਮੀ ਖੇਡ ਦਿਵਸ ਮੌਕੇ ਪੰਜਾਬ ਸਰਕਾਰ ਵੱਲੋਂ ਸ਼ਹੀਦ ਭਗਤ ਸਿੰਘ ਖੇਡ ਸਟੇਡੀਅਮ ਬਠਿੰਡਾ ਵਿਖੇ ਖੇਡਾਂ ਵਤਨ ਪੰਜਾਬ ਦੀਆਂ ਦੇ ਸੀਜ਼ਨ-2 ਦੇ ਕਰਵਾਏ ਗਏ ਉਦਘਾਟਨੀ ਸਮਾਰੋਹ ਦੌਰਾਨ ਮਹਾਨ ਹਾਕੀ ਖਿਡਾਰੀ ਮੇਜਰ ਧਿਆਨ ਚੰਦ ਨੂੰ ਯਾਦ ਕੀਤਾ ਗਿਆ ਜਿਨ੍ਹਾਂ ਦੇ ਜਨਮ ਦਿਨ ਨੂੰ ਖੇਡ ਦਿਵਸ ਵਜੋਂ ਮਨਾਇਆ ਜਾਂਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਧਿਆਨ ਚੰਦ ਦੀ ਤਸਵੀਰ ਉਤੇ ਫੁੱਲਮਾਲਾ ਅਰਪਣ ਕਰ ਕੇ ਸ਼ਰਧਾ ਭੇਟ ਕੀਤੀ ਗਈ। ਇਸ ਮੌਕੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਮਾਲ ਤੇ ਮੁੜ ਵਸੇਬਾ ਮੰਤਰੀ ਬ੍ਰਹਮ ਸ਼ੰਕਰ ਜਿੰਪਾ, ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਵਿਧਾਇਕ ਗੁਰਦਿੱਤ ਸਿੰਘ ਸੇਖੋਂ, ਇੰਦਰਜੀਤ ਕੌਰ ਮਾਨ ਤੇ ਦਵਿੰਦਰ ਸਿੰਘ ਲਾਡੀ ਢੋਂਸ ਤੇ ਡਾ. ਨਿਰਮਲ ਜੌੜਾ ਵੱਲੋਂ ਮਹਾਨ ਹਾਕੀ ਖਿਡਾਰੀ ਦੀ ਜੀਵਨੀ ਆਧਾਰਤ ਪੁਸਤਕ 'ਹਾਕੀ ਦਾ ਜਾਦੂਗਰ ਮੇਜਰ ਧਿਆਨ ਚੰਦ' ਦਾ ਵੀ ਲੋਕ ਅਰਪਣ ਕੀਤਾ ਗਿਆ। ਖੇਡ ਮੰਤਰੀ ਦੇ ਲੋਕ ਸੰਪਰਕ ਅਫਸਰ ਤੇ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਹ ਬਾਲ ਸਾਹਿਤ ਦੀ ਪੁਸਤਕ ਲਿਖੀ ਗਈ ਹੈ ਜਿਸ ਨੂੰ ਲੋਕਗੀਤ ਪ੍ਰਕਾਸ਼ਨ ਨੇ ਸਚਿੱਤਰ ਰੰਗਦਾਰ ਛਾਪਿਆ। ਮੀਤ ਹੇਅਰ ਨੇ ਕਿਹਾ ਕਿ ਸੂਬਾ ਸਰਕਾਰ ਖੇਡ ਸੱਭਿਆਚਾਰ ਪੈਦਾ ਕਰਨ ਲਈ ਉਪਰਾਲੇ ਕਰ ਰਹੀ ਹੈ ਅਤੇ ਮਹਾਨ ਖਿਡਾਰੀਆਂ ਦੀਆਂ ਜੀਵਨੀਆਂ ਨਵੀਂ ਉਮਰ ਦੇ ਖਿਡਾਰੀਆਂ ਲਈ ਪ੍ਰੇਰਨਾ ਦਾ ਸ੍ਰੋਤ ਹਨ। ਉਨ੍ਹਾਂ ਕਿਹਾ ਕਿ ਖੇਡਾਂ ਤੇ ਸਾਹਿਤ ਦੇ ਖੇਤਰ ਵਿੱਚ ਖੇਡ ਸਾਹਿਤ ਦਾ ਵਡਮੁੱਲਾ ਯੋਗਦਾਨ ਹੈ।

## ਸਿਹਤ ਮੰਤਰੀ ਨੇ ਸਿਹਤ ਮੁੱਦਿਆਂ 'ਤੇ ਵੀਡੀਓ ਕਾਨਫਰੰਸ ਰਾਹੀਂ ਕੀਤੀ ਚਰਚਾ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਿਹਤ ਤੇ ਪਰਿਵਾਰ ਭਲਾਈ ਮੰਤਰੀ, ਡਾਕਟਰ ਬਲਬੀਰ ਸਿੰਘ ਦੁਆਰਾ ਸਿਹਤ ਸੰਬੰਧੀ ਮੁੱਦਿਆਂ 'ਤੇ ਚਰਚਾ ਕਰਨ ਲਈ ਸੂਬੇ ਦੇ ਸਮੂਹ ਡਿਪਟੀ ਕਮਿਸਨਰਾਂ ਅਤੇ ਸਿਵਲ ਸਰਜਨਾਂ ਨਾਲ ਵੀਡੀਓ ਕਾਨਫਰੰਸ ਕੀਤੀ ਗਈ। ਇਸ ਵੀਡੀਓ ਕਾਨਫਰੰਸ ਵਿਚ ਸੂਬੇ ਦੇ ਪ੍ਰਮੁੱਖ ਸਕੱਤਰ, ਸਿਹਤ ਤੇ ਪਰਵਾਰ ਭਲਾਈ ਵਿਭਾਗ, ਸ੍ਰੀ ਵਿਵੇਕ ਪ੍ਰਤਾਪ ਸਿੰਘ, ਸਕੱਤਰ ਸਿਹਤ-ਕਮ ਮਿਸ਼ਨ ਡਾਇਰੈਕਟਰ, ਨੈਸਨਲ ਹੈਲਥ ਮਿਸ਼ਨ, ਪੰਜਾਬ, ਸ੍ਰੀ ਅਵਿਨਮ ਤ੍ਰਿਖਾ (ਆਈ.ਏ.ਐਸ) ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਡਾਕਟਰ ਆਦਰਸ਼ਪਾਲ ਕੌਰ ਵੀ ਸ਼ਾਮਲ ਸਨ। ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦੇ ਡਿਪਟੀ ਕਮਿਸ਼ਨਰ ਸ੍ਰੀਮਤੀ ਪਰਨੀਤ ਸ਼ੇਰਗਿੱਲ ਅਤੇ ਸਿਵਲ ਸਰਜਨ ਡਾਕਟਰ ਦਵਿੰਦਰਜੀਤ ਕੌਰ ਵੱਲੋਂ ਜ਼ਿਲ੍ਹੇ ਅੰਦਰ ਆਮ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦੇ ਸਟੇਟਸ ਸੰਬੰਧੀ ਮੰਤਰੀ ਨੂੰ ਜਾਣੂ ਕਰਾਇਆ ਗਿਆ।

ਸਿਵਲ ਸਰਜਨ ਡਾਕਟਰ ਦਵਿੰਦਰਜੀਤ ਕੌਰ ਨੇ ਦੱਸਿਆ ਸਿਹਤ ਮੰਤਰੀ ਵੱਲੋਂ ਜ਼ਿਲ੍ਹੇ ਅੰਦਰ ਹਰ ਸ਼ੁੱਕਰਵਾਰ 'ਡੇਂਗੂ 'ਤੇ ਵਾਰ' ਮੁਹਿੰਮ ਦਾ ਜਾਇਜ਼ਾ ਲੈਂਦਿਆਂ ਹਦਾਇਤ ਕੀਤੀ ਗਈ ਹੈ ਕਿ ਜਿਹੜੀਆਂ ਥਾਂਵਾਂ ਅੰਦਰ ਡੇਂਗੂ ਦਾ ਲਾਰਵਾ ਵਧੇਰੇ ਪਾਇਆ ਜਾਂਦਾ ਹੈ ਤੇ ਜਿੱਥੇ ਡੇਂਗੂ ਦੇ ਪੰਜ ਜਾਂ ਪੰਜ ਤੋਂ ਵੱਧ ਕੇਸ ਨਿਕਲਦੇ ਹਨ, ਓਥੇ ਫੀਵਰ ਸਰਵੇ, ਸਪਰੇ ਅਤੇ ਬਾਕੀ ਡੇਂਗੂ ਵਿਰੋਧੀ ਗਤੀਵਿਧੀਆਂ ਨੂੰ ਹੋਰ ਤੇਜ਼ ਕੀਤਾ ਜਾਵੇ।

# ਸਮੂਹ ਜਥੇਬੰਦੀ ਵੱਲੋਂ ਕੁਝ ਸ਼ਰਾਰਤੀ ਅਨਸਰਾਂ ਵਿਰੁੱਧ ਕਾਰਵਾਈ ਕਰਨ ਦੀ ਮੰਗ

**ਸੰਗਰੂਰ (ਪ੍ਰਵੀਨ ਸਿੰਘ)**-ਸਮੂਹ ਜਥੇਬੰਦੀਆਂ ਨੇ ਦੱਸਿਆ ਕਿ ਇੱਕ ਜਥੇਬੰਦੀ ਪੰਜਾਬ ਰੋਡਵੇਜ/ਪਨਬਸ/ਕੰਟਰੈਕਟ ਵਰਕਰ ਯੂਨੀਅਨ ਪੰਜਾਬ 25/11 ਦੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਇਮਾਨਦਾਰ ਅਣਥੱਕ ਪੀ.ਆਰ.ਟੀ.ਸੀ. ਸੰਗਰੂਰ ਡਿਪੂ ਦੇ ਜਨਰਲ ਮੈਨੇਜਰ ਖਿਲਾਫ ਝੂਠੀ ਖਬਰ ਅਖ਼ਬਾਰਾਂ ਵਿੱਚ ਲਵਾ ਕੇ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ, ਜਦੋਂ ਕਿ ਸੰਗਰੂਰ ਡਿਪੂ ਵਿੱਚ ਜਨਰਲ ਮੈਨੇਜਰ ਵੱਲੋਂ ਸਾਰੀਆਂ ਯੂਨੀਅਨਾਂ ਨੂੰ ਇਕਸਾਰਤਾ ਨਾਲ ਰੱਖਿਆ ਜਾਂਦਾ ਹੈ ਅਤੇ ਕਿਸੇ ਵੀ ਯੂਨੀਅਨ ਨਾਲ ਪੱਖਪਾਤ ਨਹੀਂ ਕੀਤਾ ਜਾਂਦਾ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਹਰੇਕ ਵਰਕਰ ਆਪਣੇ ਏਰੀਆ/ਘਰ ਮੁਤਾਬਕ ਪੀ.ਆਰ.ਟੀ.ਸੀ ਨੂੰ ਮੁੱਖ ਰੱਖਦੇ ਹੋਏ ਡਿਊਟੀ ਕਰਦੇ ਹਨ ਤੇ ਕਿਸੇ ਵੀ ਵਰਕਰ ਨੂੰ ਕੋਈ ਵੀ ਤੰਗੀ ਪ੍ਰੇਸ਼ਾਨੀ ਨਹੀਂ ਹੈ। ਪ੍ਰੰਤੂ ਇਸ ਯੂਨੀਅਨ ਦੇ ਕੁੱਝ ਸ਼ਰਾਰਤੀ ਅਨਸਰ ਆਪਣੇ ਨਿੱਜੀ ਸਵਾਰਥ ਲਈ ਮੈਨੇਜਮੈਂਟ ਉੱਪਰ ਪ੍ਰੈਸ਼ਰ ਪਾ ਰਹੇ ਹਨ ਅਤੇ ਅੱਡਾ ਫ਼ੀਸ 'ਤੇ ਲੱਗੇ ਸਟਾਫ਼ ਨੂੰ ਅੱਡਾ ਫੀਸ ਠੇਕੇ ਤੇ ਹੋਣ ਕਾਰਨ ਜਦੋਂ ਰੂਟ ਤੇ ਪਾਇਆ ਗਿਆ ਤਾਂ ਇਸ ਜਥੇਬੰਦੀ ਵੱਲੋਂ ਨਿੱਜੀ ਸਵਾਰਥ ਹੋਣ ਕਾਰਨ ਜਨਰਲ ਮੈਨੇਜਰ 'ਤੇ ਗ਼ਲਤ ਪ੍ਰੈਸ਼ਰ ਪਾਇਆ ਜਾ ਰਿਹਾ ਹੈ।

ਇਹ ਜਥੇਬੰਦੀ ਆਮ ਤੌਰ 'ਤੇ ਜਨਰਲ ਮੈਨੇਜਰ ਅਤੇ ਮੈਨੇਜਮੈਂਟ ਤੇ ਗਲਤ ਦਬਾਅ ਅਤੇ ਬਲੈਕਮੇਲ ਕਰਦੀ ਹੈ। ਕਦੇ ਡਿਪੂ ਨੂੰ ਬੰਦ ਕਰਨ ਦੀ ਧਮਕੀ ਦਿੰਦੀ ਹੈ ਅਤੇ ਜਨਰਲ ਮੈਨੇਜਰ, ਡਿਊਟੀ ਸੈਕਸਨ, ਟੀ.ਟੀ.ਆਈ. ਤੇ ਐਮ.ਐਸ.ਆਈ. ਨੂੰ ਆਪਣੇ ਅਨੁਸਾਰ ਚੱਲਣ ਲਈ ਧਮਕੀਆਂ, ਬਲੈਕਮੇਲ ਅਤੇ ਡਿਪੂ ਬੰਦ ਕਰਨ ਦਾ ਪ੍ਰੈਸ਼ਰ ਬਣਾਉਂਦੀ ਹੈ। ਇਨ੍ਹਾਂ ਦੇ ਵਤੀਰੇ ਤੋਂ ਤੰਗ ਆ ਕੇ ਅਨੇਕਾਂ ਕ੍ਰਮਚਾਰੀ ਹਰ ਦਿਨ ਇਹਨਾਂ ਤੋਂ ਪਾਸਾ ਵੱਟ ਕੇ ਹੋਰਾਂ ਜਥੇਬੰਦੀਆਂ ਦੀ ਮੈਂਬਰਸ਼ਿਪ ਲੈਣ ਨੂੰ ਤਰਜ਼ੀਹ ਦੇ ਰਹੇ ਹਨ। ਇੱਥੇ ਇਹ ਵੀ ਵਰਨਣਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਕਾਰਪੋਰੇਸਨ ਵਿੱਚ ਬੱਸਾਂ ਦੀ ਘਾਟ ਕਾਰਨ ਕਿਲੋਮੀਟਰ ਬੱਸਾਂ ਤੋਂ ਕਿਲੋਮੀਟਰ ਵੱਧ ਕਰਵਾਏ ਜਾਂਦੇ ਹਨ ਅਤੇ ਬੱਸ ਅੱਡੇ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਕੋਰਪਸਨ ਨਹੀਂ ਕੀਤੀ ਜਾਂਦੀ ਅਤੇ ਸਮੇਂ-ਸਮੇਂ ਤੇ ਹੋਈ ਚੈਕਿੰਗ ਦੌਰਾਨ ਕੋਈ ਵੀ ਗਲਤ ਪ੍ਰਾਈਵੇਟ ਸਰਵਿਸ ਨਹੀਂ ਪਾਈ ਗਈ ਅਤੇ ਸਮੂਹ ਜਥੇਬੰਦੀਆਂ ਵੱਲੋਂ ਇਸ ਜੱਥੇਬੰਦੀ ਪੰਜਾਬ ਰੋਡਵੇਜ/ਪਨਬਸ/ਕੰਟਰੈਕਟ ਵਰਕਰ ਯੂਨੀਅਨ ਪੰਜਾਬ 25/11 ਦੇ ਕੁੱਝ ਸਰਾਰਤੀ ਅਨਸਰਾਂ ਵਿਰੁੱਧ ਕਾਰਵਾਈ ਕਰਨ ਲਈ ਉੱਚ ਮੈਨੇਜਮੈਂਟ ਮਾਨਯੋਗ ਚੇਅਰਮੈਨ ਪੀ.ਆਰ.ਟੀ.ਸੀ. ਅਤੇ ਮੈਨੇਜਿੰਗ ਡਾਇਰੈਕਟਰ ਪੀ.ਆਰ.ਟੀ.ਸੀ. ਨੂੰ ਬੇਨਤੀ ਕਰਦੀ ਹੈ ਜੀ। ਇਸ ਸਮੇਂ ਗੁਰਪਾਲ ਸਿੰਘ, ਦਵਿੰਦਰ ਸਿੰਘ, ਗੁਰਵਿੰਦਰ ਸਿੰਘ, ਹਰਜੀਤ ਸਿੰਘ, ਕਸਮੀਰ ਸਿੰਘ, ਪ੍ਰਗਟ ਸਿੰਘ ਹਾਜ਼ਰ ਸਨ।

## ਕੈਮਿਸਟ ਐਸੋਸੀਏਸ਼ਨ ਨਾਲ ਡਰੱਗ ਇੰਸਪੈਕਟਰ ਨੇ ਕੀਤੀ ਮੀਟਿੰਗ

**ਬਾਘਾ ਪੁਰਾਣਾ, (ਮਨੀ ਸਿੰਗਲਾ)** ਕੈਮਿਸਟ ਐਸੋਸੀਏਸ਼ਨ ਨਾਲ ਮੀਟਿੰਗ ਕਰਨ ਪੁੱਜੇ ਡਰੱਗ ਇੰਸਪੈਕਟਰ ਨਵਦੀਪ ਸਿੰਘ ਬਰਾੜ ਨੇ ਸਖਤ ਲਹਿਜ਼ੇ ਨਾਲ ਕਿਹਾ ਕਿ ਮੈਡੀਕਲ ਸਟੋਰਾਂ ਉਪਰ ਮੈਡੀਕਲ ਨਸ਼ਾ ਵੇਚਣ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ ਤੇ ਨਸ਼ਾ ਵੇਚਣ ਵਾਲਿਆਂ ਦਾ ਸਾਥ ਦੇਣ ਵਾਲਿਆਂ 'ਤੇ ਵੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਸ ਵੱਲੋਂ ਮੋਗਾ ਜ਼ਿਲੇ ਵਿਚ ਨਸ਼ਿਆਂ ਨੂੰ ਨੱਥ ਪਾਉਣ ਲਈ ਪੰਜਾਬ ਸਰਕਾਰ ਦੇ ਆਦੇਸ਼ਾਂ 'ਤੇ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ, ਜਿਸ ਦੇ ਤਹਿਤ ਉਨ੍ਹਾਂ ਵੱਲੋਂ ਤੁਹਾਡੇ ਨਾਲ ਇਹ ਮੀਟਿੰਗ ਰੱਖੀ ਗਈ ਹੈ। ਉਨ੍ਹਾਂ ਹਾਜ਼ਰੀਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਕੋਈ ਵੀ ਮੈਡੀਕਲ ਨਸ਼ਾ ਵੇਚਦਾ ਫੜਿਆ ਗਿਆ ਤਾਂ ਉਸ ਉਪਰ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ ਅਤੇ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਕੈਮਿਸਟ ਵਾਲਿਆਂ ਨੂੰ ਹਦਾਇਤ ਦਿੱਤੀ ਕਿ ਕੋਈ ਵੀ ਕੈਮਿਸਟ ਐਕਸਪਾਇਰ ਦਵਾਈ ਨਾ ਵੇਚੇ ਅਤੇ ਗ੍ਰਾਹਕ ਨੂੰ ਦਵਾਈ ਪੂਰੇ ਤਰ੍ਹਾਂ ਧਿਆਨ ਨਾਲ ਦਿੱਤੀ ਜਾਵੇ। ਇਸ ਮੌਕੇ ਕੈਮਿਸਟ ਐਸੋਸੀਏਸ਼ਨ ਵਾਲਿਆਂ ਨੇ ਡਰੱਗ ਇਸਪੈਕਟਰ ਨੂੰ ਵਿਸ਼ਵਾਸ਼ ਦਿਵਾਇਆ ਕਿ ਕੋਈ ਵੀ ਕੈਮਿਸਟ ਨਸ਼ੇ ਵਾਲੀ ਦਵਾਈ ਨਹੀਂ ਵੇਚੇਗਾ। ਜੇਕਰ ਕੋਈ ਵੇਚਦਾ ਫੜਿਆ ਗਿਆ ਤਾਂ ਕੈਮਿਸਟ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਉਸ ਦਾ ਕੈਮਿਸਟ ਐਸੋਸੀਏਸਨ ਕਦੇ ਵੀ ਸਾਥ ਨਹੀਂ ਦੇਵੇਗੀ। ਇਸ ਮੌਕੇ ਵਿਜੇ ਮਿੱਤਲ, ਸੰਜੂ ਅਗਰਵਾਲ, ਸੁਰਿੰਦਰ ਮੋਹਨ, ਲੱਕੀ ਗਰਗ, ਨਰਿੰਦਰ, ਕਮਲ, ਕਰਨੈਲ ਸਿੰਘ ਵਿਰਦੀ, ਰਵਿੰਦਰ ਸ਼ਾਹੀ, ਰੋਕੀ ਗਰਗ, ਵਿਪਨ ਗਰਗ, ਲਵਲੀ, ਰਿੰਕੂ ਗਾਬਾ ਤੇ ਹੋਰ ਸ਼ਾਮਲ ਸਨ।

## ਵਿਅਕਤੀ ਦੀ ਜ਼ਿੰਦਗੀ ਦਾ ਸਭ ਤੋਂ ਵਧੀਆ ਸਮਾਂ ਉਸ ਦੇ ਸਕੂਲੀ ਦਿਨ : ਡੀ ਸੀ

**ਸਿਰਸਾ (ਸੁਰਿੰਦਰ ਪਾਲ ਸਿੰਘ)** ਡਿਪਟੀ ਕਮਿਸ਼ਨਰ ਪਾਰਥ ਗੁਪਤਾ ਨੇ ਕਿਹਾ ਕਿ ਹਰ ਵਿਅਕਤੀ ਦੀ ਜ਼ਿੰਦਗੀ ਦਾ ਸਭ ਤੋਂ ਵਧੀਆ ਸਮਾਂ ਉਸਦੇ ਸਕੂਲੀ ਦਿਨਾਂ ਨੂੰ ਮੰਨਿਆ ਜਾਂਦਾ ਹੈ।ਇਹ ਦਿਨ ਬਿਨਾਂ ਕਿਸੇ ਜ਼ਿੰਮੇਵਾਰੀਆਂ ਤੇ ਮਾਨਸਿਕ ਪ੍ਰੇਸ਼ਾਨੀਆਂ ਦੇ ਹੁੰਦੇ ਹਨ।ਉਨ੍ਹਾਂ ਕਿਹਾ ਕਿ ਜੇ ਹਰ ਬੱਚਾ ਸਮੇਂ ਸਿਰ ਆਪਣੇ ਟੀਚਿਆਂ ਦੀ ਨਿਸ਼ਾਨਦੇਹੀ ਕਰ ਲਵੇ ਤਾਂ ਉਸ ਲਈ ਰਸਤੇ ਅਸਾਨ ਬਣ ਜਾਂਦੇ ਹਨ। ਉਹ ਸਿਰਸਾ ਜ਼ਿਲ੍ਹੇ ਦੇ ਪਿੰਡ ਗੁੜੀਆਖੇੜਾ ਦੇ ਸਰਕਾਰੀ ਗਰਲ ਮਿਡਲ ਸਕੂਲ ਵਿੱਚ ਕਰਾਏ ਸਾਲਾਨਾ ਇਨਾਮ ਵੰਡ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ। ਡਿਪਟੀ ਕਮਿਸ਼ਨਰ ਨੇ ਮਾਂ ਸਰਸਵਤੀ ਦੀ ਤਸਵੀਰ ਅੱਗੇ ਦੀਪ ਜਲਾ ਕੇ ਪ੍ਰੋਗਰਾਮ ਦਾ ਉਦਘਾਟਨ ਕੀਤਾ ਤੇ ਸਕੂਲ ਦੇ ਵਿਹੜੇ ਵਿੱਚ ਬੂਟੇ ਲਾ ਕੇ ਵਾਤਾਵਰਨ ਸੰਭਾਲ ਦਾ ਸੁਨੇਹਾ ਦਿੱਤਾ ਤੇ ਸਕੂਲ ਵਿੱਚ ਬਣੀ ਲਾਇਬ੍ਰੇਰੀ ਦਾ ਨਿਰੀਖਣ ਕੀਤਾ।ਇਸ ਪ੍ਰੋਗਰਾਮ ਵਿੱਚ ਲਘੂ ਨਾਟਕਾਂ ਰਾਹੀਂ ਵਿਦਿਆਰਥਣਾਂ ਨੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਮੋਬਾਈਲ ਦੀ ਵੱਧ ਵਰਤੋਂ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਸੰਦੇਸ਼ ਦਿੱਤਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕੁੜੀਆਂ ਪੂਰੇ ਆਤਮ ਵਿਸ਼ਵਾਸ ਨਾਲ ਅੱਗੇ ਵਧਣ। ਉਨ੍ਹਾਂ ਕਿਹਾ ਕਿ ਮਾਪੇ ਬੱਚਿਆਂ ਨੂੰ ਉਸਾਰੂ ਮਾਹੌਲ ਪ੍ਰਦਾਨ ਕਰਨ, ਜੇਕਰ ਮਾਪੇ ਬੱਚਿਆਂ ਨੂੰ ਉਤਸ਼ਾਹਤ ਕਰਦੇ ਹਨ ਤਾਂ ਇਸ ਨਾਲ ਉਨ੍ਹਾਂ ਦਾ ਮਨੋਬਲ ਵੀ ਵਧਦਾ ਹੈ।ਉਨ੍ਹਾਂ ਵਿਦਿਆਰਥਣਾਂ ਨੂੰ ਕਿਹਾ ਕਿ ਉਹ ਮੁਕਾਬਲੇ ਦੀਆਂ ਪ੍ਰੀਖਿਆਵਾਂ ਅਤੇ ਖੇਡਾਂ ਵਿੱਚ ਜ਼ਰੂਰ ਭਾਗ ਲੈਣ।ਇਸ ਮੌਕੇ ਜ਼ਿਲ੍ਹਾ ਐਲੀਮੈਂਟਰੀ ਸਿੱਖਿਆ ਅਫ਼ਸਰ ਬੂਟਾ ਰਾਮ, ਬੀਡੀਪੀਓ ਨਾਥੂਸਰੀ ਚੌਪਾਟਾ ਵਿਕਾਸ ਬਾਜਵਾ, ਬਲਾਕ ਸਿੱਖਿਆ ਅਫ਼ਸਰ ਰਾਮਚੰਦਰ ਗੋਦਾਰਾ ਸਮੇਤ ਪਿੰਡ ਗੁੜੀਆਖੇੜਾ ਦੇ ਸਰਕਾਰੀ ਗਰਲ ਮਿਡਲ ਸਕੂਲ ਦਾ ਸਟਾਫ ਅਤੇ ਵਿਦਿਆਥੀ ਤੇ ਮਾਪੇ ਵੀ ਹਾਜ਼ਰ ਸਨ।

# ਆਮ ਆਦਮੀ ਪਾਰਟੀ ਦੀ ਕਾਨਫਰੰਸ 'ਚ ਜਾਣ ਲਈ ਲੋਕਾਂ 'ਚ ਭਾਰੀ ਉਤਸ਼ਾਹ : ਕਟਾਰੀਆ, ਰਾਣਾ



**ਮੱਖੂ (ਰਛਪਾਲ ਸਿੰਘ ਸੰਧੂ)** ਰੱਖੜ ਪੁੰਨਿਆ ਦੇ ਮੌਕੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਨਗਰੀ ਸ੍ਰੀ ਬਾਬਾ ਬਕਾਲਾ ਸਾਹਿਬ ਵਿਖੇ ਆਮ ਆਦਮੀ ਪਾਰਟੀ ਵੱਲੋਂ ਕੀਤੀ ਜਾ ਰਹੀ ਕਾਨਫਰੰਸ ਵਿੱਚ ਜਾਣ ਦੇ ਸਬੰਧ ਵਿੱਚ ਗੱਲਬਾਤ ਕਰਦਿਆਂ ਆਮ ਆਦਮੀ ਪਾਰਟੀ ਦੇ ਯੂਥ ਆਗੂ ਸ਼ੰਕਰ ਕਟਾਰੀਆ ਅਤੇ ਸੀਨੀਅਰ ਆਗੂ ਰਣਜੀਤ ਸਿੰਘ ਰਾਣਾ ਬਾਹਰਵਾਲੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਰੱਖੜ ਪੁੰਨਿਆ ਮੌਕੇ 31 ਅਗਸਤ ਨੂੰ ਸ੍ਰੀ ਬਾਬਾ ਬਕਾਲਾ ਸਾਹਿਬ ਵਿਖੇ ਕੀਤੀ ਜਾ ਰਹੀ ਕਾਨਫਰੰਸ ਇਤਿਹਾਸਕ ਕਾਨਫਰੰਸ ਹੋਵੇਗੀ।

ਇਸ ਕਾਨਫਰੰਸ ਵਿਚ ਜਾਣ ਲਈ ਲੋਕਾਂ ਵਿਚ ਭਾਰੀ ਉਤਸ਼ਾਹ ਹੈ। ਇਸ ਕਾਨਫਰੰਸ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹੋਰ ਉੱਚ ਕੋਟੀ ਦੇ ਨੇਤਾ ਪਹੁੰਚ ਰਹੇ ਹਨ। ਸ੍ਰੀ ਬਾਬਾ ਬਕਾਲਾ ਸਾਹਿਬ ਵਿਖੇ ਹੋ ਰਹੀ ਆਮ ਆਦਮੀ ਪਾਰਟੀ ਦੀ ਕਾਨਫਰੰਸ ਵਿਚ ਵਿਧਾਨ ਸਭਾ ਹਲਕਾ ਜੀਰਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਕਟਾਰੀਆ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਲੋਕ ਪਹੁੰਚਣਗੇ। ਯੂਥ ਆਗੂ ਸ਼ੰਕਰ ਕਟਾਰੀਆ ਤੇ ਸੀਨੀਅਰ ਆਗੂ ਰਣਜੀਤ ਸਿੰਘ ਰਾਣਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ 'ਚ ਖੇਡਾਂ ਵਤਨ ਪੰਜਾਬ ਦੀਆਂ ਕਰਾਉਣ ਨਾਲ ਖਿਡਾਰੀਆਂ ਨੂੰ ਅੱਗੇ ਵਧਣ ਦਾ ਇਕ ਪਲੇਟਫਾਰਮ ਮਿਲ ਗਿਆ ਹੈ। ਇਸ ਤੋਂ ਪਹਿਲਾਂ ਵਾਲੀਆਂ ਸਰਕਾਰਾਂ ਵੱਲੋਂ ਪੰਜਾਬ ਦੇ ਨੌਜਵਾਨਾਂ ਲਈ ਖੇਡਾਂ ਦੇ ਖੇਤਰ 'ਚ ਅੱਗੇ ਵਧਣ ਲਈ ਯੋਗ ਪਲੇਟਫਾਰਮ ਨਹੀਂ ਦਿੱਤਾ ਸੀ, ਜਿਸ ਕਾਰਨ ਨੌਜਵਾਨਾਂ 'ਚ ਨਿਰਾਸ਼ਾ ਦਾ ਮਾਹੌਲ ਸੀ। ਇਸ ਮੌਕੇ ਰਾਜ ਸਿੰਘ ਝੰਡਾ ਬੱਗਾ, ਗੁਰਦਿੱਤ ਸਿੰਘ, ਬਲਕਾਰ ਸਿੰਘ, ਮਨਜੀਤ ਸਿੰਘ ਪੱਧਰੀ ਆਦਿ ਹਾਜ਼ਰ ਸਨ।

# ਭਾਈ ਘਨੱਈਆ ਜੀ ਏਕਤਾ ਕਾਲਜ ਆਫ਼ ਨਰਸਿੰਗ ਵਿਖੇ ਸਵੀਪ ਗਤਿਵਿਧੀਆਂ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)** ਭਾਈ ਘਨੱਈਆ ਜੀ ਏਕਤਾ ਕਾਲਜ ਆਫ ਨਰਸਿੰਗ ਵਿਖੇ ਸਵੀਪ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ, ਜੋ ਐਸ ਡੀ ਐਮ ਸਾਹਿਬਾਂ ਮੈਡਮ ਚਾਰੂ ਮੀਤਾ ਤੇ ਰੇਸ਼ਮ ਸਿੰਘ ਤਹਿਸੀਲਦਾਰ ਧਰਮਕੋਟ ਦੀ ਅਗਵਾਈ ਹੇਠ ਕਰਾਇਆ ਗਿਆ। ਇਹ ਆਯੋਜਨ ਰਾਸ਼ਟਰੀ ਖੇਡ ਦਿਵਸ ਮੌਕੇ ਆਯੋਜਤ ਕੀਤਾ ਗਿਆ। ਇਸ ਮੌਕੇ ਰੇਸ਼ਮ ਸਿੰਘ ਤਹਿਸੀਲਦਾਰ ਧਰਮਕੋਟ ਅਤੇ ਕਾਲਜ ਦੇ ਡਾਇਰੈਕਟਰ ਗੁਰਦਿਆਲ ਸਿੰਘ ਬੁੱਟਰ ਤੇ ਕਾਲਜ ਪ੍ਰਿੰਸੀਪਲ ਡਾਕਟਰ ਦਲਜੀਤ ਕੌਰ ਵੱਲੋਂ ਵਿਦਿਆਰਥੀਆਂ ਨੂੰ ਆਪਣੇ ਵੋਟ ਦਾ ਸਹੀ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਆਯੋਜਨ ਵਿੱਚ ਸ ਕ ਸੀ ਸੈ ਸੁ ਧਰਮਕੋਟ ਦੇ ਅਧਿਆਪਕਾ ਮਿਸ ਸਿਲਵੀ ਸਾਇੰਸ ਮਿਸਟ੍ਰੈਸ, ਸੰਜੀਵ ਕੁਮਾਰ ਮਾਸਟਰ ਨੇ ਵਿਦਿਆਰਥੀਆਂ ਨੂੰ ਨਿਰਪੱਖ ਰੂਪ ਵਿੱਚ ਆਪਣੀ ਵੋਟ ਦਾ ਇਸਤੇਮਾਲ ਕਰਨ ਸਬੰਧੀ ਜਾਣਕਾਰੀ ਦਿੱਤੀ।

ਇਸ ਮੌਕੇ ਉਨ੍ਹਾਂ ਨਾਲ ਮਾਸਟਰ ਅਮਨਦੀਪ ਸਿੰਘ, ਮਾਸਟਰ ਰਵਿੰਦਰ ਸਿੰਘ ਅਤੇ ਭਾਈ ਘਨੱਈਆ ਜੀ ਏਕਤਾ ਕਾਲਜ ਆਫ਼ ਨਰਸਿੰਗ ਦਾ ਸਮੂਹ ਸਟਾਫ਼ ਵੀ ਮੌਜੂਦ ਸੀ।

## ਮਾਨ ਸਰਕਾਰ ਕਿਸੇ ਵੀ ਪੱਧਰ 'ਤੇ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਕਰੇਗੀ : ਚੀਮਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ ਅਪਣਾਈ ਗਈ ਹੈ ਅਤੇ ਇਸੇ ਤਹਿਤ ਜਨਰਲ ਮੈਨੇਜਰ ਪੰਜਾਬ ਰੋਡਵੇਜ਼ ਲੁਧਿਆਣਾ ਵਿਖੇ ਤਾਇਨਾਤ ਸਹਾਇਕ ਕੰਟਰੋਲਰ (ਵਿੱਤ ਤੇ ਲੇਖਾ) ਨੂੰ ਰਿਸ਼ਵਤ ਦੇ ਮਾਮਲੇ 'ਚ ਮੁਅੱਤਲ ਕੀਤਾ ਗਿਆ ਹੈ। ਇਥੇ ਜਾਰੀ ਪ੍ਰੈਸ ਬਿਆਨ ਰਾਹੀਂ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਮੁਅੱਤਲ ਕੀਤੀ ਗਈ ਸਹਾਇਕ ਕੰਟਰੋਲਰ ਸੀਮਾ ਗੁਪਤਾ ਜਨਰਲ ਮੈਨੇਜਰ ਪੰਜਾਬ ਰੋਡਵੇਜ਼ ਲੁਧਿਆਣਾ ਵਿਖੇ ਤਾਇਨਾਤ ਸੀ ਅਤੇ ਉਸ ਕੋਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦਾ ਵਾਧੂ ਚਾਰਜ ਵੀ ਸੀ। ਉਨ੍ਹਾ ਦੱਸਿਆ ਕਿ ਉਪ ਕੁਲਪਤੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਪੱਤਰ ਰਾਹੀਂ ਸੂਚਿਤ ਕੀਤਾ ਗਿਆ ਸੀ ਕਿ ਇਹ ਅਧਿਕਾਰੀ ਯੂਨੀਵਰਸਿਟੀ ਦੇ ਕਰਮਚਾਰੀਆਂ ਤੋਂ ਪ੍ਰੋਬੇਸ਼ਨ ਕਲੀਅਰ ਕਰਨ ਦੇ ਬਦਲੇ 'ਚ ਰਿਸ਼ਵਤ ਮੰਗਦੀ ਹੈ। ਚੀਮਾ ਨੇ ਦੱਸਿਆ ਕਿ ਪ੍ਰਮੁੱਖ ਸਕੱਤਰ ਵਿੱਤ ਅਜੋਏ ਕੁਮਾਰ ਸਿਨਹਾ ਅਤੇ ਡਾਇਰੈਕਟਰ (ਖਜ਼ਾਨੇ ਤੇ ਲੇਖਾ) ਜਨਾਬ ਮੁਹੰਮਦ ਤਾਇਅਬ ਵੱਲੋਂ ਇਸ ਮਾਮਲੇ ਦੀ ਪੜਤਾਲ ਕੀਤੀ ਗਈ। ਉਨ੍ਹਾ ਦੱਸਿਆ ਕਿ ਇਸ ਮਾਮਲੇ ਵਿੱਚ ਸਬੂਤ ਵਜੋਂ ਵੀਡਿਓ ਕਲਿੱਪ ਅਤੇ ਵੱਖ-ਵੱਖ ਅਖਬਾਰਾਂ 'ਚ ਲੱਗੀਆਂ ਖਬਰਾਂ ਵੀ ਪ੍ਰਾਪਤ ਹੋਈਆਂ ਹਨ। ਉਨ੍ਹਾਂ ਕਿਹਾ ਕਿ ਪੜਤਾਲ ਉਪਰੰਤ ਉਕਤ ਅਧਿਕਾਰੀ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ। ਚੀਮਾ ਨੇ ਕਿਹਾ ਕਿ ਸਾਡੀ ਸਰਕਾਰ ਵੱਲੋਂ ਸੱਤਾ ਸੰਭਾਲਦਿਆਂ ਹੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿੰਮ ਤਹਿਤ ਸਵਾ ਸਾਲ ਦੌਰਾਨ 400 ਤੋਂ ਵੱਧ ਭ੍ਰਿਸ਼ਟਾਚਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਗਈ ਅਤੇ ਕਿਸੇ ਸਿਆਸਤਦਾਨ ਜਾਂ ਅਧਿਕਾਰੀ ਨਾਲ ਵੀ ਲਿਹਾਜ਼ ਨਹੀਂ ਕੀਤਾ ਗਿਆ।

## ਸਕੱਤਰ ਰੀਜਨਲ ਟਰਾਂਸਪੋਰਟ ਅਥਾਰਟੀ ਵੱਲੋਂ ਵਾਹਨਾਂ ਦੀ ਅਚਨਚੇਤ ਜਾਂਚ

**ਸੰਗਰੂਰ (ਪ੍ਰਵੀਨ ਸਿੰਘ)**-ਸੜਕ ਸੁਰੱਖਿਆ ਨਿਯਮਾਂ ਦੀ ਅਣਦੇਖੀ ਕਰਨ ਵਾਲੇ ਵਾਹਨ ਚਾਲਕਾਂ ਖਿਲਾਫ਼ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਲਾਈ ਮੁਹਿੰਮ ਤਹਿਤ ਸਕੱਤਰ ਰੀਜਨਲ ਟਰਾਂਸਪੋਰਟ ਅਥਾਰਟੀ ਡਾ. ਵਿਨੀਤ ਕੁਮਾਰ ਵੱਲੋਂ ਵੱਖ-ਵੱਖ ਵਾਹਨਾਂ ਦੀ ਜਾਂਚ ਕਰਦਿਆਂ ਕਾਰਵਾਈ ਅਮਲ ਵਿੱਚ ਲਿਆਂਦੀ ਗਈ।

ਸਕੱਤਰ ਆਰ.ਟੀ.ਏ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪਿਛਲੇ ਕਈ ਮਹੀਨਿਆਂ ਤੋਂ 24 ਘੰਟੇ ਚੌਕਸੀ ਜਾਰੀ ਰੱਖੀ ਜਾ ਰਹੀ ਹੈ ਅਤੇ ਵੱਖ-ਵੱਖ ਸਮਿਆਂ 'ਤੇ ਅਚਨਚੇਤ ਚੈਕਿੰਗਾਂ ਨੂੰ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਤੜਕਸਾਰ ਤੋਂ ਲੈ ਕੇ ਸਾਰਾ ਦਿਨ ਚੈਕਿੰਗ ਅਭਿਆਨ ਚਲਾਇਆ ਗਿਆ ਅਤੇ ਇਸ ਦੌਰਾਨ ਜਿਥੇ ਆਵਾਜਾਈ ਨਿਯਮਾਂ ਦੀ ਉਲੰਘਣਾ ਕਰਨ ਵਾਲੇ 24 ਵਾਹਨਾਂ ਦੇ ਚਲਾਨ ਕੱਟੇ ਗਏ, ਉਥੇ ਅਜਿਹੀਆਂ ਹੀ ਹੋਰ ਕਮੀਆਂ ਸਾਹਮਣੇ ਆਉਣ 'ਤੇ 4 ਵਾਹਨਾਂ ਨੂੰ ਇੰਪਾਊਂਡ ਵੀ ਕੀਤਾ ਗਿਆ।

ਸਕੱਤਰ ਆਰ.ਟੀ.ਏ ਨੇ ਕਿਹਾ ਕਿ ਵਾਰ ਵਾਰ ਹਦਾਇਤਾਂ ਦੇ ਬਾਵਜੂਦ ਜਿਹੜੇ ਵਾਹਨ ਚਾਲਕ ਜਾਣਬੁੱਝ ਕੇ ਲਾਪ੍ਰਵਾਹੀ ਨਾਲ ਡਰਾਈਵਿੰਗ ਜਾਂ ਦਸਤਾਵੇਜ਼ੀ ਕਮੀਆਂ ਨੂੰ ਦੂਰ ਨਹੀਂ ਕਰ ਰਹੇ। ਉਨ੍ਹਾਂ ਖਿਲਾਫ਼ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਸੰਗਰੂਰ, ਮਲੇਰਕੋਟਲਾ ਤੇ ਬਰਨਾਲਾ ਜ਼ਿਲ੍ਹਿਆਂ ਵਿੱਚ ਰੋਜ਼ਾਨਾ ਦੇ ਆਧਾਰ 'ਤੇ ਚੈਕਿੰਗ ਕੀਤੀ ਜਾ ਰਹੀ ਹੈ।

# ਧਰਨੇ ਤੋਂ ਪਹਿਲਾਂ ਮੋਟੀਵੇਟਰ ਯੂਨੀਅਨ ਦੀ ਬਿਜਲੀ ਮੰਤਰੀ ਹਰਭਜਨ ਸਿੰਘ ਨਾਲ ਮੀਟਿੰਗ

## ਅਗਲੇ ਹਫਤੇ ਪੈਨਲ ਮੀਟਿੰਗ ਕਰਵਾਉਣ ਦਾ ਦਿੱਤਾ ਭਰੋਸਾ



**ਬਰੇਟਾ (ਗੋਬਿੰਦ ਸ਼ਰਮਾ)**- ਮੋਟੀਵੇਟਰ ਵਰਕਰ ਯੂਨੀਅਨ ਪੰਜਾਬ ਵੱਲੋਂ ਰੱਖੜ ਪੁੰਨਿਆਂ ਦੇ ਮੇਲੇ 'ਤੇ ਮੁੱਖ ਮੰਤਰੀ ਪੰਜਾਬ ਦਾ ਕਾਲੇ ਝੰਡਿਆਂ ਨਾਲ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਸੀ, ਐਲਾਨ ਤੋਂ ਤੁਰੰਤ ਬਾਅਦ ਪ੍ਰਸ਼ਾਸਨ ਨੇ ਯੂਨੀਅਨ ਆਗੂਆਂ ਦੀ ਮੀਟਿੰਗ ਮੰਤਰੀ ਹਰਭਜਨ ਸਿੰਘ ਈ ਟੀ ਓ, ਐਮ ਐਲ ਏ ਦਲਬੀਰ ਸਿੰਘ ਟੌਂਗ ਅਤੇ ਸਾਬਕਾ ਵਿਭਾਗ ਮੁਖੀ ਜਲ ਸਪਲਾਈ ਤੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਮਿਤ ਤਲਵਾੜ ਨਸਲ ਕਰਵਾਈ। ਗੱਲਬਾਤ ਦੌਰਾਨ ਯੂਨੀਅਨ ਆਗੂ ਰਣਜੀਤ ਰਾਣਾ ਅਤੇ ਸਤਨਾਮ ਸਿੰਘ ਨੇ ਦੱਸਿਆ ਕਿ 22 ਅਗਸਤ ਨੂੰ ਮੋਟੀਵੇਟਰ ਯੂਨੀਅਨ ਦੀਆ ਮੰਗਾਂ ਮਹੀਨਾਵਾਰ ਪੱਕੀ ਤਨਖਾਹ ਲਈ ਸਬ ਕਮੇਟੀ ਪੰਜਾਬ ਨਾਲ ਮੀਟਿੰਗ ਸੀ ਜਿਸ ਵਿੱਚ ਕੈਬਨਿਟ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਮੰਤਰੀ ਅਮਨ ਅਰੋੜਾ, ਮੰਤਰੀ ਕੁਲਦੀਪ ਸਿੰਘ ਧਾਲੀਵਾਲ ਹਾਜ਼ਰ ਸਨ , ਉਸ ਮੀਟਿੰਗ ਵਿੱਚ ਕੋਈ ਠੋਸ ਹੱਲ ਨਾ ਨਿਕਲਿਆ, ਜਿਸ ਦੇ ਰੋਸ ਵਜੋਂ ਵਰਕਰਾਂ ਨੇ ਰੱਖੜ ਪੁੰਨਿਆਂ ਦੇ ਮੇਲੇ 'ਤੇ ਮੁੱਖ ਮੰਤਰੀ ਪੰਜਾਬ ਦਾ ਕਾਲੇ ਝੰਡਿਆਂ ਨਾਲ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਸੀ ਜਿਸ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੈਬਨਿਟ ਬਿਜਲੀ ਮੰਤਰੀ ਹਰਭਜਨ ਸਿੰਘ ਨਾਲ ਮੀਟਿੰਗ ਕਰਵਾਈ ਜਿਸ ਵਿੱਚ ਬਿਜਲੀ ਮੰਤਰੀ ਹਰਭਜਨ ਸਿੰਘ ਨੇ ਵਿਸ਼ਵਾਸ ਦਿਵਾਇਆ ਕਿ ਤੁਹਾਡੀ ਜਥੇਬੰਦੀ ਦੀਆ ਮੰਗਾਂ ਜਾਇਜ਼ ਹਨ ਅਤੇ ਜਲ ਸਪਲਾਈ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨਾਲ ਫੋਨ 'ਤੇ ਗੱਲ ਕਰਕੇ ਅਗਲੇ ਹਫਤੇ ਜਥੇਬੰਦੀ ਦੀ ਪੈਨਲ ਮੀਟਿੰਗ ਕਰਵਾ ਕੇ ਮੋਟੀਵੇਟਰਾਂ ਦੀਆਂ ਮੰਗਾਂ ਦਾ ਜਲਦ ਹੱਲ ਕਰਵਾਉਣ ਦਾ ਭਰੋਸਾ ਦਿੱਤਾ ਜਿਸ ਉਪਰੰਤ ਮੋਟੀਵੇਟਰ ਵਰਕਰ ਯੂਨੀਅਨ ਪੰਜਾਬ ਵੱਲੋਂ ਅਪਣਾ ਰੋਸ ਮਾਰਚ ਮੁਲਤਵੀ ਕੀਤਾ ਅਤੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਨੇ ਜਲਦੀ ਹੀ ਸਾਡੀਆਂ ਮੰਗਾਂ ਨਾ ਮੰਨੀਆਂ ਤਾਂ ਆਉਣ ਵਾਲੇ ਦਿਨਾਂ ਵਿਚ ਮੁੱਖ ਮੰਤਰੀ ਪੰਜਾਬ ਦੇ ਹਰੇਕ ਪ੍ਰੋਗਰਾਮ 'ਚ ਕਾਲੀਆ ਝੰਡੀਆ ਦਿਖਾ ਕੇ ਰੋਸ ਪ੍ਰਦਰਸ਼ਨ ਕਰਨਗੇ ।

## ਡੇਰਾ ਬਾਬਾ ਨਾਨਕ ਵਪਾਰ ਮੰਡਲ ਦੀ ਜ਼ਰੂਰੀ ਮੀਟਿੰਗ ਭਲਕੇ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਕਸਬਾ ਡੇਰਾ ਬਾਬਾ ਨਾਨਕ ਦੇ ਸਾਰੇ ਹੀ ਨਿਵਾਸੀਆਂ ਦੀ ਸੁਰੱਖਿਆ ਅਤੇ ਐੱਸ. ਆਰ. ਜਿਊਲਰ ਦੀ ਹੋਈ ਲੁੱਟ ਸਬੰਧੀ ਬਹੁਤ ਹੀ ਜ਼ਰੂਰੀ ਮੀਟਿੰਗ 1 ਸਤੰਬਰ ਦਿਨ (ਸ਼ੁੱਕਰਵਾਰ) ਰਾਤ ਠੀਕ 8.30 ਵਜੇ ਦਰਬਾਰ ਬਾਬਾ ਲਖਮੀ ਚੰਦ ਹਾਲ ਬਜ਼ਾਰ ਜੌੜੀਆਂ ਡੇਰਾ ਬਾਬਾ ਨਾਨਕ ਵਿਖੇ ਹੋਵੇਗੀ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕਸਬੇ ਵਿੱਚ ਵਪਾਰ ਮੰਡਲ ਵਲੋਂ ਬਣਾਈ ਗਈ 21 ਮੈਂਬਰੀ ਕਮੇਟੀ ਦੇ ਮੈਂਬਰਾਂ ਨੇ ਕਿਹਾ ਕਿ ਇਸ ਮੀਟਿੰਗ ਵਿੱਚ ਸ਼ਹਿਰ ਨਿਵਾਸੀ ਲੁੱਟ ਕਰਨ ਵਾਲਿਆਂ ਦੀ ਜਲਦ ਗ੍ਰਿਫਤਾਰੀ, ਲੁੱਟਿਆ ਮਾਲ ਬਰਾਮਦ ਕਰਨ, ਸ਼ਹਿਰ ਦੇ ਸਖਤ ਸੁਰੱਖਿਆ ਪ੍ਰਬੰਧ ਕਰਨ ਅਤੇ ਸ਼ਹਿਰ ਨੂੰ ਇੱਕ ਪਲੇਟਫਾਰਮ 'ਤੇ ਇਕੱਠਿਆਂ ਕਰਨ ਵਾਸਤੇ ਰੱਖੀ ਗਈ ਗਈ ਹੈ। ਉਨ੍ਹਾਂ ਸਮੂਹ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਮੇਂ ਸਿਰ ਲਖਮੀ ਚੰਦ ਹਾਲ ਵਿੱਚ ਪਹੁੰਚਣ ਅਤੇ ਆਪਣੇ ਅਣਮੁੱਲੇ ਵਿਚਾਰ ਅਤੇ ਸੁਝਾਅ ਪੇਸ਼ ਕਰਨ।

# ਬੱਚਿਆਂ ਨੇ ਲਾਈ ਰੱਖੜੀਆਂ ਦੀ ਪ੍ਰਦਰਸ਼ਨੀ




**ਬਾਘਾ ਪੁਰਾਣਾ, (ਮਨੀ ਸਿੰਗਲਾ)** ਸਪਰਿੰਗ ਫੀਲਡ ਕਾਨਵੈਂਟ ਸਕੂਲ ਵਿਖੇ ਬੱਚਿਆਂ ਨੇ ਰੱਖੜੀ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ। ਬੱਚੇ ਬਹੁਤ ਹੀ ਸੁੰਦਰ ਰੰਗ-ਬਿਰੰਗੀਆਂ ਰੱਖੜੀਆਂ ਘਰ ਤੋਂ ਬਣਾ ਕੇ ਲਿਆਏ ਤੇ ਰੱਖੜੀਆਂ ਦੀ ਸ਼ਾਨਦਾਰ ਪ੍ਰਦਰਸ਼ਨੀ ਲਾਈ ਗਈ। ਚੇਅਰਮੈਨ ਨਰ ਸਿੰਘ ਬਰਾੜ ਨੇ ਦੱਸਿਆ ਕਿ ਇਹ ਤਿਉਹਾਰ ਭੈਣ ਅਤੇ ਭਰਾ ਦੇ ਪਵਿੱਤਰ ਰਿਸ਼ਤੇ ਨੂੰ ਦਰਸਾਉਂਦਾ ਹੈ, ਜੋ ਬਹੁਤ ਹੀ ਪਿਆਰ ਅਤੇ ਸਨੇਹ ਦਾ ਰਿਸ਼ਤਾ ਹੈ। ਇਸ ਦਿਨ ਭੈਣ ਰੱਖੜੀ ਬੰਨ੍ਹ ਕੇ ਆਪਣੇ ਭਰਾ ਦੀ ਤੰਦਰੁਸਤੀ, ਲੰਮੀ ਉਮਰ ਤੇ ਆਪਸੀ ਪਿਆਰ ਦੀ ਕਾਮਨਾ ਕਰਦੀਆਂ ਹਨ ਅਤੇ ਭਰਾ ਵੀ ਹਰ ਮੁਸ਼ਕਲ ਵਿਚ ਭੈਣ ਦਾ ਸਾਥ ਦੇਣ ਦਾ ਇਕਰਾਰ ਕਰਕੇ ਇਸ ਰਿਸ਼ਤੇ ਦੀ ਸੁੰਦਰਤਾ ਵਿਚ ਵਾਧਾ ਕਰਦੇ ਹਨ। ਸਭ ਨੂੰ ਇਸ ਤਿਉਹਾਰ ਦਾ ਬਹੁਤ ਚਾਅ ਹੁੰਦਾ ਹੈ। ਮੈਡਮ ਸਿਮਰਜੀਤ ਭੱਲਾ ਦੀ ਨਿਗਰਾਨੀ ਹੇਠ ਰੱਖੜੀਆਂ ਦੀ ਪ੍ਰਦਰਸ਼ਨੀ ਲਾਈ ਗਈ। ਚੇਅਰਮੈਨ ਤੇ ਪ੍ਰਿੰਸੀਪਲ ਬਾਇਜੂ ਵਿਜੇ ਨੇ ਇਸ ਪ੍ਰੋਗਰਾਮ ਲਈ ਮੈਡਮ ਦਾ ਧੰਨਵਾਦ ਕੀਤਾ ਅਤੇ ਬੱਚਿਆਂ ਨੂੰ ਇਸ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ।

# ...ਸਫ਼ਾ 1 ਦੇ ਬਾਕੀ

## ਰਾਹੁਲ ਨੇ ਕਰਨਾਟਕ...

ਗਾਂਧੀ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਅਸੀਂ ਪੰਜ ਵਾਅਦੇ ਕੀਤੇ ਸਨ। ਕਾਂਗਰਸ ਜਾਂ ਉਸ ਦੇ ਨੇਤਾ ਕੁਝ ਕਹਿੰਦੇ ਹਨ ਤਾਂ ਅਸੀਂ ਕਰਕੇ ਦਿਖਾਉਂਦੇ ਹਾਂ। ਰਾਹੁਲ ਗਾਂਧੀ ਨੇ ਕੇਂਦਰ ਸਰਕਾਰ 'ਤੇ ਤਨਜ਼ ਕਰਦੇ ਹੋਏ ਕਿਹਾ ਕਿ ਇਨ੍ਹਾਂ ਦਿਨਾਂ 'ਚ ਇੱਕ ਫੈਸ਼ਨ ਹੈ ਕਿ ਦਿੱਲੀ 'ਚ ਸਰਕਾਰ ਕੇਵਲ ਅਰਬਪਤੀਆਂ ਲਈ ਕੰਮ ਕਰਦੀ ਹੈ। ਨਾਲ ਹੀ ਉਨ੍ਹਾ ਕਿਹਾ ਅਸੀਂ ਕਦੀ ਝੂਠੇ ਵਾਅਦੇ ਨਹੀਂ ਕਰਦੇ ਅਤੇ ਸਾਡੀ ਪਾਰਟੀ ਹਮੇਸ਼ਾ ਆਪਣੇ ਵਾਅਦਿਆਂ 'ਤੇ ਕਾਇਮ ਰਹਿੰਦੀ ਹੈ।

ਗ੍ਰਹਿ ਲਕਸ਼ਮੀ ਯੋਜਨਾ ਦੇ ਤਹਿਤ 1.11 ਕਰੋੜ ਪਰਵਾਰਾਂ ਦੀਆਂ ਮਹਿਲਾ ਮੁਖੀਆ ਨੂੰ 2000 ਰੁਪਏ ਟਰਾਂਸਫਰ ਕੀਤੇ ਗਏ। ਅਗਲੇ ਸਾਲ ਲਾਭਪਾਤਰੀਆਂ ਦੀ ਗਿਣਤੀ 1.3 ਕਰੋੜ ਤੱਕ ਜਾਣ ਦਾ ਟੀਚਾ ਹੈ। ਇਸ 'ਚ ਗਰੀਬੀ ਰੇਖਾ ਤੋਂ ਹੇਠਾਂ ਅਤੇ ਉਪਰ ਦੇ ਪਰਵਾਰਾਂ ਦੀਆਂ ਮਹਿਲਾਵਾਂ ਪਾਤਰ ਹਨ। ਇਸ ਦਾ ਲਾਭ ਕੇਵਲ ਉਹ ਪਰਵਾਰ ਹੀ ਲੈ ਸਕਦੇ ਹਨ ਜੋ ਵਸਤੂ ਅਤੇ ਸੇਵਾ ਕਰ (ਜੀ ਐੱਸ ਟੀ) ਅਤੇ ਆਮਦਨ ਕਰ ਰਿਟਰਨ ਦਾਖ਼ਲ ਨਹੀਂ ਕਰਦੇ। ਸਰਕਾਰ ਮੁਤਾਬਿਕ ਗ੍ਰਹਿ ਲਕਸ਼ਮੀ ਯੋਜਨਾ ਦਾ ਮਕਸਦ ਪਰਵਾਰ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਸੰਭਾਲਣ ਵਾਲੀ ਅਤੇ ਆਤਮਨਿਰਭਰ ਜੀਵਨ ਜਿਊਣ ਦੇ ਸੁਪਨੇ ਨੂੰ ਪੂਰਾ ਕਰਨ ਵਾਲੀ ਸੂਬੇ ਦੀ ਇੱਕ ਕਰੋੜ ਤੋਂ ਵੱਧ ਮਹਿਲਾਵਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਹੈ।

ਕਰਨਾਟਕ ਦੇ ਮੁੱਖ ਮੰਤਰੀ ਸਿੱਧਾਰਮਈਆ ਨੇ ਪਹਿਲਾਂ ਕਿਹਾ ਸੀ ਕਿ ਇਸ ਯੋਜਨਾ ਨਾਲ ਸੂਬੇ ਨੂੰ 30,000 ਕਰੋੜ ਰੁਪਏ ਦੀ ਲਾਗਤ ਆਉਣ ਦੀ ਉਮੀਦ ਹੈ। ਹਾਲਾਂਕਿ ਸੂਬੇ ਦੀ ਵਿਰੋਧੀ ਪਾਰਟੀ ਭਾਜਪਾ ਨੇ ਫੰਡਿੰਗ ਨੂੰ ਲੈ ਕੇ ਸਵਾਲ ਉਠਾਏ ਹਨ।

## ਚੰਦ 'ਤੇ ਪ੍ਰਗਿਆਨ...

ਕਲਿੱਕ ਕੀਤੀ ਹੈ। ਇਹ ਤਸਵੀਰ ਪ੍ਰਗਿਆਨ ਨੇ ਰੋਵਰ ਦੇ ਨੇਵੀਗੇਸ਼ਨ ਕੈਮਰੇ ਦੁਆਰਾ ਖਿੱਚੀ ਹੈ। ਇਸਰੋ ਅਨੁਸਾਰ ਇਹ ਤਸਵੀਰ 30 ਅਗਸਤ ਨੂੰ ਭਾਰਤੀ ਸਮੇਂ ਅਨੁਸਾਰ ਸਵੇਰੇ 7.35 ਮਿੰਟ 'ਤੇ ਕਲਿੱਕ ਕੀਤੀ ਗਈ ਹੈ।

## ਆਦਿਤਿਆ ਐਲ-1...

ਇਸਰੋ ਨੇ ਕਿਹਾ ਕਿ ਲਾਂਚ ਕਰਨ ਤੋਂ ਬਾਅਦ, ਪੁਲਾੜ ਯਾਨ ਨੂੰ ਸ਼ੁਰੂ 'ਚ ਧਰਤੀ ਦੇ ਹੇਠਲੇ ਪੰਧ 'ਚ ਰੱਖਿਆ ਜਾਵੇਗਾ। ਇਸ ਤੋਂ ਬਾਅਦ, ਇਸਨੂੰ ਆਨ-ਬੋਰਡ ਪ੍ਰੋਪਲਸ਼ਨ ਦੀ ਵਰਤੋਂ ਕਰਕੇ ਲੈਗਰੇਂਜ ਪੁਆਇੰਟ 1 ਵੱਲ ਲਾਂਚ ਕੀਤਾ ਜਾਵੇਗਾ। ਪੁਲਾੜ ਏਜੰਸੀ ਨੇ ਕਿਹਾ, ਇੱਕ ਵਾਰ ਜਦੋਂ ਇਹ ਧਰਤੀ ਦੇ ਚੁੰਬਕੀਏ ਖੇਤਰ ਤੋਂ ਬਾਹਰ ਨਿਕਲਦਾ ਹੈ, ਤਾਂ ਇਸਦਾ ਕਰੂਜ ਪੜਾਅ ਸ਼ੁਰੂ ਹੋ ਜਾਵੇਗਾ। ਆਦਿਤਿਆ ਸਪੇਸਕਰਾਫ਼ਟ, ਐਲ1 ਪੁਆਇੰਟ ਦੇ ਚਾਰੇ ਪਾਸੇ ਘੁੰਮ ਕੇ ਸੂਰਜ 'ਤੇ ਉਠਣ ਵਾਲੇ ਤੂਫ਼ਾਨਾਂ ਨੂੰ ਸਮਝੇਗਾ। ਇਸ ਤੋਂ ਇਲਾਵਾ ਮੈਗਨੇਟਿਕ ਫੀਲਡ ਅਤੇ ਸੋਲਰ ਵਿੰਡ ਵਰਗੀਆਂ ਚੀਜਾਂ ਦੀ ਸਟੱਡੀ ਕਰੇਗਾ।

## ਨਸ਼ੀਲੇ ਪਦਾਰਥਾਂ ਸਮੇਤ ਦੋ ਨੌਜਵਾਨ ਗ੍ਰਿਫ਼ਤਾਰ

**ਹੁਸ਼ਿਆਰਪੁਰ 30 ਅਗਸਤ, (ਬਲਵੀਰ ਸਿੰਘ ਸੈਣੀ)**—ਸਰਤਾਜ ਸਿੰਘ ਚਾਹਲ ਆਈਪੀਐੱਸ ਐੱਸਐੱਸਪੀ ਹੁਸ਼ਿਆਰਪੁਰ ਵਲੋਂ ਨਸ਼ੇ ਦੇ ਤਸਕਰਾਂ ਦੇ ਖਿਲਾਫ ਵਿੱਢੀ ਮੁਹਿੰਮ ਤਹਿਤ ਸਰਬਜੀਤ ਸਿੰਘ ਬਾਹੀਆਂ ਐਸ. ਪੀ, (ਇਨਵੈਟੀਗੇਸ਼ਨ) ਦੀ ਨਿਗਰਾਨੀ ਹੇਠ ਅਤੇ ਦਲਜੀਤ ਸਿੰਘ ਖੱਖ ਉਪ ਕਪਤਾਨ ਪੁਲਸ ਸਬ ਡਵੀਜ਼ਨ ਗੜ੍ਹਸ਼ੰਕਰ ਦੀ ਯੋਗ ਰਹਿਨੁਮਾਈ ਹੇਠ ਐਸ. ਆਈ. ਹਰਪ੍ਰੇਮ ਸਿੰਘ ਮੁੱਖ ਅਫਸਰ ਥਾਣਾ ਗੜ੍ਹਸ਼ੰਕਰ ਨੂੰ ਉਸ ਸਮੇਂ ਵੱਡੀ ਕਾਮਯਾਬੀ ਮਿਲੀ ਜਦੋਂ ਇੰਸ. ਕੁਲਦੀਪ ਸਿੰਘ ਥਾਣਾ ਗੜ੍ਹਸ਼ੰਕਰ ਵੱਲੋਂ ਸਮੇਤ ਪੁਲਸ ਪਾਰਟੀ ਦੌਰਾਨੇ ਗਸ਼ਤ ਸ਼ੱਕੀ ਪੁਰਸ਼ਾਂ ਦੇ ਸਬੰਧ ਵਿਚ ਟੀ-ਪੁਆਇੰਟ ਬੀਰਮਪੁਰ ਰੋਡ ਗੜ੍ਹਸ਼ੰਕਰ ਤੋਂ ਦੋ ਨੌਜਵਾਨ ਗਗਨ ਪੁੱਤਰ ਚਮਨ ਲਾਲ ਵਾਸੀ ਵਾਰਡ ਨੰਬਰ 6 ਗੜ੍ਹਸ਼ੰਕਰ ਅਤੇ ਲਖਵੀਰ ਸਿੰਘ ਉਰਫ ਸੋਨੂੰ ਦਰਸ਼ਨ ਸਿੰਘ ਵਾਸੀ ਪਿੰਡ ਸੋਲੀ ਥਾਣਾ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਸ਼ੱਕ ਦੀ ਬਿਨਾ 'ਤੇ ਕਾਬੂ ਕੀਤਾ ਜਿਨ੍ਹਾਂ ਦੀ ਤਲਾਸ਼ੀ ਕਰਨ 'ਤੇ ਗਗਨ ਪੁੱਤਰ ਚਮਨ ਲਾਲ ਉਕਤ ਪਾਸੋਂ 152 ਗ੍ਰਾਮ ਨਸ਼ੀਲਾ ਪਦਾਰਥ ਅਤੇ ਲਖਵੀਰ ਸਿੰਘ ਉਰਫ ਸੋਨੂੰ ਉਕਤ ਪਾਸੋਂ 76 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਹੋਇਆ ਜਿਸ 'ਤੇ ਮੁਕੱਦਮਾ ਥਾਣਾ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਦਰਜ ਕੀਤਾ ਗਿਆ। ਉਨ੍ਹਾ ਦੱਸਿਆ ਕਿ ਦੋਵਾਂ ਦੋਸ਼ੀਆਂ ਤੋਂ ਸਖਤੀ ਨਾਲ ਪੁੱਛਗਿੱਛ ਕਰਨ 'ਤੇ ਦੋਸ਼ੀਆਂ ਨੇ ਇੰਕਸ਼ਾਫ ਕੀਤਾ ਕਿ ਉਨ੍ਹਾਂ ਨੇ ਇਹ ਨਸੀਲਾ ਪਦਾਰਥ ਸੰਨੀ ਦੱਤਾ ਪੁੱਤਰ ਸ਼ਾਮ ਸੁੰਦਰ ਦੱਤਾ ਵਾਸੀ ਮੁਹੱਲਾ ਨੌ ਗੁਰੱਪ ਗੜ੍ਹਸ਼ੰਕਰ ਪਾਸੋਂ ਵੇਚਣ ਲਈ ਖਰੀਦ ਕੀਤਾ ਹੈ। ਤਫਤੀਸ਼ ਦੌਰਾਨ ਦੱਤਾ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 105 ਗ੍ਰਾਮ ਨਸ਼ੀਲਾ ਪਦਾਰਥ ਬ੍ਰਾਮਦ ਕੀਤਾ ਗਿਆ। ਉਪਰੋਕਤ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਉਕਤ ਦੋਸ਼ ਇਹ ਨਸ਼ਲਾ ਪਦਾਰਥ ਕਿਸ ਪਾਸੋਂ ਖਰੀਦ ਕੇ ਲਿਆਉਂਦੇ ਹਨ ਅਤੇ ਅੱਗੇ ਕਿਹੜੇ ਕਿਹੜੇ ਵਿਅਕਤੀਆਂ ਨੂੰ ਵੇਚਦੇ ਹਨ।

## 15 ਗ੍ਰਾਮ ਹੈਰੋਇਨ ਸਮੇਤ ਮੋਟਰਸਾਈਕਲ ਸਵਾਰ ਕਾਬੂ



**ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸ਼ਵਰ) :** ਪੰਜਾਬ ਪੁਲਸ ਦੁਆਰਾ ਚਲਾਈ ਗਈ ਨਸ਼ਾ ਤਸਕਰਾਂ ਤੇ ਮਾੜੇ ਅਨਸਰਾਂ ਖਿਲਾਫ ਵਿਸੇਸ ਮੁਹਿੰਮ ਨੂੰ ਉਸ ਵਕਤ ਹੋਰ ਬਲ ਮਿਲਿਆ ਜਦ ਲੋਹੀਆਂ ਖਾਸ ਥਾਣਾ ਮੁਖੀ ਸਬ ਇੰਸਪੈਕਟਰ ਯਾਦਵਿੰਦਰ ਸਿੰਘ ਮੁੱਖ ਅਫਸਰ ਥਾਣਾ ਲੋਹੀਆਂ ਦੀ ਪੁਲਸ ਪਾਰਟੀ ਨੇ ਇਕ ਵਿਅਕਤੀ ਨੂੰ ਸਮੇਤ ਮੋਟਰਸਾਈਕਲ ਨੰਬਰੀ ਪੀਬੀ 05 ਏ.ਸੀ 1018 ਮਾਰਕਾ ਹੀਰੋ ਐੱਚ. ਐੱਫ ਡੀਲੈਕਸ ਦੇ ਕਾਬੂ ਕਰਕੇ ਉਸ ਪਾਸੋਂ 15 ਗ੍ਰਾਮ ਹੈਰਇਨ ਬਰਾਮਦ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਨਰਿੰਦਰ ਸਿੰਘ ਔਜਲਾ ਪੀਪੀਐੱਸ ਉਪ ਪੁਲਸ ਕਪਤਾਨ ਸਬ ਡਵੀਜ਼ਨ ਸ਼ਾਹਕੋਟ ਜਲੰਧਰ ਦਿਹਾਤੀ ਨੇ ਦੱਸਿਆਂ ਕਿ 30.08.2023 ਨੂੰ ਐੱਸਆਈ ਇਕਬਾਲ ਸਿੰਘ ਥਾਣਾ ਲੋਹੀਆਂ ਨੇ ਸਮੇਤ ਕਰਮਚਾਰੀਆਂ ਦੌਰਾਨੇ ਨਾਕਾਬੰਦੀ ਵੇਈਂ ਪੁਲ ਨਵਾਂ ਪਿੰਡ ਖਾਲੇਵਾਲ ਦੇ ਨਜ਼ਦੀਕ ਇੱਕ ਵਿਅਕਤੀ ਜਿਸ ਦਾ ਨਾਮ ਗੁਰਜੰਟ ਸਿੰਘ ਉਰਫ ਜੰਡੀ ਉਰਫ ਜੰਡ ਪੁੱਤਰ ਮਹਿਲ ਸਿੰਘ ਵਾਸੀ ਬੇਗੋਵਾਲ (ਬੰਡਾਲਾ ਬੇਟ) ਥਾਣਾ ਫਤਿਹਗੜ੍ਹ ਪੰਜਤੂਰ ਜ਼ਿਲ੍ਹਾ ਮੋਗਾ ਹੈ, ਨੂੰ ਸਮੇਤ ਮੋਟਰਸਾਈਕਲ ਨੰਬਰੀ ਪੀਬੀ 05 ਏਸੀ 1018 ਮਾਰਕਾ ਹੀਰੋ ਐੱਚ.ਐੱਫ. ਡੀਲੈਕਸ ਦੇ ਕਾਬੂ ਕਰਕੇ ਉਸ ਪਾਸੋਂ 15 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ ਜਿਸ 'ਤੇ ਐੱਸ. ਆਈ. ਇਕਬਾਲ ਸਿੰਘ ਨੇ ਥਾਣਾ ਲੋਹੀਆਂ ਜ਼ਿਲ੍ਹਾ ਜਲੰਧਰ ਦਰਜ ਰਜਿਸਟਰ ਕਰਕੇ ਮੁੱਢਲੀ ਤਫਤੀਸ਼ ਅਮਲ ਵਿੱਚ ਲਿਆਂਦੀ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

31-Aug-PAGE- 3.qxd 8/30/2023 11:00 PM Page 1



# ਡਾ. ਓਬਰਾਏ ਦਾ ਐਲਾਨ : ਹੜ੍ਹਾਂ ਕਾਰਨ ਨੁਕਸਾਨੇ ਮਕਾਨ ਅਸੀਂ ਬਣਾ ਕੇ ਦੇਵਾਂਗੇ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਹਰ ਔਖੀ ਘੜੀ ਵੇਲੇ ਲੋੜਵੰਦਾਂ ਲਈ ਸਭ ਤੋਂ ਮੋਹਰੀ ਹੋ ਕੇ ਨਿਸ਼ਕਾਮ ਸੇਵਾ ਕਾਰਜ ਨਿਭਾਉਣ ਵਾਲੇ ਕੌਮਾਂਤਰੀ ਪੱਧਰ ਦੇ ਸਮਾਜ ਸੇਵੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐਸ. ਪੀ. ਸਿੰਘ ਓਬਰਾਏ ਵੱਲੋਂ ਮਾਨਵਤਾ ਨੂੰ ਸਮਰਪਿਤ ਕੀਤੇ ਜਾ ਰਹੇ ਹਨ। ਪੰਜਾਬ ਵਿੱਚ ਆਏ ਹੜ੍ਹਾਂ ਵਿੱਚ ਵੀ ਟਰੱਸਟ ਵੱਲੋਂ ਲਸਾਨੀ ਸੇਵਾ ਕਾਰਜ ਕੀਤੇ ਜਾ ਰਹੇ ਹਨ। ਇਸੇ ਸੇਵਾ ਤਹਿਤ ਹਰੀਕੇ ਨਜ਼ਦੀਕ ਧੁੱਸੀ ਬੰਨ੍ਹ ਟੁੱਟਣ ਕਾਰਨ ਲੋਕਾਂ ਦੀ ਜੀਵਨ ਅਸਤ ਵਿਅਸਤ ਹੋਣ ਟਰੱਸਟ ਵੱਲੋਂ ਨਿਰੰਤਰ ਸੇਵਾਵਾਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਜਾਣਕਾਰੀ ਦਿੰਦਿਆਂ ਟਰੱਸਟ ਦੇ ਤਰਨਤਾਰਨ ਇਕਾਈ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਪਨਗੋਟਾ ਨੇ ਦੱਸਿਆ ਕਿ ਟਰੱਸਟ ਵੱਲੋਂ ਵੱਡੇ ਪੱਧਰ ਤੇ ਰਾਹਤ ਸਮੱਗਰੀ, ਪਸ਼ੂਆਂ ਦੇ ਆਚਾਰ ਦੀ ਸੇਵਾ ਕੀਤੀ ਗਈ। ਇਸੇ ਦੌਰਾਨ ਪੀਣ ਵਾਲੇ ਪਾਣੀ ਦੀ ਕਮੀ ਹੋਣ ਬਾਰੇ ਪਤਾ ਲੱਗਣ ਤੇ ਤਰਨਤਾਰਨ ਇਕਾਈ ਵੱਲੋਂ ਡਾਕਟਰ ਓਬਰਾਏ ਨੂੰ ਪਾਣੀ ਦੀ ਸੇਵਾ ਕਰਨ ਸਬੰਧੀ ਬੇਨਤੀ ਕੀਤੀ ਗਈ ਸੀ। ਉਨ੍ਹਾਂ ਵੱਲੋਂ ਮੌਕੇ ਤੇ ਪੀਣ ਵਾਲੇ ਪਾਣੀ ਦੀਆਂ 12 ਹਜ਼ਾਰ ਬੋਤਲਾਂ ਸੇਵਾ ਹਿੱਤ ਭੇਜੀਆਂ ਸਨ ਜਿਸ ਦੀ ਸੇਵਾ ਤਰਨਤਾਰਨ ਇਕਾਈ ਵੱਲੋਂ ਨਿਰੰਤਰ ਜਾਰੀ ਹੈ। ਹਰੀਕੇ ਦਾਣਾ ਮੰਡੀ, ਸਭਰਾ ਦਾਣਾ ਮੰਡੀ, ਖੇਤਰੀ ਖੋਜ ਸਿਖਲਾਈ ਸੈਂਟਰ ਹਰੀਕੇ, ਮੁੱਠਿਆਂ ਵਾਲਾ ਬੰਨ੍ਹ ਨਜ਼ਦੀਕ ਅਤੇ ਲੋੜਵੰਦ ਲੋਕਾਂ ਨੂੰ ਤਕਸੀਮ ਕੀਤੀਆਂ ਗਈਆਂ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਡਾ. ਓਬਰਾਏ ਵੱਲੋਂ ਹੜ੍ਹ ਪੀੜਤਾਂ ਦੀ ਹਰਸੰਭਵ ਮਦਦ ਦਾ ਭਰੋਸਾ ਦਿੱਤਾ ਗਿਆ ਹੈ। ਡਾ. ਓਬਰਾਏ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਜਿਨ੍ਹਾਂ ਦੇ ਮਕਾਨ ਹੜ੍ਹਾਂ ਕਾਰਨ ਨੁਕਸਾਨੇ ਗਏ ਹਨ ਉਨ੍ਹਾਂ ਦੇ ਮਕਾਨ ਟਰੱਸਟ ਵੱਲੋਂ ਬਣਾ ਕੇ ਦਿੱਤੇ ਜਾਣਗੇ। ਜੇ ਤਰਨਤਾਰਨ ਜ਼ਿਲ੍ਹੇ ਵਿੱਚ ਕਿਸੇ ਦੇ ਮਕਾਨ ਨੁਕਸਾਨੇ ਗਏ ਹਨ ਤਾਂ ਉਹ ਸਾਡੀ ਟੀਮ ਨਾਲ ਰਾਬਤਾ ਕਰ ਸਕਦਾ ਹੈ।

## ਉਲੰਪੀਅਨ ਪ੍ਰਭਜੋਤ ਸਿੰਘ ਦੇ ਨਾਂਅ 'ਤੇ ਬਣੇ ਹਾਕੀ ਸਟੇਡੀਅਮ ਦਾ ਸ਼ੈਰੀ ਕਲਸੀ ਵੱਲੋਂ ਉਦਘਾਟਨ



**ਬਟਾਲਾ, (ਡਾ. ਮਲਵਿੰਦਰ ਸਿੰਘ)**-ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਹਾਕੀ ਉਲੰਪੀਅਨ ਪ੍ਰਭਜੋਤ ਸਿੰਘ ਦੇ ਨਾਮ 'ਤੇ ਬਣੇ ਹਾਕੀ ਸਟੇਡੀਅਮ ਦਾ ਉਦਘਾਟਨ ਕੀਤਾ। ਇਸ ਮੌਕੇ ਡਾ. ਸ਼ਾਇਰੀ ਭੰਡਾਰੀ ਐੱਸਡੀਐੱਮ ਬਟਾਲਾ, ਉਲੰਪੀਅਨ ਪ੍ਰਭਜੋਤ ਸਿੰਘ ਦੇ ਪਿਤਾ ਸੇਵਾ ਸਿੰਘ, ਮਾਤਾ ਮਨਜਿੰਦਰ ਕੌਰ, ਅਭਿਸ਼ੇਕ ਵਰਮਾ ਤਹਿਸੀਲਦਾਰ ਬਟਾਲਾ, ਵਿਪਨ ਕੁਮਾਰ ਬੀਡੀਪੀਓ ਮੌਜੂਦ ਸਨ। ਇਸ ਮੌਕੇ ਸ਼ੈਰੀ ਕਲਸੀ ਨੇ ਕੌਮੀ ਖੇਡ ਦਿਵਸ ਦੀਆਂ ਸਾਰੇ ਖੇਡ ਪ੍ਰੇਮੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅੱਜ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ ਜਨਮ ਦਿਨ ਉੱਤੇ ਉਨ੍ਹਾਂ ਨੂੰ ਸਿਜਦਾ ਕਰਦਾ ਹੋਇਆ ਕੌਮੀ ਖੇਡ ਦਿਵਸ ਦੀ ਸਮੁੱਚੇ ਖੇਡ ਜਗਤ ਨੂੰ ਵਧਾਈ ਦਿੰਦਾ ਹਾਂ। ਉਨ੍ਹਾਂ ਅੱਗੇ ਕਿਹਾ ਕਿ ਸਾਡੇ ਲਈ ਖੁਸ਼ੀ ਦੀ ਗੱਲ ਹੈ ਕਿ ਮੁੱਖ ਮੰਤਰੀ ਮਾਨ ਵਲੋਂ ਬਠਿੰਡਾ ਵਿਖੇ ਖੇਡਾਂ ਵਤਨ ਪੰਜਾਬ ਦੀਆਂ ਦੇ ਸੀਜ਼ਨ-2 ਦਾ ਉਦਘਾਟਨ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਅੱਜ ਮੈਨੂੰ ਬਹੁਤ ਖੁਸ਼ੀ ਹੋਈ ਹੈ ਕਿ ਉਲੰਪੀਅਨ ਪ੍ਰਭਜੋਤ ਸਿੰਘ ਨੇ ਇਸ ਗਰਾਊਂਡ ਵਿੱਚੋਂ ਹਾਕੀ ਦੀ ਖੇਡ ਸ਼ੁਰੂ ਕੀਤੀ ਸੀ ਅਤੇ ਪੂਰੀ ਦੁਨੀਆਂ ਵਿੱਚ ਪਿੰਡ ਮਸਾਣੀਆਂ ਦੇ ਨਾਮ ਨੂੰ ਰੌਸ਼ਨ ਕੀਤਾ ਹੈ। ਇਸ ਮੌਕੇ ਸਰਪੰਚ ਹਰਵਿੰਦਰ ਸਿੰਘ, ਦਲੀਪ ਸਿੰਘ ਮਸਾਣੀਆਂ ਮੈਂਬਰ, ਨਿਰਭੈ ਸਿੰਘ, ਸਤਨਾਮ ਸਿੰਘ, ਸਲਵਿੰਦਰ ਸਿੰਘ ਡੁਬਈ ਵਾਲੇ, ਗਗਨ ਬਟਾਲਾ, ਮਲਕੀਤ ਸਿੰਘ, ਮਾਣਿਕ ਮਹਿਤਾ ਤੇ ਨਿੱਕੂ ਹੰਸਪਾਲ ਮੌਜੂਦ ਸਨ।

# ਮੰਗਾਂ ਨੂੰ ਲੈ ਕੇ ਆਸ਼ਾ ਵਰਕਰਾਂ ਨੇ ਪੰਜਾਬ ਸਰਕਾਰ ਖਿਲਾਫ ਕੀਤੀ ਨਾਅਰੇਬਾਜ਼ੀ



**ਕਲਾਨੌਰ (ਮਨਦੀਪ ਕੁਮਾਰ)**-ਆਸਾ ਵਰਕਰਾਂ ਤੇ ਯੂਨੀਅਨਾਂ ਵੱਲੋਂ ਬਲਾਕ ਪ੍ਰਧਾਨ ਰਾਜਵਿੰਦਰ ਕੌਰ ਦੀ ਅਗਵਾਈ ਹੇਠ ਅੱਜ ਕਮਿਊਨਿਟੀ ਹੈਲਥ ਸੈਂਟਰ ਕਲਾਨੌਰ ਵਿਖੇ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ ਜਿਸ ਵਿਚ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਕੌਰ ਅਲੀਸ਼ੇਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਯੂਨੀਅਨ ਵੱਲੋਂ ਸੀਨੀਅਰ ਮੈਡੀਕਲ ਅਫਸਰ ਡਾ: ਲਖਵਿੰਦਰ ਸਿੰਘ ਅਠਵਾਲ ਨੂੰ ਮੰਗ ਪੱਤਰ ਵੀ ਦਿੱਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਬਲਵਿੰਦਰ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਤੋਂ ਮੰਗ ਹੈ ਕਿ ਆਸ਼ਾ ਵਰਕਰਾਂ ਨੂੰ ਘੱਟੋ-ਘੱਟ 18 ਹਜ਼ਾਰ ਰੁਪਏ ਅਤੇ ਫੈਸਿਲੀਟੇਟਰਾਂ ਨੂੰ ਆਂਗਣਵਾੜੀ ਸੁਪਰਵਾਈਜ਼ਰਾਂ ਦੇ ਬਰਾਬਰ ਤਨਖਾਹ ਦਿੱਤੀ ਜਾਵੇ। ਈਪੀਐਫ ਕੱਟਿਆ ਜਾਵੇ, ਵਾਅਦੇ ਅਨੁਸਾਰ ਨਿਸ਼ਚਿਤ ਤਨਖਾਹਾਂ ਅਤੇ ਪ੍ਰੋਤਸਾਹਨ ਹਰ ਸਾਲ ਦੁੱਗਣਾ ਅਤੇ 20% ਵਧਾਇਆ ਜਾਣਾ ਚਾਹੀਦਾ ਹੈ। ਫੈਸਿਲੀਟੇਟਰਾਂ ਦਾ ਸਨਮਾਨ ਅਤੇ ਯਾਤਰਾ ਭੱਤਾ ਤਿੰਨ ਗੁਣਾ ਕੀਤਾ ਜਾਵੇ. ਪੰਜ ਲੱਖ ਦਾ ਮੁਫਤ ਬੀਮਾ ਅਤੇ ਜਣੇਪਾ ਛੁੱਟੀ ਦਾ ਨੋਟੀਫਿਕੇਸ਼ਨ ਤੁਰੰਤ ਜਾਰੀ ਕੀਤਾ ਜਾਵੇ, ਕੋਵਿਡ ਕਾਰਨ ਮਰਨ ਵਾਲੇ ਮਜ਼ਦੂਰਾਂ ਅਤੇ ਸੁਵਿਧਾ ਕਰਮਚਾਰੀਆਂ ਦੇ ਪਰਿਵਾਰਾਂ ਨੂੰ 50 ਲੱਖ ਦਾ ਮੁਆਵਜ਼ਾ ਦਿੱਤਾ ਜਾਵੇ, ਐਕਸ-ਗ੍ਰੇਸ਼ੀਆ ਦਿੱਤਾ ਜਾਵੇ, ਮੋਬਾਈਲ, ਵਰਦੀ ਅਤੇ ਕੱਪੜੇ ਧੋਣ ਦਾ ਭੱਤਾ ਨਕਦ ਦਿੱਤਾ ਜਾਵੇ, ਹਸਪਤਾਲਾਂ ਵਿੱਚ ਬਾਹਰੋਂ ਅਤੇ ਅੰਦਰ-ਅੰਦਰ ਇਲਾਜ ਬਿਲਕੁਲ ਮੁਫਤ ਕੀਤਾ ਜਾਵੇ, ਦੂਜੇ ਰਾਜਾਂ ਵਾਂਗ ਬਲਾਕ ਪੱਧਰ ਤੇ ਬਲਾਕ ਕਮਿਊਨਿਟੀ ਪ੍ਰੋਸੈਸ ਮੈਨੇਜਰ ਦਾ ਅਹੁਦਾ ਦਿੱਤਾ ਜਾਵੇ। ਇਸ ਮੌਕੇ ਕੁਲਜੀਤ ਕੌਰ, ਸੰਤੋਸ਼ ਕੁਮਾਰੀ, ਕੁਲਦੀਪ ਕੌਰ, ਸੁਰਜੀਤ ਕੌਰ, ਮਨਦੀਪ ਕੌਰ, ਪ੍ਰਵੇਸ ਕੁਮਾਰੀ, ਨਿਰਮਲਾ, ਰਾਜਵਿੰਦਰ ਕੌਰ, ਅੰਜੂ ਬਾਲਾ ਦਲਬੀਰੋ ਆਦਿ ਵੀ ਹਾਜ਼ਰ ਸਨ।

## ਸੰਤ ਸਿੰਘ ਸੁੱਖਾ ਸਿੰਘ ਸਕੂਲ 'ਚ ਰਾਸ਼ਟਰੀ ਖੇਡ ਦਿਵਸ ਮਨਾਇਆ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਦੀ ਖੇਡਾਂ ਵੱਲ ਰੁਚੀ ਪੈਦਾ ਕਰਨ ਲਈ ਇਲਾਕੇ ਦੀ ਮਾਣਮੱਤੀ ਸਿੱਖਿਆ ਸੰਸਥਾ ਸੰਤ ਸਿੰਘ ਸੁੱਖਾ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੂਹ ਵਿਖੇ ਪ੍ਰਿੰ. ਸੰਦੀਪ ਕੌਰ ਢਿੱਲੋਂ ਵੱਲੋਂ ਖੇਡਾਂ ਦਾ ਅਗਾਜ ਕਰਕੇ ਮੇਜਰ ਧਿਆਨ ਚੰਦ ਦੀ ਯਾਦ ਨੂੰ ਸਮਰਪਿਤ ਰਾਸ਼ਟਰੀ ਖੇਡ ਦਿਵਸ ਮਨਾਇਆ ਗਿਆ। ਫੋਰ ਐੱਸ ਸਕੂਲ ਦੇ ਐੱਨਸੀਸੀ ਦੇ ਕੈਡਿਟਸ ਅਤੇ ਕਈ ਹੋਰ ਖਿਡਾਰੀਆਂ ਨੇ ਵੀ ਭਾਗ ਲਿਆ। ਇਸ ਮੌਕੇ ਵਿਨੋਦ ਅਤੇ ਸਕੂਲ ਦੇ ਡੀ ਪੀ ਅਧਿਆਪਕਾ ਸੁਖਵਿੰਦਰ ਕੌਰ ਦੁਆਰਾ ਫੁੱਟਬਾਲ ਦੇ ਮੈਚ ਅਤੇ ਕਈ ਅਥਲੈਟਿਕ ਈਵੈਂਟਸ ਵੀ ਕਰਵਾਈਆਂ ਗਈਆਂ। ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸਤੀਸ਼ ਕੁਮਾਰ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ। ਅਜੋਕੇ ਪਦਾਰਥਵਾਦੀ ਯੁੱਗ ਵਿੱਚ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਨਾਲ ਜਿਥੇ ਮਾਨਸਿਕ ਰੂਪ ਵਿਚ ਬੱਚੇ ਵਿਕਸਿਤ ਹੋਣਗੇ ਉਥੇ ਨਰੋਈ ਸਿਹਤ ਨਾਲ ਰੋਗਾਂ ਤੋਂ ਰਹਿਤ ਹੋਣਗੇ। ਸਤੀਸ਼ ਕੁਮਾਰ ਨੇ ਬੱਚਿਆਂ ਨੂੰ ਵਿਰਾਸਤੀ ਖੇਡਾਂ ਤੋਂ ਜਾਣੂ ਕਰਵਾਉਂਦੇ ਹੋਏ ਬੱਚਿਆਂ ਨੂੰ ਰਵਾਇਤੀ ਖੇਡਾਂ ਵੱਲ ਵਿਸ਼ੇਸ਼ ਧਿਆਨ ਦੇਣ ਲਈ ਆਖਿਆ ਗਿਆ।

## ਆਰ ਡੀ ਖੋਸਲਾ ਸਕੂਲ 'ਚ ਰੱਖੜੀ ਦੇ ਤਿਉਹਾਰ 'ਤੇ ਲੱਗੀਆਂ ਰੌਣਕਾਂ




**ਬਟਾਲਾ (ਤਰਲੋਕ ਬੱਗਾ)**-ਆਰ. ਡੀ .ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਚ ਰੱਖੜੀ ਦਾ ਪਵਿੱਤਰ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਸਵੇਰ ਦੀ ਸਭਾ ਵਿੱਚ ਨੌਵੀਂ ਜਮਾਤ ਦੀ ਵਿਦਿਆਰਥਣ ਹਰਸ਼ਿਤਾ ਨੇ ਰੱਖੜੀ ਦੇ ਤਿਉਹਾਰ ਭਾਸ਼ਣ ਦਿੱਤਾ। ਅੱਠਵੀ ਜਮਾਤ ਦੀ ਵਿਦਿਆਰਥਣ ਸ਼ਫ਼ਲਪ੍ਰੀਤ ਕੌਰ ਨੇ ਰੱਖੜੀ ਤੇ ਬੜੀ ਸੁੰਦਰ ਕਵਿਤਾ ਪੇਸ਼ ਕੀਤੀ ਇਸ ਮੌਕੇ 'ਤੇ ਸਕੂਲ ਵਿੱਚ ਰੱਖੜੀ ਬਣਾਉਣ ਦਾ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਤੇ ਬੜੀਆਂ ਸੁੰਦਰ - ਸੁੰਦਰ ਰੱਖੜੀਆਂ ਦਾ ਨਿਰਮਾਣ ਕੀਤਾ। ਵਿਦਿਆਰਥਣਾਂ ਨੇ ਆਪਣੀਆਂ ਬਣਾਈਆਂ ਰੱਖੜੀਆਂ ਦੀ ਪ੍ਰਦਰਸ਼ਨੀ ਲਗਾਈ। ਸਕੂਲ ਚੇਅਰਮੈਨ ਅਰਵਿੰਦ ਖੋਸਲਾ, ਪ੍ਰੈਜ਼ੀਡੈਂਟ ਅਜੈ ਖੋਸਲਾ, ਪ੍ਰਿੰ. ਡਾਕਟਰ ਬਿੰਦੂ ਭੱਲਾ ਨੇ ਰੱਖੜੀ ਦੇ ਪਵਿੱਤਰ ਦਿਹਾੜੇ ਤੇ ਸਾਰਿਆਂ ਨੂੰ ਰੱਖੜੀ ਦੀਆਂ ਸ਼ੁਭਕਾਮਨਾਵਾਂ ਭੇਟ ਕਰਦੇ ਹੋਏ ਕਿਹਾ ਕਿ ਰੱਖੜੀ ਇੱਕ ਬੜਾ ਹੀ ਪਵਿੱਤਰ ਤਿਉਹਾਰ ਹੈ ਜੋ ਭੈਣ ਤੇ ਭਰਾ ਦੇ ਆਪਸੀ ਪਿਆਰ ਨੂੰ ਦਰਸਾਉਂਦਾ ਹੈ। ਉਨ੍ਹਾਂ ਨੇ ਕਿਹਾ ਕਿ ਸਾਨੂੰ ਇਸ ਮੌਕੇ ਉਨ੍ਹਾਂ ਵੀਰ ਸੈਨਿਕਾਂ ਲਈ ਵੀ ਅਰਦਾਸ ਕਰਨੀ ਚਾਹੀਦੀ ਹੈ ਜੋ ਸਾਡੀ ਰਾਖੀ ਦੇ ਲਈ ਸਰਹੱਦਾਂ ਤੇ ਮੁਸਤੈਦੀ ਦੇ ਨਾਲ ਤੈਨਾਤ ਹਨ। ਸਾਡੇ ਵੱਲੋਂ ਉਨ੍ਹਾਂ ਦੀ ਲੰਮੀ ਉਮਰ ਲਈ ਮੰਗੀ ਅਰਦਾਸ ਉਨ੍ਹਾਂ ਵਾਸਤੇ ਰੱਖੜੀ ਦਾ ਬੇਸ਼ਕੀਮਤੀ ਤੋਹਫਾ ਹੋਵੇਗੀ।

## ਸਰਕਾਰੀ ਪੌਲੀਟੈਕਨਿਕ ਕਾਲਜ ਤੇ ਆਰ ਆਰ ਬਾਵਾ ਡੀ ਏ ਵੀ ਕਾਲਜ ਵੱਲੋਂ ਐੱਮਓਯੂ ਸਾਈਨ



**ਬਟਾਲਾ, (ਡਾ. ਮਲਵਿੰਦਰ ਸਿੰਘ)**-ਸਥਾਨਕ ਸਰਕਾਰੀ ਪੌਲੀਟੈਕਨਿਕ ਕਾਲਜ ਬਟਾਲਾ ਦੇ ਪ੍ਰਿੰ. ਬਲਵਿੰਦਰ ਸਿੰਘ ਅਤੇ ਆਰ. ਆਰ. ਬਾਵਾ ਡੀਏਵੀ ਕਾਲਜ ਫਾਰ ਗਰਲਜ਼ ਬਟਾਲਾ ਦੇ ਪ੍ਰਿੰ. ਡਾ. ਏਕਤਾ ਖੋਸਲਾ ਦੀ ਯੋਗ ਅਗਵਾਈ ਹੇਠ ਦੋਵਾਂ ਨਾਮਵਰ ਸੰਸਥਾਵਾਂ ਨੇ ਐੱਮਓਯੂ ਸਾਈਨ ਕੀਤਾ। ਪੌਲੀਟੈਕਨਿਕ ਕਾਲਜ ਬਟਾਲਾ ਦੇ ਪਲੇਸਮੈਂਟ ਅਫਸਰ ਅਤੇ ਕੈਮੀਕਲ ਵਿਭਾਗ ਦੇ ਇੰਚਾਰਜ ਜਸਬੀਰ ਸਿੰਘ ਨੇ ਇਸ ਬਾਰੇ ਜਾਣਕਾਰੀ ਦੇਂਦਿਆਂ ਦੱਸਿਆ ਕਿ ਇਹ ਐੱਮਓਯੂ ਪੋਲੀਟੈਕਨਿਕ ਕਾਲਜ ਦੇ ਕੈਮੀਕਲ ਵਿਭਾਗ ਅਤੇ ਆਰ ਆਰ ਬਾਵਾ ਕਾਲਜ ਵੱਲੋਂ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਅਤੇ ਹਿੱਤਾਂ ਨੂੰ ਮੁੱਖ ਰੱਖਦਿਆਂ ਸਾਈਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਦੋਵਾਂ ਸੰਸਥਾਵਾਂ ਵੱਲੋਂ ਹੁਨਰ ਅਧਾਰਤ ਸਿਖਲਾਈ, ਸਿੱਖਿਆ ਅਤੇ ਖੋਜ ਲਈ ਲੋੜੀਂਦੀ ਅਧਿਅਨ ਸਮੱਗਰੀ ਅਤੇ ਉਦਮਿਤਾ ਦੇ ਖੇਤਰ ਵਿੱਚ ਸਾਂਝੇ ਤੌਰ 'ਤੇ ਯਤਨ ਕੀਤੇ ਜਾਣਗੇ। ਵਿਦਿਆਰਥੀ ਦੋਵਾਂ ਕਾਲਜਾਂ ਦੇ ਅਧਿਆਪਕਾਂ ਦੀ ਵਿਸ਼ਾ ਮੁਹਾਰਤ ਦਾ ਵੀ ਲਾਭ ਲੈ ਸਕਣਗੇ। ਪ੍ਰਿੰ. ਡਾ. ਏਕਤਾ ਖੋਸਲਾ ਨੇ ਆਸ ਜਤਾਈ ਕਿ ਜਲਦ ਹੀ ਸਾਂਝੇ ਤੌਰ 'ਤੇ ਗਤੀਵਿਧੀਆਂ ਦਾ ਪ੍ਰਬੰਧਨ ਕੀਤਾ ਜਾਵੇਗਾ ਅਤੇ ਵਿਦਿਆਰਥੀ ਇਸ ਦਾ ਪੂਰਾ ਲਾਭ ਲੈਣਗੇ। ਪ੍ਰਿੰ. ਬਲਵਿੰਦਰ ਸਿੰਘ ਨੇ ਸਭ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਪੋਲੀਟੈਕਨਿਕ ਕਾਲਜ ਦਾ ਸਮੂਹ ਸਟਾਫ ਵਿਦਿਆਰਥੀਆਂ ਦੀ ਬਿਹਤਰੀ ਲਈ ਹਮੇਸ਼ਾ ਯਤਨਸ਼ੀਲ ਹੈ ਅਤੇ ਅਜਿਹੇ ਸਮਝੌਤਿਆਂ ਲਈ ਕਾਲਜ ਦਾ ਰਵਈਆ ਹਮੇਸ਼ਾ ਹਾਂ-ਪੱਖੀ ਹੈ।

ਇਸ ਮੌਕੇ ਪ੍ਰਿੰ. ਡਾ. ਏਕਤਾ ਖੋਸਲਾ, ਅਫਸਰ ਇੰਚਾਰਜ ਕੈਮੀਕਲ ਵਿਭਾਗ ਜਸਬੀਰ ਸਿੰਘ ਤੋਂ ਇਲਾਵਾ ਮੈਡਮ ਏਕਤਾ ਭੰਡਾਰੀ, ਮੈਡਮ ਸ਼ਾਲਿਨੀ ਮਹਾਜਨ, ਮੈਡਮ ਰੇਖਾ ਅਤੇ ਮੈਡਮ ਰੰਜੂ ਸਲਹੋਤਰਾ ਵੀ ਮੌਜੂਦ ਸਨ।

## ਯਾਰੀਆਂ-2 ਫਿਲਮ 'ਚ ਸਿੱਖ ਵਿਰੋਧੀ ਦ੍ਰਿਸ਼ ਨੂੰ ਲੈ ਕੇ ਕਾਨੂੰਨੀ ਕਾਰਵਾਈ ਆਰੰਭ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਭਾਵਨਾਵਾਂ ਵਿਰੁੱਧ ਫਿਲਮਾਂਕਣ ਨੂੰ ਲੈ ਕੇ 'ਯਾਰੀਆਂ-2' ਫਿਲਮ ਖ਼ਿਲਾਫ਼ ਸਖ਼ਤ ਕਾਰਵਾਈ ਆਰੰਭ ਦਿੱਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੂੰ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਉਣ ਦੇ ਆਦੇਸ਼ ਦਿੱਤੇ ਹਨ। ਇਹ ਮਾਮਲਾ ਸਾਹਮਣੇ ਆਉਣ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਭਾਰਤ ਦੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੇ ਨਾਲ-ਨਾਲ ਆਈਟੀ ਮੰਤਰਾਲੇ ਅਤੇ ਕੇਂਦਰੀ ਫਿਲਮ ਸੈਂਸਰ ਬੋਰਡ ਪਾਸੋਂ ਇਸ ਫਿਲਮ 'ਤੇ ਤੁਰੰਤ ਰੋਕ ਲਗਾਉਣ ਦੀ ਮੰਗ ਕੀਤੀ ਗਈ ਸੀ। ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਜਤਾਇਆ ਹੈ ਕਿ 27 ਅਗਸਤ ਨੂੰ ਟੀ-ਸੀਰੀਜ਼ ਕੰਪਨੀ ਦੇ ਯੂਟਿਊਬ ਚੈਨਲ 'ਤੇ ਰਿਲੀਜ਼ ਕੀਤੇ ਗਏ ਇਸ ਫਿਲਮ ਦੇ ਇਕ ਗੀਤ ਵਿਚ ਸਿਰੋਂ ਮੋਨੇ ਅਤੇ ਕਲੀਨਸ਼ੇਵ ਅਦਾਕਾਰ ਨੂੰ ਸਿੱਖ ਕਕਾਰ (ਗਾਤਰਾ ਕਿਰਪਾਨ) ਪਹਿਨਾ ਕੇ ਫਿਲਮਾਂਕਣ ਦਰਸਾਇਆ ਗਿਆ ਹੈ। ਇਸ ਨਾਲ ਦੇਸ਼ ਦੁਨੀਆਂ ਅੰਦਰ ਵਸਦੀ ਸਿੱਖ ਕੌਮ ਦੀਆਂ ਭਾਵਨਾਵਾਂ ਭੜਕੀਆਂ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮਾਮਲੇ 'ਤੇ ਕਰੜਾ ਰੁਖ਼ ਅਖ਼ਤਿਆਰ ਕਰਦਿਆਂ ਕਾਨੂੰਨੀ ਕਾਰਵਾਈ ਦੇ ਨਿਰਦੇਸ਼ ਜਾਰੀ ਕੀਤੇ ਹਨ। ਇਸ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਵੱਲੋਂ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਨੂੰ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਲਈ ਸ਼ਿਕਾਇਤ ਵੀ ਭੇਜੀ ਗਈ ਹੈ।

## ਪਠਾਨਕੋਟ ਕਾਲਜ ਆਫ਼ ਐਜੂਕੇਸ਼ਨ ਪਠਾਨਕੋਟ ਦੇ ਡੀਪੀਈ ਐਡ (ਈਟੀਟੀ) ਦਾ ਨਤੀਜਾ ਸ਼ਾਨਦਾਰ

**ਗੁਰਦਾਸਪੁਰ, (ਜਨਕ ਮਹਾਜਨ)**- ਪਠਾਨਕੋਟ ਕਾਲਜ ਆਫ਼ ਐਜੂਕੇਸ਼ਨ ਪਠਾਨਕੋਟ ਦੇ ਡੀ.ਪੀ.ਈ. ਐਡ (ਈ.ਟੀ.ਟੀ.) ਦੇ ਦੂਜੇ ਸਮੈਸਟਰ ਦੇ ਵਿਦਿਆਰਥੀਆਂ ਦਾ ਨਤੀਜਾ ਐਲਾਨਿਆ ਗਿਆ ਜਿਸ ਵਿਚ ਬੱਚਿਆਂ ਨੇ ਵਧੀਆ ਪ੍ਰਦਰਸ਼ਨ ਕਰਕੇ ਕਾਲਜ ਅਤੇ ਆਪਣੇ ਮਾਪਿਆਂ ਤੋਂ ਇਲਾਵਾ ਕਾਲਜ ਸਟਾਫ਼ ਮੈਂਬਰਾਂ ਦਾ ਨਾਂਅ ਵੀ ਰੌਸ਼ਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਾਲਜ ਪ੍ਰਿੰ. ਡਾਕਟਰ ਰੁਪਿੰਦਰ ਕੌਰ ਨੇ ਦੱਸਿਆ ਕਿ ਕਾਲਜ ਵਿਦਿਆਰਥਣ ਸਪਨਾ ਦੇਵੀ ਨੇ 78.2 ਫ਼ੀਸਦੀ ਅੰਕ ਲੈ ਕੇ ਕਾਲਜ ਵਿਚੋਂ ਪਹਿਲਾ ਸਥਾਨ, ਅਸ਼ੋਕ ਕੁਮਾਰ ਨੇ 77.8 ਫ਼ੀਸਦੀ ਅੰਕ ਲੈ ਕੇ ਦੂਜਾ ਸਥਾਨ ਤੇ ਗੁਰਪ੍ਰੀਤ ਨੇ 77 ਫ਼ੀਸਦੀ ਅੰਕ ਹਾਸਲ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ। ਪ੍ਰਿੰਸੀਪਲ ਨੇ ਦੱਸਿਆ ਕਿ ਬਾਕੀ ਦੇ ਵਿਦਿਆਰਥੀਆਂ ਨੇ 70 ਫ਼ੀਸਦੀ ਤੋਂ ਵੱਧ ਅੰਕ ਲੈ ਕੇ ਪ੍ਰੀਖਿਆ ਪਾਸ ਕੀਤੀ ਹੈ। ਪ੍ਰਿੰ. ਡਾ. ਰੁਪਿੰਦਰ ਕੌਰ ਨੇ ਵਧੀਆ ਨਤੀਜੇ ਆਉਣ 'ਤੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਅਗਾਂਹ ਤੋਂ ਹੋਰ ਮਿਹਨਤ ਕਰਕੇ ਚੰਗੇ ਅੰਕ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਕਾਲਜ ਮੈਨੇਜਮੈਂਟ ਕਮੇਟੀ ਮੈਂਬਰ ਡਾ. ਵਿਨੋਦ ਮਹਾਜਨ ਨੇ ਵਿਦਿਆਰਥੀਆਂ ਅਤੇ ਸਟਾਫ਼ ਨੂੰ ਆਪਣੇ ਇਲਾਕੇ ਵਿਚ ਵਧੀਆ ਨਤੀਜਾ ਆਉਣ 'ਤੇ ਵਧਾਈ ਦਿੱਤੀ। ਇਸ ਮੌਕੇ ਪ੍ਰੋਫੈਸਰ ਰਵੀਸ਼ੰਕਰ ਨੇ ਕਲਾਸ ਇੰਚਾਰਜ ਰਜਨੀਸ਼ ਬਾਲਾ ਨੂੰ ਵੀ ਵਧਾਈ ਦਿੱਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਧੀ, ਉਮਾ ਸ਼ਰਮਾ, ਪੂਜਾ ਜਯੋਤੀ, ਅਤੁਲ ਅਗਰਵਾਲ ਆਦਿ ਹਾਜ਼ਰ ਸਨ।



## 'ਮੇਰੀ ਮਾਟੀ ਮੇਰਾ ਦੇਸ਼' ਮੁਹਿੰਮ ਤਹਿਤ ਸਕੂਲ 'ਚ ਬੂਟੇ ਲਗਾਏ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਚੀਫ਼ ਖਾਲਸਾ ਦੀਵਾਨ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ ਸੀਬੀਐੱਸਸੀ ਵਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ 'ਵੰਨ ਚਾਈਲਡ ਵੰਨ ਪਲਾਂਟ' ਮੁਹਿੰਮ ਤਹਿਤ ਬੱਚਿਆਂ ਨੂੰ ਘਰ ਅਤੇ ਸਕੂਲ ਵਿੱਚ ਬੂਟੇ ਲਗਾਉਣ ਲਈ ਉਤਸ਼ਾਹਿਤ ਕੀਤਾ ਗਿਆ। 'ਮੇਰੀ ਮਾਟੀ ਮੇਰਾ ਦੇਸ਼' ਮੁਹਿੰਮ ਤਹਿਤ ਸਕੂਲ ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਮਿਲ ਕੇ ਸਕੂਲ ਦੀ ਅੰਮ੍ਰਿਤ ਵਾਟਿਕਾ ਵਿੱਚ 75 ਕਿਸਮ ਦੇ ਵੱਖ-ਵੱਖ ਬੂਟੇ ਲਗਾਏ ਗਏ। ਇਸ ਸੰਬੰਧ ਵਿਚ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਲਵਲੀਨ ਕੌਰ ਵੱਲੋਂ ਆਪਣੇ ਭਾਸ਼ਣ ਰਾਹੀਂ ਮਨੁੱਖੀ ਜੀਵਨ ਵਿੱਚ ਪੌਦਿਆਂ ਦੀ ਮਹੱਤਤਾ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ। ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਜਤਿੰਦਰਬੀਰ ਸਿੰਘ ਬਹਿਲ, ਰਮਣੀਕ ਸਿੰਘ ਫਰੀਡਮ, ਪ੍ਰਿੰ. ਅਨੂਰੀਤ ਬਾਵਾ ਅਤੇ ਸਕੂਲ ਦੇ ਹੈੱਡ ਮਿਸਟਰੈੱਸ ਸਿਮਰਪ੍ਰੀਤ ਕੌਰ ਵੱਲੋਂ ਬੱਚਿਆਂ ਨੂੰ ਆਪਣੇ ਜੀਵਨ ਵਿੱਚ ਵੱਧ ਤੋਂ ਵੱਧ ਬੂਟੇ ਲਗਾਉਣ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਕੇ ਵਾਤਾਵਰਣ ਨੂੰ ਸਾਫ਼.- ਸੁਥਰਾ ਬਣਾਉਣ ਵਿੱਚ ਆਪਣਾ ਯੋਗਦਾਨ ਦੇਣ ਲਈ ਉਤਸ਼ਾਹਿਤ ਕੀਤਾ ਗਿਆ। ਇਸ ਸਮੇਂ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

## ਮਿਸ਼ਨ ਸਮਰੱਥ ਤਹਿਤ ਲੱਗੀਆਂ ਦੋ ਰੋਜ਼ਾ ਅਧਿਆਪਕ ਵਰਕਸ਼ਾਪਾਂ ਸੰਪੰਨ



**ਪਠਾਨਕੋਟ, (ਬਲਵਿੰਦਰ ਸਿੰਘ ਬਿੱਲਾ)**-ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਦੇ ਚੰਗੇਰੇ ਭਵਿੱਖ ਲਈ ਸ਼ੁਰੂ ਕੀਤੇ ਮਿਸ਼ਨ ਸਮਰੱਥ ਤੋਂ ਪੂਰੀ ਤਰ੍ਹਾਂ ਜਾਣੂੰ ਕਰਵਾਉਣ ਲਈ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀਜੀ ਸਿੰਘ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਸੱਤ ਬਲਾਕਾਂ ਵਿੱਚ ਆਯੋਜਿਤ ਦੋ ਰੋਜ਼ਾ ਵਰਕਸ਼ਾਪਾਂ ਸਿੱਖਣ-ਸਿਖਾਉਣ ਦੀਆਂ ਗਤੀਵਿਧੀਆਂ ਨਾਲ ਸਮਾਪਤ ਹੋਈਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਮਲਦੀਪ ਕੌਰ ਅਤੇ ਡੀਜੀ ਸਿੰਘ ਵੱਲੋਂ ਵੀ ਵੱਖ-ਵੱਖ ਬਲਾਕਾਂ ਵਿੱਚ ਇਨ੍ਹਾਂ ਵਰਕਸ਼ਾਪਾਂ ਵਿੱਚ ਸ਼ਿਰਕਤ ਕਰਕੇ ਅਧਿਆਪਕਾਂ ਨੂੰ ਆਪਣੀ ਡਿਊਟੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਬਲਾਕ ਪੱਧਰੀ ਇਨ੍ਹਾਂ ਵਰਕਸ਼ਾਪਾਂ ਦੇ ਪਹਿਲੇ ਗੇੜ ਵਿੱਚ ਰਿਸੋਰਸਪਰਸਨ ਵੱਲੋਂ 7 ਟ੍ਰੇਨਿੰਗ ਸਥਾਨਾਂ 'ਤੇ 276 ਅਧਿਆਪਕਾਂ ਨੂੰ ਤੀਸਰੀ ਤੋਂ ਪੰਜਵੀਂ ਜਮਾਤ ਦੇ ਬੱਚਿਆਂ ਨੂੰ ਗਣਿਤ, ਪੰਜਾਬੀ, ਅੰਗਰੇਜ਼ੀ ਦੀਆਂ ਮੁੱਢਲੀਆਂ ਕੁਸ਼ਲਤਾਵਾਂ ਵਿੱਚ ਸਮਰੱਥ ਬਣਾਉਣ ਦੇ ਲਈ ਵੱਖ-ਵੱਖ ਗਤੀਵਿਧੀਆਂ ਤੋਂ ਇਲਾਵਾ ਪ੍ਰੋਜੈਕਟ ਮਿਸ਼ਨ ਸਮਰੱਥ ਦੇ ਟੀਚਿਆਂ ਤੇ ਉਨ੍ਹਾਂ ਨੂੰ ਪੂਰਾ ਕਰਨ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਮੁੱਢਲੀਆ ਕਿਰਿਆਵਾਂ ਦੇ ਸਮਰੱਥ ਬਣਾਉਣ ਲਈ ਵਿਸ਼ੇਸ਼ ਤੌਰ 'ਤੇ ਸਿਖਲਾਈ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ 17 ਤੋਂ 25 ਅਗਸਤ ਤੱਕ ਜ਼ਿਲ੍ਹਾ ਪੱਧਰੀ ਟ੍ਰੇਨਿੰਗ ਵਿੱਚ ਵੱਖ-ਵੱਖ ਬਲਾਕਾਂ ਦੇ ਕੁੱਲ 28 ਰਿਸੋਰਸਪਰਸਨਜ਼ ਅਤੇ ਬੀਆਰਸੀ ਧਾਰ-2 ਵਿੱਚ ਜ਼ਿਲ੍ਹਾ ਰਿਸੋਰਸਪਰਸਨ ਨਵਜੀਵਨ ਸਿੰਘ, ਯੋਗੇਸ਼ ਕੁਮਾਰ, ਬੀਨੂੰ ਪ੍ਰਤਾਪ ਸਿੰਘ ਅਤੇ ਰਾਜੇਸ਼ ਕੁਮਾਰ ਤੋਂ ਟ੍ਰੇਨਿੰਗ ਪ੍ਰਾਪਤ ਕੀਤੀ। ਇਸ ਮੌਕੇ ਬੀਪੀਈਓ ਨਰੇਸ਼ ਪਨਿਆੜ, ਬੀਪੀਈਓ ਪੰਕਜ ਅਰੋੜਾ, ਬੀਪੀਈਓ ਕੁਲਦੀਪ ਸਿੰਘ, ਬੀਪੀਈਓ ਰਾਕੇਸ਼ ਕੁਮਾਰ, ਜ਼ਿਲ੍ਹਾ ਕੋਆਰਡੀਨੇਟਰ 'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ' ਵਨੀਤ ਮਹਾਜਨ ਆਦਿ ਹਾਜ਼ਰ ਸਨ।

## ਬਾਬਾ ਬਲਬੀਰ ਸਿੰਘ ਅਕਾਲੀ ਦੀ ਯੂਕੇ ਫੇਰੀ ਨੂੰ ਸਿੱਖ ਸੰਗਤਾਂ ਵੱਲੋਂ ਮਿਲਿਆ ਇਤਿਹਾਸਕ ਹੁੰਗਾਰਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਆਪਣੀ ਯੂਕੇ ਦੀ ਧਾਰਮਿਕ ਯਾਤਰਾ ਸਮੇਂ ਗੁਰਦੁਆਰਾ ਅੰਮ੍ਰਿਤ ਪ੍ਰਚਾਰ ਦੀਵਾਨ ਓਲਡਬਰੀ, ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਬਰਮਿੰਘਮ ਅਤੇ ਗੁਰਦੁਆਰਾ ਹਰਿਰਾਏ ਸਾਹਿਬ ਵੈਸਟ ਬਰੋਵਿਚ ਵਿਖੇ ਪੁੱਜੇ। ਗੁ: ਹਰਿਰਾਏ ਸਾਹਿਬ ਦੇ ਪਿੱਛੇ ਵਿਸ਼ਾਲ ਪਾਰਕ ਵਿਚ ਕੀਤੇ ਗੁਰਮਤਿ ਸਮਾਗਮਾਂ ਸਮੇਂ ਸੰਗਤਾਂ ਨੇ ਵੱਧ ਚੜ੍ਹ ਕੇ ਹਾਜ਼ਰੀ ਭਰੀ। ਇਹ ਸਮਾਗਮ ਹਰ ਸਾਲ ਦੀ ਤਰ੍ਹਾਂ ਸੰਤ ਕਰਤਾਰ ਸਿੰਘ ਮੁਖੀ ਦਮਦਮੀ ਟਕਸਾਲ ਅਤੇ ਸੰਤ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਦੀ ਯਾਦ ਨੂੰ ਸਮਰਪਿਤ ਸਨ। ਇਸ ਸਮਾਗਮ ਦੇ ਪ੍ਰਬੰਧਕ ਸੰਤ ਭਗਵਾਨ ਸਿੰਘ ਬੇਗੋਵਾਲ, ਬਾਬਾ ਹਰਜਿੰਦਰ ਸਿੰਘ ਖੇਲਾ ਅਤੇ ਟਕਸਾਲ ਦੇ ਭੁਜੰਗੀਆਂ ਨੇ ਸਮਰਪਿਤ ਭਾਵਨਾ ਨਾਲ ਸੰਗਤਾਂ ਦੀ ਸੇਵਾ ਕੀਤੀ। ਇਨ੍ਹਾਂ ਸਮਾਗਮਾਂ ਵਿੱਚ ਬਾਬਾ ਬਲਬੀਰ ਸਿੰਘ 96 ਕਰੋੜੀ ਅਤੇ ਸੰਤ ਹਰੀ ਸਿੰਘ ਰੰਧਾਵੇ ਵਾਲੇ, ਬਾਬਾ ਬਲਦੇਵ ਸਿੰਘ ਜੋਗੇਵਾਲ ਵਿਸ਼ੇਸ਼ ਤੌਰ 'ਤੇ ਪੁੱਜੇ। ਸਮਾਗਮ ਵਿੱਚ ਗੁਰੂ ਸਾਹਿਬਾਨ ਅਤੇ ਸਿੱਖ ਜਰਨੈਲਾਂ ਦੇ ਸ਼ਸਤਰਾਂ ਦੀ ਆਮਦ ਮੌਕੇ ਸੰਗਤਾਂ ਨੇ ਫੁੱਲਾਂ ਦੀ ਵਰਖਾ ਕਰਕੇ ਅਤੇ ਜੈਕਾਰਿਆਂ ਨਾਲ ਸਵਾਗਤ ਕੀਤਾ। ਵਰਨਣਯੋਗ ਹੈ ਕਿ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਯੂਕੇ ਫੇਰੀ ਨੂੰ ਸਿੱਖ ਸੰਗਤਾਂ ਵੱਲੋਂ ਇਤਿਹਾਸਕ ਹੁੰਗਾਰਾ ਮਿਲਿਆ। ਇਸ ਮੌਕੇ ਸੰਤ ਭਗਵਾਨ ਸਿੰਘ ਬੇਗੋਵਾਲ, ਬਾਬਾ ਮਨਪ੍ਰੀਤ ਸਿੰਘ ਅਲੀਪੁਰ ਖਾਲਸਾ, ਸੰਤ ਹਰੀ ਸਿੰਘ ਰੰਧਾਵੇ ਵਾਲਿਆਂ ਨੇ ਬਾਬਾ ਬਲਬੀਰ ਸਿੰਘ ਦਾ ਭਰਵਾਂ ਸਨਮਾਨ ਕੀਤਾ। ਉਪਰੰਤ ਵੱਖ-ਵੱਖ ਜਥਿਆਂ ਨੇ ਰਾਤਰੀ ਰੈਣ ਸਬਾਈ ਕੀਰਤਨ ਕੀਤਾ। ਇਸ ਸਮੇਂ ਦਲਜੀਤ ਸਿੰਘ ਸਹੋਤਾ, ਗਿਆਨੀ ਭਗਵਾਨ ਸਿੰਘ ਜੌਹਲ, ਬਾਬਾ ਜਸਵਿੰਦਰ ਸਿੰਘ ਜੱਸੀ ਇੰਚਾਰਜ ਬੁੱਢਾ ਦਲ ਅਮਰੀਕਾ, ਬਾਬਾ ਹਰਜੀਤ ਸਿੰਘ, ਭੁਪਿੰਦਰ ਸਿੰਘ ਅਤੇ ਕਿਰਤਰਾਜ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਡੇਂਗੂ/ਮਲੇਰੀਆ ਤੋਂ ਬਚਾਅ ਲਈ ਫੌਗਿੰਗ ਤੇ ਸਪਰੇਅ ਮੁਹਿੰਮ ਪੂਰੇ ਜ਼ੋਰਾਂ 'ਤੇ : ਡੀ ਸੀ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਦੇ ਸ਼ਹਿਰੀ ਖੇਤਰਾਂ ਵਿੱਚ ਡੇਂਗੂ ਅਤੇ ਮਲੇਰੀਆ ਦੀ ਰੋਕਥਾਮ ਲਈ ਸਮੂਹ ਨਗਰ ਕੌਂਸਲਾਂ ਅਤੇ ਨਗਰ ਨਿਗਮ ਬਟਾਲਾ ਦੀਆਂ ਟੀਮਾਂ ਵੱਲੋਂ ਫੌਗਿੰਗ ਅਤੇ ਸਪਰੇਅ ਕਰਨ ਦੀ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸ ਸਬੰਧੀ ਸ਼ਹਿਰੀ ਖੇਤਰਾਂ ਵਿੱਚ ਫੌਗਿੰਗ ਦੀਆਂ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ ਹੈ ਜੋ ਰੋਜ਼ਾਨਾ ਹਰ ਵਾਰਡ ਵਾਈਜ਼ ਫੌਗਿੰਗ ਕਰ ਰਹੀਆਂ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਡੇਂਗੂ, ਮਲੇਰੀਆ ਦੀ ਰੋਕਥਾਮ ਲਈ ਵਿਸ਼ੇਸ਼ ਸਾਵਧਾਨੀ ਵਰਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਿਥੇ ਸਿਹਤ ਵਿਭਾਗ ਵੱਲੋਂ ਜ਼ਿਲ੍ਹੇ ਵਿੱਚ ਵੱਖ-ਵੱਖ ਪਿੰਡਾਂ-ਸ਼ਹਿਰਾਂ ਵਿੱਚ ਫੌਗਿੰਗ ਤੇ ਮੱਛਰ ਮਾਰਨ ਵਾਲੀ ਦਵਾਈ ਦੀ ਸਪਰੇਅ ਕੀਤੀ ਜਾ ਰਹੀ ਹੈ ਓਥੇ ਨਾਲ ਹੀ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਸ਼ਹਿਰਾਂ ਵਿੱਚ ਮੱਛਰਾਂ ਦੇ ਖਾਤਮੇ ਲਈ ਵਿਸ਼ੇਸ਼ ਮੁਹਿੰਮ ਅਰੰਭੀ ਗਈ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀਆਂ ਸਮੂਹ ਨਗਰ ਕੌਂਸਲਾਂ ਅਤੇ ਨਗਰ ਨਿਗਮ ਬਟਾਲਾ ਵੱਲੋਂ ਵਾਰਡ ਵਾਈਜ਼ ਪਲਾਨ ਬਣਾ ਕੇ ਰੋਜ਼ਾਨਾਂ ਫੌਗਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਬਟਾਲਾ ਅਤੇ ਨਗਰ ਕੌਂਸਲਾਂ ਦੇ ਅਧਿਕਾਰੀਆਂ ਵੱਲੋਂ ਇਸਦੀ ਨਿਗਰਾਨੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸਦੇ ਨਾਲ ਹੀ ਲੋਕਾਂ ਨੂੰ ਵੀ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸ਼ਹਿਰ ਦੇ ਕਿਸੇ ਵੀ ਖੇਤਰ ਵਿੱਚ ਫੌਗਿੰਗ ਕਰਨ ਵਾਲੀ ਟੀਮ ਨਹੀਂ ਪਹੁੰਚੀ ਜਾਂ ਕਿਤੇ ਦੁਬਾਰਾ ਵੀ ਫੌਗਿੰਗ ਦੀ ਲੋੜ ਹੈ ਤਾਂ ਉਹ ਸਬੰਧਤ ਨਗਰ ਕੌਂਸਲ, ਨਗਰ ਨਿਗਮ ਦੇ ਦਫ਼ਤਰ ਜਾਂ ਜ਼ਿਲ੍ਹਾ ਪ੍ਰਸ਼ਾਸਨ ਦੇ ਸੋਸ਼ਲ ਮੀਡੀਆ ਹੈਂਡਲਜ਼ (dc gurdaspur facebook page) ਉਪਰ ਵੀ ਸੰਪਰਕ ਕਰ ਸਕਦੇ ਹਨ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਆਪਣੇ ਆਲੇ-ਦੁਆਲੇ ਦੇ ਪਾਣੀ ਨਾ ਖੜ੍ਹਾ ਹੋਣ ਦੇਣ ਅਤੇ ਸਾਫ਼-ਸਫ਼ਾਈ ਨੂੰ ਯਕੀਨੀ ਬਣਾਉਣ। ਆਪਣੇ ਘਰਾਂ ਦੀਆਂ ਛੱਤਾਂ 'ਤੇ ਪਏ ਪੁਰਾਣੇ ਟਾਇਰਾਂ, ਕਬਾੜ ਦਾ ਸਾਮਾਨ, ਗਮਲਿਆਂ, ਕੂਲਰਾਂ ਅਤੇ ਫਰਿਜਾਂ ਵਿਚਲੇ ਪਾਣੀ ਨੂੰ ਸਾਫ਼ ਕਰਨ ਤਾਂ ਜੋ ਓਥੇ ਮੱਛਰ ਪੈਦਾ ਨਾ ਹੋ ਸਕਣ। ਉਨ੍ਹਾਂ ਕਿਹਾ ਕਿ ਸਾਂਝੇ ਯਤਨਾਂ ਸਦਕਾ ਅਸੀਂ ਡੇਂਗੂ, ਮਲੇਰੀਆ ਵਰਗੀਆਂ ਬਿਮਾਰੀਆਂ ਨੂੰ ਰੋਕਣ ਵਿੱਚ ਆਸਾਨੀ ਨਾਲ ਕਾਮਯਾਬ ਹੋ ਸਕਦੇ ਹਾਂ।

## ਸੱਤ ਰੋਜ਼ਾ ਰੁਜ਼ਗਾਰ ਤੇ ਜੀਵਨ ਕੌਸ਼ਲ ਸਿਖਲਾਈ ਪ੍ਰੋਗਰਾਮ ਸਫਲਤਾਪੂਰਵਕ ਸੰਪੰਨ




**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਗੁਰੂ ਅਰਜਨ ਦੇਵ ਖਾਲਸਾ ਕਾਲਜ ਵਿੱਚ ਸੁਖਮਿੰਦਰ ਸਿੰਘ ਸਕੱਤਰ ਵਿੱਦਿਆ/ਡਾਇਰੈਕਟਰ ਵਿੱਦਿਆ ਦੀ ਉਸਾਰੂ ਸੋਚ ਸਦਕਾ ਵਿਦਿਆਰਥੀਆਂ ਨੂੰ ਪਲੇਸਮੈਂਟ ਲਈ ਲੋੜੀਂਦੀ ਤਿਆਰੀ ਕਰਾਉਣ ਹਿੱਤ ਮਹਿੰਦਰਾ ਐਂਡ ਮਹਿੰਦਰਾ ਕੰਪਨੀ ਨੇ ਮਹਿੰਦਰਾ ਪਰਾਈਡ ਕਲਾਸ ਰਾਹੀਂ ਟ੍ਰੇਨਰ ਮਿਸ ਭਾਰਤੀ ਚੱਢਾ ਵੱਲੋਂ ਮਿਤੀ 24-8-23 ਤੋਂ 30-8-23 ਤਕ ਵਿਦਿਆਰਥਣਾਂ ਲਈ ਫ੍ਰੀ ਸਾਫਟ ਸਕਿੱਲ ਟ੍ਰੇਨਿੰਗ ਲਗਾਉਣ ਦਾ ਉਪਰਾਲਾ ਕੀਤਾ ਗਿਆ ਜਿਸ ਵਿੱਚ ਵਿਦਿਆਰਥਣਾਂ ਨੂੰ ਪਰਸਨੈਲਿਟੀ ਡਿਵਲਪਮੈਂਟ, ਰਿਜ਼ਿਊਮ ਲਿਖਣਾ, ਸਮੂਹ ਵਿਚਾਰ ਵਟਾਂਦਰਾ ਕਰਨ, ਇੰਟਰਵਿਊ ਵਿੱਚ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਆਦਿ ਸੰਬੰਧੀ ਬਹੁਤ ਬਾਰੀਕੀ ਨਾਲ ਨੁਕਤੇ ਸਾਂਝੇ ਕੀਤੇ। 30.8.23 ਨੂੰ ਸਮਾਪਤੀ ਸਮਾਰੋਹ ਮੌਕੇ ਵਿਦਿਆਰਥਣਾਂ ਨੇ 7 ਦਿਨ ਦੀ ਟ੍ਰੇਨਿੰਗ ਬਾਅਦ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਇਸ ਟ੍ਰੇਨਿੰਗ ਨਾਲ ਉਨ੍ਹਾਂ ਵਿੱਚ ਸਵੈ-ਵਿਸ਼ਵਾਸ ਪੈਦਾ ਹੋਇਆ ਹੈ। ਕਾਲਜ ਦੇ ਪ੍ਰੋ. ਹਿੰਮਤ ਸਿੰਘ ਨੇ ਇਸ ਫ੍ਰੀ ਟ੍ਰੇਨਿੰਗ ਲਈ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੁਖਮਿੰਦਰ ਸਿੰਘ ਸਕੱਤਰ ਵਿੱਦਿਆ ਦਾ ਧੰਨਵਾਦ ਕਰਦਿਆਂ ਵਿਦਿਆਰਥੀਆਂ ਦੀ ਪਲੇਸਮੈਂਟ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਅੱਗੇ ਆ ਕੇ ਆਪਣਾ ਸਵੈ-ਵਿਸ਼ਵਾਸ ਵਿਕਸਿਤ ਕਰਨ ਲਈ ਪ੍ਰੇਰਿਤ ਕੀਤਾ। ਕਾਲਜ ਪੈਲੇਸਮੈਂਟ ਦੇ ਇੰਚਾਰਜ ਸਾਹਿਬ ਸਿੰਘ ਨੇ ਵੀ ਇਸ 6 ਦਿਨ ਦੀ ਟ੍ਰੇਨਿੰਗ ਵਿੱਚ ਅਹਿਮ ਭੂਮਿਕਾ ਨਿਭਾਈ।

ਕੰਪਨੀ ਵੱਲੋਂ ਇਸ ਟ੍ਰੇਨਿੰਗ ਵਿੱਚ ਤਿੰਨ ਵਿਦਿਆਰਥੀਆਂ ਨੂੰ ਚੁਣ ਕੇ ਸਨਮਾਨਿਤ ਕੀਤਾ ਗਿਆ। ਕਾਲਜ ਦੇ ਪ੍ਰੋ. ਹਿੰਮਤ ਸਿੰਘ ਤੇ ਡਾ. ਜਤਿੰਦਰ ਕੌਰ ਨੇ ਮਿਸ ਭਾਰਤੀ ਚੱਢਾ ਨੂੰ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਕੀਤਾ। ਇਸ ਮੌਕੇ ਕਾਲਜ ਦੇ ਸਟਾਫ ਮੈਂਬਰ ਜਗਜੀਤ ਸਿੰਘ, ਬਲਜਿੰਦਰ ਸਿੰਘ, ਵੀਰਪਾਲ ਸਿੰਘ ਅਤੇ ਮੈਡਮ ਤ੍ਰਿਪਤ ਕੌਰ ਹਾਜ਼ਰ ਸਨ।

## ਮਾਊਂਟ ਲਿਟਰਾ ਜ਼ੀ ਸਕੂਲ ਦੇ ਬੱਚਿਆਂ ਨੇ ਡੀਸੀ ਨੂੰ ਬੰਨ੍ਹੀ ਰੱਖੜੀ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਤਰਨ ਤਾਰਨ ਸ਼ਹਿਰ ਦੇ ਮਸ਼ਹੂਰ ਸਕੂਲ ਮਾਊਂਟ ਲਿਟਰਾ ਜ਼ੀ ਸਕੂਲ ਵਿੱਚ ਰੱਖੜੀ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਪੰਜਾਬੀ ਅਧਿਆਪਕ ਦਲਜੀਤ ਕੌਰ ਨੇ ਬੱਚਿਆਂ ਨੂੰ ਰੱਖੜੀ ਦੇ ਤਿਉਹਾਰ ਬਾਰੇ ਦੱਸਿਆ ਕਿ ਜਦੋਂ ਦਰੋਪਦੀ ਨੇ ਸ਼੍ਰੀ ਕ੍ਰਿਸ਼ਨ ਦੀ ਉਂਗਲ ਦੇ ਜ਼ਖ਼ਮ ਉੱਪਰ ਆਪਣੀ ਸਾੜ੍ਹੀ ਤੋਂ ਲੀਰ ਫਾੜ ਕੇ ਪੱਟੀ ਬੰਨ੍ਹੀ ਤਾਂ ਉਨ੍ਹਾਂ ਦਾ ਖ਼ੂਨ ਵਗਣਾ ਰੁਕ ਗਿਆ ਅਤੇ ਇਸ ਨੂੰ ਪਵਿੱਤਰ ਧਾਗੇ ਦਾ ਨਾਮ ਦਿੱਤਾ ਗਿਆ। ਉਦੋਂ ਤੋਂ ਹੀ ਭੈਣ-ਭਰਾ ਰੱਖਿਆ ਸੂਤਰ ਦੇ ਆਧਾਰ ਉਤੇ ਰੱਖੜੀ ਮਨਾਉਣ ਲੱਗ ਪਏ। ਇਸ ਮੌਕੇ ਛੋਟੇ-ਛੋਟੇ ਬੱਚਿਆਂ ਨੇ ਭੈਣ ਭਰਾ ਦੇ ਪਿਆਰ ਨੂੰ ਦਰਸਾਉਂਦਾ ਇਕ ਡਾਂਸ ਪੇਸ਼ ਕੀਤਾ, ਜੋ ਕਿ ਡਾਂਸ ਟੀਚਰ ਡੇਵਿਡ ਨੇ ਤਿਆਰ ਕਰਵਾਇਆ ਸੀ। ਸੰਗੀਤ ਅਧਿਆਪਿਕਾ ਹਰਮਨਦੀਪ ਕੌਰ ਦੀ ਅਗਵਾਈ ਹੇਠ ਸਭ ਧਰਮਾਂ ਨੂੰ ਸਮਰਪਿਤ ਗਾਇਨ ਪੇਸ਼ ਕੀਤਾ ਗਿਆ।

ਸਕੂਲ ਦੇ ਹੈਡ ਬੁਆਏ ਉਦੈ ਸਿੰਘ ਅਤੇ ਹੈਡ ਗਰਲ ਖੁਸ਼ਪ੍ਰੀਤ ਕੌਰ ਅਤੇ ਕਸ਼ਿਸ਼, ਹਰਲੀਨ ਕੌਰ, ਅਭੈਰਾਜ ਸਿੰਘ ਨੇ ਡੀ.ਸੀ. ਸਾਹਿਬ ਸੰਦੀਪ ਕੁਮਾਰ, ਜ਼ਿਲ੍ਹਾ ਸਪੋਰਟਸ ਅਫ਼ਸਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਵੀ ਰੱਖੜੀ ਬੰਨ੍ਹੀ। ਪ੍ਰਿੰਸੀਪਲ ਗਗਨ ਸ਼ਰਮਾ ਅਤੇ ਦਲਜੀਤ ਕੌਰ ਨੇ ਸਭ ਨੂੰ ਸ਼ੁਭਇੱਛਾਵਾਂ ਦਿੱਤੀਆਂ।

## ਬੱਬਰੀ ਨੰਗਲ ਵਿਖੇ ਲੱਗਾ ਮੁਫਤ ਮੈਗਾ ਮੈਡੀਕਲ ਕੈਂਪ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪਿੰਡ ਬੱਬਰੀ ਨੰਗਲ ਵਿਖੇ ਸਿਹਤ ਵਿਭਾਗ ਵੱਲੋਂ ਮੁਫਤ ਮੈਗਾ ਮੈਡੀਕਲ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਕੀਤਾ। ਇਸ ਮੌਕੇ ਸਿਵਲ ਸਰਜਨ ਗੁਰਦਾਸਪੁਰ ਡਾ: ਹਰਭਜਨ ਮਾਂਡੀ, ਡਾ: ਰੋਮੀ ਰਾਜਾ ਡੀਐੱਮਸੀ ਗੁਰਦਾਸਪੁਰ, ਜ਼ਿਲ੍ਹਾ ਹੋਮਿਓਪੈਥੀ ਅਫਸਰ ਡਾ: ਹਰਦੀਪ ਸਿੰਘ ਸ਼ਾਹੀ, ਜ਼ਿਲ੍ਹਾ ਆਯੁਰਵੈਦਿਕ ਅਫ਼ਸਰ ਡਾ: ਪ੍ਰਦੀਪ, ਸਿਹਤ ਬਲਾਕ ਨੌਸ਼ਹਿਰਾ ਮੱਝਾ ਸਿੰਘ ਦੇ ਇੰਚਾਰਜ ਐੱਸਐੱਮਓ ਡਾ: ਭੁਪਿੰਦਰ ਕੌਰ ਛੀਨਾ ਵੀ ਮੌਜੂਦ ਸਨ। ਕੈਂਪ ਦੌਰਾਨ ਹੋਮਿਓਪੈਥਿਕ, ਆਯੁਰਵੈਦਿਕ ਅਤੇ ਐਲੋਪੈਥਿਕ ਮਾਹਿਰਾਂ ਵਲੋਂ ਕਰੀਬ 450 ਮਰੀਜ਼ਾਂ ਦੀ ਜਾਂਚ ਕਰਕੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਕੈਂਪ ਦੌਰਾਨ ਸਬ ਸੈਂਟਰ ਬੱਬਰੀ ਨੰਗਲ ਅਤੇ ਐੱਨਸੀਡੀ ਵਿਭਾਗ ਧਾਰੀਵਾਲ ਵੱਲੋਂ ਬੀਪੀ, ਸ਼ੂਗਰ ਆਦਿ ਦੇ ਮੁਫ਼ਤ ਟੈਸਟ ਕੀਤੇ ਗਏ। ਪੁਰਾਣੀਆਂ ਲਾਇਲਾਜ ਬਿਮਾਰੀਆਂ ਨਾਲ ਜੂਝ ਰਹੇ ਮਰੀਜ਼ਾਂ ਲਈ ਡਾ: ਅਮਰਿੰਦਰ ਸਿੰਘ ਕਲੇਰ ਮੈਡੀਕਲ ਅਫਸਰ ਹੋਮਿਓਪੈਥੀ ਸੀਐੱਚਸੀ ਧਾਰੀਵਾਲ ਅਤੇ ਉਨ੍ਹਾਂ ਦੀ ਟੀਮ ਵੱਲੋਂ ਮੁਫਤ ਹੋਮਿਓਪੈਥਿਕ ਦਿਵਾਈਆਂ ਦੇ ਨਾਲ-ਨਾਲ ਡੇਂਗੂ, ਚਿਕਨਗੁਨੀਆ ਅਤੇ ਮਲੇਰੀਆ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਸਿਹਤ ਵਿਭਾਗ ਸੂਬੇ ਦੇ ਲੋਕਾਂ ਨੂੰ ਦਿਨ-ਰਾਤ ਸਿਹਤ ਸੇਵਾਵਾਂ ਦੇਣ ਲਈ ਵੱਚਨਬੱਧ ਹੈ। ਸਿਵਲ ਸਰਜਨ ਡਾ: ਹਰਭਜਨ ਰਾਮ ਨੇ ਕਿਹਾ ਸਿਹਤ ਵਿਭਾਗ ਦੇ ਵੱਖ-ਵੱਖ ਵਿੰਗ ਤਨਦੇਹੀ ਨਾਲ ਕੰਮ ਕਰ ਰਹੇ ਹਨ। ਪੂਰੇ ਜ਼ਿਲ੍ਹੇ ਵਿੱਚ ਹੀ ਮੁਫ਼ਤ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ। ਜ਼ਿਲ੍ਹਾ ਆਯੁਰਵੈਦਿਕ ਅਫ਼ਸਰ ਡਾ. ਪ੍ਰਦੀਪ ਨੇ ਕਿਹਾ ਕਿ ਮੌਸਮ ਅਨੁਸਾਰ ਹੋਣ ਵਾਲੀਆਂ ਬੀਮਾਰੀਆਂ ਤੋਂ ਬਚਾਅ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਐੱਸਐੱਮਓ ਡਾ: ਭੁਪਿੰਦਰ ਕੌਰ ਨੇ ਕੈਂਪ ਵਿੱਚ ਆਏ ਮਰੀਜ਼ਾਂ ਅਤੇ ਇਲਾਕੇ ਦੇ ਮੋਹਤਬਰ ਵਿਅਕਤੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਡਾ: ਸੰਦੀਪ ਕੌਰ, ਏਐੱਨਐੱਮ ਰਮਨਜੀਤ ਕੌਰ, ਸੀਐੱਚਓ ਨੀਤਿਕਾ, ਫਾਰਮਾਸਿਸਟ ਸ਼ਮਸ਼ੇਰ ਸਿੰਘ, ਅੰਮ੍ਰਿਤ ਚਮਕੌਰ ਸਿੰਘ, ਸੁਰਜੀਤ ਸਿੰਘ, ਰਾਜ ਕੁਮਾਰ ਹੋਮਿਓਪੈਥਿਕ ਡਿਸਪੈਂਸਰ ਸਮੇਤ ਸਿਹਤ ਵਿਭਾਗ ਦੀ ਸਮੁੱਚੀ ਟੀਮ ਅਤੇ ਆਸ਼ਾ ਵਰਕਰਾਂ ਤੋਂ ਇਲਾਵਾ ਪ੍ਰਧਾਨ ਹਿਤਪਾਲ ਸਿੰਘ, ਦਵਿੰਦਰ ਸਿੰਘ, ਮਿੱਤਰ ਮਾਨ ਸਿੰਘ, ਰਾਜਬੀਰ ਸਿੰਘ ਬੱਬਰੀ ਆਦਿ ਮੋਹਤਬਰ ਆਗੂ ਅਤੇ ਪਿੰਡ ਵਾਸੀ ਮੌਜੂਦ ਸਨ।

## ਭਾਰਤ-ਪਾਕਿ ਸਰਹੱਦ ਤੋਂ ਬੈਟਰੀ 'ਚੋਂ 6 ਪੈਕੇਟ ਹੈਰੋਇਨ ਤੇ ਅਫੀਮ ਬਰਾਮਦ



**ਕਲਾਨੌਰ, (ਮਨਦੀਪ ਕੁਮਾਰ)**-ਗੁਆਂਢੀ ਦੇਸ਼ ਪਾਕਿਸਤਾਨ ਆਪਣੀਆਂ ਕੋਝੀਆਂ ਚਾਲਾਂ ਤੋਂ ਬਾਜ਼ ਨਹੀਂ ਆ ਰਿਹਾ। ਆਏ ਦਿਨ ਭਾਰਤ ਦੀ ਸਰਹੱਦਾਂ ਅੰਦਰ ਕਿਸੇ ਨਾ ਕਿਸੇ ਤਰੀਕੇ ਨਾਲ ਨਸ਼ੇ ਦੀਆਂ ਖੇਪਾਂ ਨੂੰ ਭੇਜ ਰਿਹਾ ਹੈ ਭਾਵੇਂਕਿ ਭਾਰਤ ਦੇ ਜਾਂਬਾਜ਼ ਸਿਪਾਹੀ ਉਸ ਦੀਆਂ ਸਭ ਚਾਲਾਂ ਨੂੰ ਨਾਕਾਮ ਕਰ ਦਿੰਦੇ ਹਨ। ਹੁਣ ਬੀਐੱਸਐੱਫ ਦੇ ਸੈਕਟਰ ਗੁਰਦਾਸਪੁਰ ਅਧੀਨ ਆਉਂਦੀ ਬੀਐੱਸਐੱਫ ਦੀ 27 ਬਟਾਲੀਅਨ ਦੀ ਬੀਓਪੀ ਕਮਾਲਪੁਰ ਜੱਟਾਂ ਤੇ ਤਾਇਨਾਤ ਬੀਐੱਸਐੱਫ ਦੇ ਜਵਾਨਾਂ ਨੇ ਕੰਡਿਆਲੀ ਤਾਰ ਤੋਂ ਪਾਰ 12 ਵੋਲਟ ਬੈਟਰੀ ਵਿੱਚ ਲੁਕਾ ਕੇ ਰੱਖੇ 6 ਪੈਕੇਟ ਹੈਰੋਇਨ ਤੇ ਅਫੀਮ ਬਰਾਮਦ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ।

ਬੀਐੱਸਐੱਫ ਦੇ ਅਧਿਕਾਰੀਆਂ ਅਨੁਸਾਰ ਗੁਪਤ ਸੂਚਨਾ ਤਹਿਤ ਬੀਐੱਸਐੱਫ ਦੀ 27 ਬਟਾਲੀਅਨ ਦੇ ਹੈੱਡਕੁਆਰਟਰ ਸ਼ਿਕਾਰ ਮਾਛੀਆਂ ਅਤੇ ਬੀਓਪੀ ਕਮਾਲਪੁਰ ਜੱਟਾਂ ਦੇ ਜਵਾਨਾਂ ਵਲੋਂ ਸਾਂਝੇ ਆਪਰੇਸ਼ਨ ਦੌਰਾਨ ਪਿੱਲਰ ਨੰਬਰ 29 ਅਤੇ 30 ਦਰਮਿਆਨ ਸਰਚ ਅਭਿਆਨ ਚਲਾਇਆ ਹੋਇਆ ਸੀ ਜਿਸ ਦੌਰਾਨ ਇਹ ਵੱਡੀ ਸਫਲਤਾ ਹਾਸਲ ਹੋਈ।

## ਸੰਯੁਕਤ ਕਿਸਾਨ ਮੋਰਚੇ ਵੱਲੋਂ ਦਰਿਆਵਾਂ ਦੀਆਂ ਧੁੱਸੀਆਂ ਮਜ਼ਬੂਤ ਕਰਨ ਦੀ ਮੰਗ



**ਗੁਰਦਾਸਪੁਰ, (ਜਨਕ ਮਹਾਜਨ)**-ਸੰਯੁਕਤ ਕਿਸਾਨ ਮੋਰਚਾ ਜਿਲ੍ਹਾ ਗੁਰਦਾਸਪੁਰ ਦੀ ਇਕ ਭਰਵੀਂ ਮੀਟਿੰਗ ਜਨਤਕ ਜਥੇਬੰਦੀਆਂ ਦੇ ਦਫ਼ਤਰ ਰੁਲੀਆ ਰਾਮ ਕਾਲੋਨੀ ਗੁਰਦਾਸਪੁਰ ਵਿਖੇ ਤਰਲੋਕ ਸਿੰਘ ਬਹਿਰਾਮਪੁਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਸੰਬੰਧਿਤ ਸਾਰੀਆਂ ਹੀ ਜਥੇਬੰਦੀਆਂ ਦੇ ਆਗੂਆਂ ਵਲੋਂ ਸ਼ਮੂਲੀਅਤ ਕੀਤੀ ਗਈ ਜਿਨ੍ਹਾਂ ਵਿਚ ਮੱਖਣ ਸਿੰਘ ਕੁਹਾੜ, ਬਲਜੀਤ ਸਿੰਘ ਕਲਾਨੌਰ, ਗੁਲਜ਼ਾਰ ਸਿੰਘ, ਬਲਬੀਰ ਸਿੰਘ, ਸੁਖਦੇਵ ਸਿੰਘ, ਅਸ਼ਵਨੀ ਕੁਮਾਰ, ਰਾਜ ਕੁਮਾਰ, ਲਖਵਿੰਦਰ ਸਿੰਘ, ਗੁਰਮੀਤ ਸਿੰਘ, ਬਲਬੀਰ ਸਿੰਘ, ਸੁਰਿੰਦਰ ਕੋਠੇ, ਕਸ਼ਮੀਰ ਸਿੰਘ, ਅਜੀਤ ਸਿੰਘ, ਕੁਲਵਿੰਦਰ ਸਿੰਘ, ਸੁਖਦੇਵ ਰਾਜ, ਲਖਵਿੰਦਰ ਸਿੰਘ, ਕਪੂਰ ਸਿੰਘ, ਬਲਬੀਰ ਸਿੰਘ ਆਦਿ ਹਾਜ਼ਰ ਸਨ। ਇਸ ਦੌਰਾਨ ਆਗੂਆਂ ਚੰਡੀਗੜ੍ਹ ਮੁਜ਼ਾਹਰੇ 'ਤੇ ਜਾਣ ਵਾਲੇ ਕਿਸਾਨਾਂ ਨੂੰ ਰੋਕਣ ਦੀ ਪੁਰਜ਼ੋਰ ਨਿੰਦਾ ਕੀਤੀ ਗਈ ਅਤੇ ਸ਼ਹੀਦ ਹੋਏ ਕਿਸਾਨ ਪ੍ਰੀਤਮ ਸਿੰਘ ਲੌਂਗੋਵਾਲ ਨੂੰ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਇਸ ਮੌਕੇ ਦਰਿਆ ਬਿਆਸ ਅਤੇ ਰਾਵੀ ਦੇ ਧੁੱਸੀ ਬੰਨ੍ਹ ਜਿਨ੍ਹਾਂ ਨੂੰ ਪੱਕਿਆਂ ਕਰਨ ਵਿਚ ਪ੍ਰਸ਼ਾਸਨ ਵਲੋਂ ਕੋਈ ਉਪਰਾਲਾ ਨਹੀਂ ਕੀਤਾ ਗਿਆ, ਦੇ ਸਬੰਧ ਵਿਚ ਗੰਭੀਰ ਨੋਟਿਸ ਲਿਆ ਗਿਆ। ਉਨ੍ਹਾਂ ਕਿਹਾ ਸੰਯੁਕਤ ਕਿਸਾਨ ਮੋਰਚਾ ਰਾਵੀ ਦੇ ਧੁੱਸੀ ਬੰਨ੍ਹ ਦਾ ਇਕੱਠਿਆਂ ਹੋ ਕੇ ਸਰਵੇਖਣ ਕਰੇਗਾ। ਇਸ ਮੌਕੇ ਆਗੂਆਂ ਨੇ ਨਹਿਰੂ ਪਾਰਕ ਦੇ ਸੁੰਦਰੀਕਰਨ ਲਈ ਹਲਕਾ ਇੰਚਾਰਜ ਚੇਅਰਮੈਨ ਰਮਨ ਬਹਿਲ ਨਾਲ ਮੁਲਾਕਾਤ ਕਰਨ ਦਾ ਫ਼ੈਸਲਾ ਲਿਆ।

ਨਵਾਂ ਜ਼ਮਾਨਾ
ਵੀਰਵਾਰ, 31 ਅਗਸਤ 2023

# ਉਪ ਚੋਣਾਂ : ਕੌਣ ਕਿੰਨੇ ਪਾਣੀ 'ਚ

*'ਇੰਡੀਆ' ਗੱਠਜੋੜ ਦੀ 31 ਤੋਂ 1 ਸਤੰਬਰ ਤੱਕ ਮੁੰਬਈ ਵਿਖੇ ਤੀਜੀ ਬੈਠਕ ਹੋਣੀ ਹੈ। ਇਸ ਤੋਂ ਚੌਥੇ ਦਿਨ 5 ਸਤੰਬਰ ਨੂੰ ਛੇ ਰਾਜਾਂ ਦੀਆਂ 7 ਵਿਧਾਨ ਸਭਾ ਸੀਟਾਂ ਦੀਆਂ ਉਪ ਚੋਣਾਂ ਲਈ ਵੋਟਾਂ ਪੈਣਗੀਆਂ ਤੇ 8 ਨੂੰ ਨਤੀਜੇ ਆਉਣਗੇ।*

*ਇਨ੍ਹਾਂ ਸੀਟਾਂ ਵਿੱਚ ਤ੍ਰਿਪੁਰਾ ਦੀਆਂ ਦੋ ਤੇ ਝਾਰਖੰਡ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਉੱਤਰਾਖੰਡ ਤੇ ਕੇਰਲ ਦੀ ਇੱਕ-ਇੱਕ ਸੀਟ ਸ਼ਾਮਲ ਹੈ। ਤ੍ਰਿਪੁਰਾ ਦੀ ਬਾਕਸਨਗਰ ਸੀਟ ਸੀ ਪੀ ਐਮ ਦੇ ਵਿਧਾਇਕ ਸੈਮੂਲ ਹੱਕ ਦੀ ਮੌਤ ਤੇ ਧਨਪੁਰ ਸੀਟ ਭਾਜਪਾ ਦੇ ਵਿਧਾਇਕ ਪ੍ਰਤਿਮਾ ਭੌਮਿਕ ਦੇ ਅਸਤੀਫ਼ੇ ਕਾਰਨ ਖਾਲੀ ਹੋਈ ਸੀ। ਝਾਰਖੰਡ ਦੀ ਡੁਮਰੀ ਸੀਟ ਝਾਰਖੰਡ ਮੁਕਤੀ ਮੋਰਚੇ ਦੇ ਜਗਨਨਾਥ ਮਹਿਤੋ ਦੀ ਮੌਤ ਤੇ ਯੂ ਪੀ ਦੀ ਘੋਸੀ ਸੀਟ ਸਪਾ ਵਿਧਾਇਕ ਦਾਰਾ ਸਿੰਘ ਚੌਹਾਨ ਵੱਲੋਂ ਅਸਤੀਫ਼ਾ ਦੇ ਕੇ ਭਾਜਪਾ ਵਿੱਚ ਸ਼ਾਮਲ ਹੋਣ ਕਾਰਨ ਖਾਲੀ ਹੋਈ ਸੀ। ਪੱਛਮੀ ਬੰਗਾਲ ਦੀ ਧੁੱਪਗੁੜੀ ਸੀਟ ਭਾਜਪਾ ਦੇ ਬਿਛਣੂ ਪਾਂਡੇ ਤੇ ਉੱਤਰਾਖੰਡ ਦੀ ਬਾਗੇਸ਼ਵਰ ਸੀਟ ਭਾਜਪਾ ਦੇ ਚੰਦਨ ਰਾਮਦਾਸ ਦੀ ਮੌਤ ਕਾਰਨ ਅਤੇ ਕੇਰਲਾ ਦੀ ਪੁਥੂਪੱਲੀ ਸੀਟ ਕਾਂਗਰਸ ਦੇ ਓਮਨ ਚਾਂਡੀ ਦੇ ਅਸਤੀਫ਼ੇ ਕਾਰਨ ਖਾਲੀ ਹੋਈ ਸੀ।*

*ਤ੍ਰਿਪੁਰਾ ਦੀ ਬਾਕਸਨਗਰ ਸੀਟ ਤੋਂ ਸੀ ਪੀ ਐਮ ਨੇ ਮਿਜਾਨ ਹੁਸੈਨ ਤੇ ਭਾਜਪਾ ਨੇ ਤਫਜੁਲ ਹੁਸੈਨ ਨੂੰ ਟਿਕਟ ਦਿੱਤਾ ਹੈ। ਇਸੇ ਤਰ੍ਹਾਂ ਧਨਪੁਰ ਸੀਟ ਤੋਂ ਸੀ ਪੀ ਐਮ ਨੇ ਕੌਸ਼ਿਕ ਚੰਦਰ ਤੇ ਭਾਜਪਾ ਨੇ ਦੇਵ ਨਾਥ ਨੂੰ ਮੈਦਾਨ ਵਿੱਚ ਉਤਾਰਿਆ ਹੈ। ਕਾਂਗਰਸ ਤੇ ਟਿਪਰਾ ਮੋਥਾ ਨੇ ਕਮਿਊਨਿਸਟ ਉਮੀਦਵਾਰਾਂ ਦੀ ਹਮੈਤ ਵਿੱਚ ਆਪਣੇ ਉਮੀਦਵਾਰ ਖੜ੍ਹੇ ਨਹੀਂ ਕੀਤੇ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਟਿਪਰਾ ਮੋਥਾ ਦੇ ਉਮੀਦਵਾਰਾਂ ਵੱਲੋਂ ਵੋਟਾਂ ਤੋੜੇ ਜਾਣ ਕਾਰਨ ਹੀ ਭਾਜਪਾ ਤ੍ਰਿਪੁਰਾ ਦੀ ਸੱਤਾ ਬਚਾਉਣ ਵਿੱਚ ਸਫ਼ਲ ਹੋਈ ਸੀ। ਉਸ ਸਮੇਂ ਬਾਕਸਨਗਰ ਸੀਟ ਤੋਂ ਟਿਪਰਾ ਮੋਥਾ ਦੇ 7.8 ਫ਼ੀਸਦੀ ਵੋਟ ਲੈ ਜਾਣ ਦੇ ਬਾਵਜੂਦ ਸੀ ਪੀ ਐਮ ਉਮੀਦਵਾਰ 50 ਫ਼ੀਸਦੀ ਤੋਂ ਵੱਧ ਵੋਟਾਂ ਲੈ ਕੇ ਵੱਡੇ ਫ਼ਰਕ ਨਾਲ ਜਿੱਤਿਆ ਸੀ। ਭਾਵੇਂ ਇਨ੍ਹਾਂ ਸੀਟਾਂ ਦੇ ਨਤੀਜੇ ਨਾਲ ਭਾਜਪਾ ਸਰਕਾਰ ਨੂੰ ਕੋਈ ਫ਼ਰਕ ਨਹੀਂ ਪੈਣਾ ਪਰ ਕਮਿਊਨਿਸਟ-ਕਾਂਗਰਸ ਗੱਠਜੋੜ ਵਿੱਚ ਟਿਪਰਾ ਮੋਥਾ ਦੇ ਸ਼ਾਮਲ ਹੋਣ ਦਾ ਫਰੰਟ ਨੂੰ ਕਿੰਨਾ ਲਾਭ ਪੁੱਜਦਾ ਹੈ, ਇਸ ਦਾ ਪਤਾ ਜ਼ਰੂਰ ਲੱਗ ਜਾਵੇਗਾ।*

*ਝਾਰਖੰਡ ਦੀ ਡੁਮਰੀ ਸੀਟ ਝਾਰਖੰਡ ਮੁਕਤੀ ਮੋਰਚੇ ਦੇ ਦਬਦਬੇ ਵਾਲੀ ਸੀਟ ਹੈ। ਜਗਨਨਾਥ ਮਹਿਤੋ ਇਹ ਸੀਟ 2005 ਤੋਂ ਲਗਾਤਾਰ ਜਿੱਤਦੇ ਰਹੇ ਹਨ। ਜੇ ਐਮ ਐਮ ਵੱਲੋਂ ਉਨ੍ਹਾ ਦੀ ਪਤਨੀ ਬੇਬੀ ਦੇਵੀ ਨੂੰ ਮੈਦਾਨ ਵਿੱਚ ਉਤਾਰਿਆ ਗਿਆ ਹੈ। ਉਸ ਨੂੰ 'ਇੰਡੀਆ' ਗੱਠਜੋੜ ਦੀ ਹਮੈਤ ਹੈ। ਐਨ ਡੀ ਏ ਵੱਲੋਂ ਟਿਕਟ ਆਜਸੂ ਦੀ ਯਸੋਦਾ ਦੇਵੀ ਨੂੰ ਦਿੱਤੀ ਗਈ ਹੈ। ਅਸਾਦੂਦੀਨ ਓਵੈਸੀ ਦੀ ਏ ਆਈ ਐਮ ਆਈ ਐਮ ਵੱਲੋਂ ਅਬਦੁੱਲ ਮੋਬੀਨ ਰਿਜ਼ਵੀ ਮੈਦਾਨ ਵਿੱਚ ਹਨ। ਪਿਛਲੀ ਵਾਰ ਉਸ ਨੇ 24 ਹਜ਼ਾਰ ਵੋਟ ਹਾਸਲ ਕੀਤੇ ਸਨ, ਪਰ ਇਸ ਦੇ ਬਾਵਜੂਦ ਜਗਨਨਾਥ ਮਹਿਤੋ ਜਿੱਤ ਗਏ ਸਨ। ਜਗਨਨਾਥ ਨੂੰ 37.80 ਫ਼ੀਸਦੀ, ਭਾਜਪਾ ਨੂੰ 19.60 ਫ਼ੀਸਦੀ ਤੇ ਆਜਸੂ ਨੂੰ 19.10 ਫ਼ੀਸਦੀ ਵੋਟ ਮਿਲੇ ਸਨ। ਇਸ ਵਾਰ ਭਾਜਪਾ ਤੇ ਆਜਸੂ ਇਕੱਠੀਆਂ ਹਨ। ਨਤੀਜਾ ਇਸ ਉੱਤੇ ਨਿਰਭਰ ਕਰੇਗਾ ਕਿ ਰਿਜਵੀ 'ਇੰਡੀਆ' ਦੀ ਵੋਟ ਨੂੰ ਕਿੰਨੀ ਸੰਨ੍ਹ ਲਾਉਂਦਾ ਹੈ।*

*ਉੱਤਰ ਪ੍ਰਦੇਸ਼ ਦੀ ਘੋਸੀ ਸੀਟ ਤੋਂ ਭਾਜਪਾ ਨੇ ਸਪਾ ਛੱਡ ਕੇ ਆਏ ਦਾਰਾ ਸਿੰਘ ਚੌਹਾਨ ਤੇ ਸਪਾ ਨੇ ਸੁਧਾਕਰ ਸਿੰਘ ਨੂੰ ਉਮੀਦਵਾਰ ਬਣਾਇਆ ਹੈ। ਦਾਰਾ ਸਿੰਘ ਨੂੰ ਐਨ ਡੀ ਏ ਤੇ ਸੁਧਾਕਰ ਸਿੰਘ ਨੂੰ 'ਇੰਡੀਆ' ਦੀ ਹਮੈਤ ਹਾਸਲ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਸਮਾਜਵਾਦੀ ਉਮੀਦਵਾਰ ਨੂੰ 42.21 ਫੀਸਦੀ ਤੇ ਭਾਜਪਾ ਨੂੰ 33.57 ਫ਼ੀਸਦੀ ਵੋਟਾਂ ਮਿਲੀਆਂ ਸਨ। ਇਹ ਸੀਟ ਭਾਜਪਾ ਦਾ ਗੜ੍ਹ ਮੰਨੀ ਜਾਂਦੀ ਹੈ। ਜੇਕਰ ਇਹ ਸੀਟ 'ਇੰਡੀਆ' ਜਿੱਤ ਜਾਂਦਾ ਹੈ ਤੇ ਤਾਂ ਉਸ ਨੂੰ ਲੋਕ ਸਭਾ ਚੋਣਾਂ ਵਿੱਚ ਵੱਡੀ ਮਨੋਵਿਗਿਆਨਕ ਤਾਕਤ ਮਿਲੇਗੀ।*

*ਪੱਛਮੀ ਬੰਗਾਲ ਦੀ ਧੁੱਪਗੁੜੀ ਸੀਟ ਤੋਂ ਭਾਜਪਾ ਨੇ ਤਾਪਸੀ ਰਾਏ, ਟੀ ਐਮ ਸੀ ਨੇ ਪ੍ਰੋ. ਨਿਰਮਲ ਚੰਦ ਰਾਏ ਤੇ ਸੀ ਪੀ ਐਮ ਨੇ ਈਸ਼ਵਰ ਚੰਦਰ ਰਾਏ ਨੂੰ ਖੜ੍ਹਾ ਕੀਤਾ ਹੈ। ਕਾਂਗਰਸ ਸੀ ਪੀ ਐਮ ਦੀ ਹਮੈਤ ਕਰ ਰਹੀ ਹੈ। 1973 ਤੋਂ 2016 ਤੱਕ ਇਸ ਸੀਟ ਉੱਤੇ ਸੀ ਪੀ ਐਮ ਦਾ ਕਬਜ਼ਾ ਰਿਹਾ ਸੀ। ਉਪਰੰਤ ਇਹ ਸੀਟ ਟੀ ਐਮ ਸੀ ਕੋਲ ਚਲੀ ਗਈ ਸੀ, ਪਰ 2021 ਦੀਆਂ ਚੋਣਾਂ ਵਿੱਚ ਭਾਜਪਾ ਦੇ ਬਿਛਣੂ ਪਦ ਰਾਏ ਜਿੱਤ ਗਏ ਸਨ।*

*ਉੱਤਰਾਖੰਡ ਦੀ ਬਾਗੇਸ਼ਵਰ ਸੀਟ ਤੋਂ ਭਾਜਪਾ ਨੇ ਚੰਦਨ ਰਾਮਦਾਸ ਦੀ ਪਤਨੀ ਪਾਰਵਤੀ ਦੇਵੀ ਤੇ ਕਾਂਗਰਸ ਨੇ ਬਸੰਤ ਕੁਮਾਰ ਨੂੰ ਉਮੀਦਵਾਰ ਬਣਾਇਆ ਹੈ। ਸਮਾਜਵਾਦੀ ਪਾਰਟੀ ਨੇ ਭਗਵਤੀ ਪ੍ਰਸਾਦ ਨੂੰ ਖੜ੍ਹਾ ਕੀਤਾ ਹੈ। ਇਹ ਸੀਟ ਭਾਜਪਾ ਦਾ ਗੜ੍ਹ ਮੰਨੀ ਜਾਂਦੀ ਹੈ। ਵਖਰਾ ਰਾਜ ਬਣਨ ਤੋਂ ਬਾਅਦ ਭਾਜਪਾ ਦੇ ਚੰਦਨ ਰਾਮਦਾਸ ਲਗਾਤਾਰ ਜਿੱਤਦੇ ਰਹੇ ਹਨ। ਕੇਰਲਾ ਦੀ ਪੁਥੂਪੱਲੀ ਸੀਟ ਤੋਂ ਕਾਂਗਰਸ ਦੇ ਓਮਨ ਚਾਂਡੀ ਲਗਾਤਾਰ 51 ਸਾਲ ਵਿਧਾਇਕ ਰਹੇ ਸਨ। ਕਾਂਗਰਸ ਦੀ ਅਗਵਾਈ ਵਾਲੇ ਯੂਨਾਈਟਿਡ ਫਰੰਟ ਨੇ ਓਮਨ ਚਾਂਡੀ ਦੇ ਬੇਟੇ ਚਾਂਡੀ ਓਮਨ ਨੂੰ ਮੈਦਾਨ ਵਿੱਚ ਉਤਾਰਿਆ ਹੈ। ਖੱਬੇ ਫਰੰਟ ਨੇ ਜੈਕ ਸੀ ਥਾਮਸ ਨੂੰ ਉਮੀਦਵਾਰ ਬਣਾਇਆ ਹੈ। ਸੀ ਪੀ ਐਮ ਨੇ ਸਿਰਫ਼ ਇੱਕ ਵਾਰ 1967 ਵਿੱਚ ਇਸ ਸੀਟ ਤੋਂ ਜਿੱਤ ਹਾਸਲ ਕੀਤੀ ਸੀ। ਭਾਜਪਾ ਨੇ ਜੀ ਲਿਜਿਨਲਾਲ ਨੂੰ ਖੜ੍ਹਾ ਕੀਤਾ ਹੈ। ਮੁੱਖ ਮੁਕਾਬਲਾ ਯੂ ਡੀ ਐਫ਼ ਤੇ ਐਲ ਡੀ ਐਫ ਵਿਚਕਾਰ ਹੈ। ਇਨ੍ਹਾਂ ਸੱਤਾਂ ਸੀਟਾਂ ਵਿੱਚੋਂ ਭਾਜਪਾ 6 ਸੀਟਾਂ ਲੜ ਰਹੀ ਹੈ ਤੇ ਇੱਕ ਉਸ ਨੇ ਭਾਈਵਾਲ ਆਜਸੂ ਲਈ ਛੱਡੀ ਹੈ। ਕਾਂਗਰਸ ਖੁਦ ਸਿਰਫ਼ ਦੋ ਸੀਟਾਂ ਉੱਤੇ ਲੜ ਰਹੀ ਹੈ। ਤਿੰਨ ਸੀਟਾਂ ਉੱਤੇ ਉਹ ਸੀ ਪੀ ਐਮ, ਇੱਕ ਉੱਤੇ ਝਾਰਖੰਡ ਮੁਕਤੀ ਮੋਰਚਾ ਤੇ ਇੱਕ ਉੱਤੇ ਸਮਾਜਵਾਦੀ ਪਾਰਟੀ ਦੀ ਹਮੈਤ ਕਰ ਰਹੀ ਹੈ। ਇਨ੍ਹਾਂ ਚੋਣਾਂ ਦੇ ਨਤੀਜਿਆਂ ਦਾ ਭਾਵੇਂ ਸਰਕਾਰਾਂ ਉਤੇ ਕੋਈ ਅਸਰ ਨਹੀਂ ਪੈਣਾ, ਪਰ ਲੋਕਾਂ ਦੇ ਰੁਝਾਨ ਦਾ ਇੱਕ ਹੱਦ ਤੱਕ ਪਤਾ ਜ਼ਰੂਰ ਲੱਗ ਜਾਵੇਗਾ।*

**-ਚੰਦ ਫਤਿਹਪੁਰੀ**

# ਮੇਰਾ ਰਾਸ਼ਟਰ ਮਹਾਨ, ਮੇਰੀ ਭਾਸ਼ਾ ਮਹਾਨ, ਮੇਰਾ ਧਰਮ ਮਹਾਨ



ਵਿਸ਼ਵਾ ਮਿੱਤਰ

ਮੇਰਾ ਦੇਸ਼ ਸਭ ਤੋਂ ਮਹਾਨ, ਮੇਰਾ ਰਾਸ਼ਟਰ ਸਭ ਤੋਂ ਮਹਾਨ, ਮੇਰਾ ਧਰਮ ਸਭ ਤੋਂ ਮਹਾਨ, ਮੇਰੀ ਭਾਸਾ ਸਭ ਤੋਂ ਮਹਾਨ, ਜਦੋਂ ਦੀ ਭਾਜਪਾ ਸਰਕਾਰ ਆਈ, ਇਹ ਸ਼ਬਦ ਆਮ ਹੀ ਸਾਡੇ ਕੰਨਾਂ ਵਿਚ ਗੂੰਜਦੇ ਰਹਿੰਦੇ ਹਨ।

ਇਹ ਠੀਕ ਹੈ ਕਿ ਜਿਹੜਾ ਵਿਅਕਤੀ ਜਿਸ ਕਿਸੇ ਦੇਸ਼ ਵਿਚ ਜੰਮਿਆ ਹੈ, ਪਲਿਆ ਹੈ, ਉੱਥੇ ਦੇ ਪਹਾੜਾਂ, ਨਦੀਆਂ, ਦਰਿਆਵਾਂ, ਸੱਭਿਆਚਾਰ, ਆਪਣੀ ਮਾਂ ਬੋਲੀ, ਦੋਸਤ ਆਦਿ ਸਭ ਉਸ ਨੂੰ ਪਿਆਰੇ ਲੱਗਦੇ ਹਨ। ਤੁਹਾਨੂੰ ਆਪਣੇ ਦੇਸ਼ ਦੀਆਂ ਫੌਜਾਂ 'ਤੇ ਮਾਣ ਹੁੰਦਾ ਹੈ। ਜੇਕਰ ਕੋਈ ਵਿਦੇਸ਼ ਚਲਾ ਜਾਵੇ ਤਾਂ ਇਹੋ ਸੋਚਦਾ ਹੈ ਕਿ ਕਿਹੜੀ ਘੜੀ ਮੈਂ ਵਾਪਸ ਆਪਣੇ ਦੇਸ਼ ਪਹੁੰਚਾਂਗਾ। ਜਿਹੜੇ ਬਾਹਰ ਜਾ ਕੇ ਪੱਕੇ ਹੋ ਗਏ ਹਨ, ਉਹ ਵੀ ਸਾਲ, ਦੋ ਸਾਲ ਬਾਅਦ ਆਪਣੇ ਦੇਸ਼ ਇੱਕ ਵਾਰ ਜ਼ਰੂਰ ਪਰਤਦੇ ਹਨ, ਭਾਵੇਂ ਥੋੜ੍ਹੀ ਦੇਰ ਲਈ ਹੀ, ਪਰ ਪਰਤਦੇ ਜ਼ਰੂਰ ਹਨ। ਕਈ ਤਾਂ ਬਾਹਰ ਵਸਦੇ ਆਪਣੇ ਰਿਸ਼ਤੇਦਾਰਾਂ ਨੂੰ ਪਹਿਲਾਂ ਹੀ ਕਹਿ ਦੇਂਦੇ ਹਨ ਕਿ ਮੇਰੇ ਮਰਨ 'ਤੇ ਮੇਰਾ ਅੰਤਿਮ ਸੰਸਕਾਰ ਮੇਰੇ ਦੇਸ਼ ਵਿਚ ਕਰਨਾ। ਜੇਕਰ ਤੁਸੀਂ ਭਾਰਤ 'ਚ ਜਨਮੇ ਹੋ ਤਾਂ ਤੁਹਾਨੂੰ ਇੱਥੇ ਦਾ ਸਭ ਕੁਝ ਚੰਗਾ ਲੱਗੇਗਾ।

ਹੁਣ ਜ਼ਰਾ ਸੋਚੋ ਕਿ ਜੇਕਰ ਤੁਸੀਂ ਪਾਕਿਸਤਾਨ ਵਿਚ ਜੰਮੇ ਹੁੰਦੇ ਤਾਂ ਕੀ ਤੁਸੀਂ ਭਾਰਤ ਨੂੰ ਸਭ ਤੋਂ ਮਹਾਨ ਕਹਿਣਾ ਸੀ, ਭਾਰਤ ਦੇ ਪਹਾੜਾਂ, ਨਦੀਆਂ, ਦਰਿਆਵਾਂ ਦੀ ਤਾਰੀਫ ਕਰਨੀ ਸੀ ਜਾਂ ਆਪਣਿਆਂ ਦੀ, ਆਪਣੀ ਮਾਂ ਬੋਲੀ ਛੱਡ ਕੇ ਹਿੰਦੀ ਭਾਸ਼ਾ ਦੀ ਤਾਰੀਫ ਕਰਨੀ ਸੀ? ਬਿਲਕੁਲ ਨਹੀਂ। ਤੁਸੀਂ ਆਪਣੇ ਪਾਕਿਸਤਾਨ ਦੇ ਪਹਾੜਾਂ, ਨਦੀਆਂ, ਦਰਿਆਵਾਂ ਅਤੇ ਆਪਣੇ ਸੱਭਿਆਚਾਰ, ਲੋਕ ਗੀਤਾਂ ਦੀ ਤਾਰੀਫ ਕਰਨੀ ਸੀ। ਤੁਸੀਂ ਪਾਕਿਸਤਾਨ ਦੀਆਂ ਫੌਜਾਂ ਦੀ ਤਾਰੀਫ ਕਰਦੇ ਨਹੀਂ ਥੱਕਣਾ ਸੀ। ਜੇਕਰ ਆਰਥਿਕ ਮਸਲਾ ਨਾ ਹੁੰਦਾ ਤਾਂ ਤੁਸੀਂ ਜੀਣਾ ਅਤੇ ਮਰਨਾ ਪਾਕਿਸਤਾਨ ਵਿਚ ਹੀ ਪਸੰਦ ਕਰਨਾ ਸੀ।

ਇਸੇ ਤਰ੍ਹਾਂ ਜੇਕਰ ਤੁਸੀਂ ਚੀਨ, ਜਾਪਾਨ ਜਾਂ ਅਮਰੀਕਾ ਵਿਚ ਜੰਮੇ ਹੁੰਦੇ ਤਾਂ ਤੁਹਾਨੂੰ ਆਪਣੇ ਦੇਸ਼ ਦਾ ਸਭ ਕੁਝ ਸਾਰੇ ਸੰਸਾਰ ਤੋਂ ਵਧੀਆ ਲੱਗਣਾ ਸੀ। ਜੇਕਰ ਤੁਸੀਂ ਅਫਗਾਨਿਸਤਾਨ ਵਿੱਚ ਪੈਦਾ ਹੋਏ ਹੁੰਦੇ, ਜਿਹੜਾ ਦੇਸ਼ ਪਿਛਲੇ ਅੱਠ ਸੌ ਸਾਲਾਂ ਤੋਂ ਯੁੱਧ ਦਾ ਖੇਤਰ ਬਣਿਆ ਹੋਇਆ ਹੈ, ਕਦੇ ਵਿਦੇਸ਼ੀ ਹਮਲਾਵਰਾਂ ਨਾਲ ਯੁੱਧ, ਕਦੇ ਆਪਣੇ ਹੀ ਦੇਸ਼ ਦੇ ਧੜਿਆਂ ਦੀਆਂ ਫੌਜਾਂ ਵਿਚਕਾਰ ਯੁੱਧ ਅਤੇ ਕਦੇ ਵੀ ਸ਼ਾਂਤੀ ਨਹੀਂ ਹੋਈ, ਪਰ ਫੇਰ ਵੀ ਤੁਹਾਨੂੰ ਅਫਗਾਨਿਸਤਾਨ ਹੀ ਸਭ ਤੋਂ ਵਧੀਆ ਦੇਸ਼ ਲੱਗਣਾ ਸੀ।

ਹਰ ਕਿਸੇ ਨੂੰ ਆਪਣੀ ਮਾਂ ਬੋਲੀ ਵਧੀਆ ਲੱਗਦੀ ਹੈ, ਉਸ 'ਚ ਗੱਲਬਾਤ ਕਰਨੀ ਆਸਾਨ ਲੱਗਦੀ ਹੈ ਅਤੇ ਉਸ 'ਤੇ ਮਾਣ ਹੁੰਦਾ ਹੈ। ਕਵੀਆਂ ਨੇ ਆਪਣੀ ਮਾਂ ਬੋਲੀ ਦੀ ਵਡਿਆਈ ਵਿਚ ਕਵਿਤਾਵਾਂ ਲਿਖੀਆਂ ਹਨ। ਪੂਰਬੀ ਜਾਂ ਪੱਛਮੀ ਪੰਜਾਬ ਵਿੱਚ ਜੰਮਿਆਂ ਨੂੰ ਪੰਜਾਬੀ ਬੋਲੀ ਵਧੀਆ ਲੱਗਦੀ ਹੈ ਅਤੇ ਇਸੇ ਵਿਚ ਆਪਣਾ ਵਿਚਾਰ-ਵਟਾਂਦਰਾ ਬੜੀ ਸਪਸਟਤਾ ਨਾਲ ਅਤੇ ਸੌਖਿਆਂ ਹੀ ਕਰ ਲੈਂਦੇ ਹਨ। ਪੱਛਮੀ ਪੰਜਾਬੀ ਭਾਵੇਂ ਪੰਜਾਬੀ ਲਿਪੀ ਵਿਚ ਨਾ ਲਿਖ ਸਕਣ, ਪਰ ਪੰਜਾਬੀ ਦੇ ਉਰਦੂ ਰੂਪ ਜਿਸ ਨੂੰ ਸ਼ਾਹਮੁਖੀ ਕਹਿੰਦੇ ਹਨ, ਉਸ ਵਿਚ ਲਿਖਦੇ ਹਨ। ਇਸੇ ਤਰ੍ਹਾਂ ਬੰਗਾਲ ਵਿਚ ਜੰਮਿਆਂ ਨੂੰ ਬੰਗਾਲੀ, ਹਿੰਦੀ ਖੇਤਰ ਵਿਚ ਜੰਮਿਆਂ ਨੂੰ ਹਿੰਦੀ, ਤਾਮਿਲਨਾਡੂ ਵਾਲਿਆਂ ਨੂੰ ਤਮਿਲ, ਆਂਧਰਾ ਪ੍ਰਦੇਸ਼ ਵਾਲਿਆਂ ਨੂੰ ਤੇਲਗੂ ਬੋਲੀ ਚੰਗੀ ਲੱਗਦੀ ਹੈ। ਹਰ ਕਿਸੇ ਲਈ ਆਪਣੀ ਬੋਲੀ ਮਹਾਨ ਹੈ। ਕੋਈ ਜ਼ਰੂਰੀ ਨਹੀਂ ਕਿ ਹਿੰਦੂ ਦੀ ਬੋਲੀ ਹਿੰਦੀ ਹੀ ਹੋਵੇ। ਆਂਧਰਾ ਪ੍ਰਦੇਸ਼ ਦਾ ਜੰਮਪਲ ਹਿੰਦੂ ਤੇਲਗੂ ਵਿਚ ਹੀ ਗੱਲਬਾਤ ਕਰੇਗਾ। ਬੰਗਾਲ ਜਾਂ ਬੰਗਲਾਦੇਸ਼ ਦਾ ਜੰਮਪਲ ਮੁਸਲਮਾਨ ਉਰਦੂ ਦੀ ਬਜਾਏ ਬੰਗਲਾ ਬੋਲੀ ਵਿੱਚ ਹੀ ਗੱਲਬਾਤ ਕਰੇਗਾ। ਤਾਮਿਲਨਾਡੂ ਦਾ ਜੰਮ ਪਲ ਇਸਾਈ ਅੰਗਰੇਜ਼ੀ ਦੀ ਬਜਾਏ ਤਮਿਲ ਬੋਲੀ ਵਿੱਚ ਗੱਲਬਾਤ ਸੌਖਿਆਂ ਕਰੇਗਾ ਅਤੇ ਜੇਕਰ ਉਹ ਅੰਗਰੇਜ਼ੀ ਵਿਚ ਗੱਲਬਾਤ ਕਰਨਾ ਚਾਹੇ ਤਾਂ ਉਹ ਠੀਕ ਸ਼ਬਦ ਚੁਣਨ ਲਈ ਕੁਝ ਔਖਿਆਈ ਮਹਿਸੂਸ ਕਰੇਗਾ। ਇੰਗਲੈਂਡ, ਅਮਰੀਕਾ, ਆਸਟ੍ਰੇਲੀਆ ਵਰਗੇ ਅੰਗਰੇਜ਼ੀ ਬੋਲਣ ਵਾਲੇ ਦੇਸ਼ਾਂ ਵਿਚ ਜੇਕਰ ਉਹ ਜੰਮਪਲ ਉਥੇ ਦਾ ਹੀ ਹੈ ਤਾਂ ਅੰਗਰੇਜ਼ੀ ਵਿਚ ਆਪਣੇ ਵਿਚਾਰ ਤੇਜ਼ੀ ਨਾਲ ਅਤੇ ਸੌਖਿਆਂ ਹੀ ਪ੍ਰਗਟ ਕਰਦਾ ਹੈ। ਇਸੇ ਤਰਾਂ ਫਰਾਂਸੀਸੀਆਂ ਲਈ ਫਰੈਂਚ, ਸਪੇਨ ਦੇ ਲੋਕਾਂ ਲਈ ਸਪੈਨਿਸ਼ ਭਾਸ਼ਾ ਹੀ ਵਧੀਆ ਹੈ। ਜੇਕਰ ਕੋਈ ਭਾਰਤੀ ਅੰਗਰੇਜ਼ੀ ਦੀ ਭਾਵੇਂ ਐਮ ਏ ਜਾਂ ਡਾਕਟਰੇਟ ਕਰ ਲਵੇ ਤਾਂ ਪਹਿਲੀ ਵਾਰ ਇੰਗਲੈਂਡ ਜਾਂ ਅਮਰੀਕਾ ਪਹੁੰਚਣ 'ਤੇ ਉਸ ਨੂੰ ਉਹਨਾਂ ਦੀ ਅੰਗਰੇਜ਼ੀ ਪੂਰੀ ਤਰ੍ਹਾਂ ਸਮਝ ਨਹੀਂ ਆਵੇਗੀ। ਉਹਨਾਂ ਦਾ ਉਚਾਰਣ ਥੋੜ੍ਹਾ ਜਿਹਾ ਭਿੰਨ ਹੈ।

ਕਿਸੇ ਵੀ ਬੱਚੇ ਦੇ ਜਨਮ ਤੋਂ ਪਹਿਲਾਂ ਉਸ ਤੋਂ ਨਹੀਂ ਪੁੱਛਿਆ ਜਾਂਦਾ ਕਿ ਤੂੰ ਆਪਣਾ ਧਰਮ ਜਿਹੜਾ ਰੱਖਣਾ ਚਾਹੇਂਗਾ ਅਤੇ ਨਾ ਹੀ ਇਹ ਸੰਭਵ ਹੈ। ਬੱਚੇ ਨੂੰ ਵੀ ਜਨਮ ਤੋਂ ਪਹਿਲਾਂ ਜਾਂ ਜਨਮ ਤੋਂ ਤਿੰਨ-ਚਾਰ ਸਾਲ ਬਾਅਦ ਤੱਕ ਪਤਾ ਨਹੀਂ ਹੁੰਦਾ ਕਿ ਧਰਮ ਕੀ ਹੁੰਦਾ ਹੈ ਅਤੇ ਉਸ ਦਾ ਧਰਮ ਕਿਹੜਾ ਹੈ। ਲੋਕਾਂ ਵਾਸਤੇ ਹਿੰਦੂ ਦੇ ਘਰ ਜੰਮਿਆ ਬੱਚਾ ਹਿੰਦੂ, ਮੁਸਲਿਮ ਦੇ ਘਰ ਜੰਮਿਆ ਮੁਸਲਮਾਨ, ਸਿੱਖ ਦੇ ਘਰ ਜੰਮਿਆ ਸਿੱਖ ਅਤੇ ਇਸਾਈ ਦੇ ਘਰ ਜੰਮਿਆ ਬੱਚਾ ਇਸਾਈ ਹੁੰਦਾ ਹੈ। ਬੱਚੇ ਦੇ ਜਨਮ ਸਮੇਂ ਹੀ ਜਿਹੜਾ ਉਸ ਦਾ ਨਾਂਅ ਰੱਖਿਆ ਜਾਂਦਾ ਹੈ, ਉਹ ਮਾਪਿਆਂ ਦੇ ਧਰਮ ਅਨੁਸਾਰ ਹੁੰਦਾ ਹੈ। ਪੰਜਵੇਂ ਸਾਲ ਜਾਂ ਉਸ ਦੇ ਬਾਅਦ ਉਸ ਦੇ ਮਾਪੇ ਉਸ ਨੂੰ ਥੋੜ੍ਹਾ -ਬਹੁਤ ਗਿਆਨ ਦੇਂਦੇ ਹਨ ਕਿ ਉਸ ਦਾ ਧਰਮ ਕਿਹੜਾ ਹੈ ਅਤੇ ਇਹ ਵਧੀਆ ਧਰਮ ਹੈ। ਇਸ ਕੰਮ ਵਿਚ ਉਹ ਧਾਰਮਿਕ ਸੰਸਥਾਵਾਂ ਵੀ ਹਿੱਸਾ ਪਾਉਂਦੀਆਂ ਹਨ, ਜਿੱਥੇ ਬੱਚੇ ਨੂੰ ਲਿਜਾਇਆ ਜਾਂਦਾ ਹੈ। ਮਾਪੇ ਆਪਣੇ ਬੱਚੇ ਨੂੰ ਧਾਰਮਿਕ ਕਹਾਣੀਆਂ, ਧਾਰਮਿਕ ਯੋਧਿਆਂ ਦੀਆਂ ਜੀਵਨੀਆਂ ਅਤੇ ਮਿਥਿਹਾਸਿਕ ਕਥਾ ਕਹਾਣੀਆਂ ਸੁਣਾਉਂਦੇ ਹਨ। ਕਈ ਵਾਰ ਜਦੋਂ ਬੱਚੇ ਨੂੰ ਕਿਸੇ ਨਿੱਜੀ ਸਕੂਲ ਵਿੱਚ ਦਾਖਲ ਕਰਵਾਇਆ ਜਾਂਦਾ ਹੈ ਅਤੇ ਉਸ ਸਕੂਲ ਦਾ ਮਾਹੌਲ ਵੀ ਮਾਪਿਆਂ ਦੇ ਧਰਮ ਵਾਲਾ ਹੁੰਦਾ ਹੈ ਤਾਂ ਬੱਚੇ 'ਤੇ ਧਰਮ ਦੀ ਪਾਣ ਹੋਰ ਜ਼ਿਆਦਾ ਚੜ੍ਹ ਜਾਂਦੀ ਹੈ। ਮਾਪਿਆਂ ਦਾ, ਧਾਰਮਿਕ ਸੰਸਥਾਵਾਂ ਦਾ, ਸਕੂਲ ਦਾ ਅਤੇ ਸਮਾਜ ਦਾ ਤਾਣਾ-ਬਾਣਾ ਬੱਚੇ ਦੇ ਦਿਮਾਗ 'ਤੇ ਇਹ ਛਾਪ ਦੇਂਦਾ ਹੈ ਕਿ ਉਸ ਦਾ ਧਰਮ ਹੀ ਸਭ ਤੋਂ ਵਧੀਆ ਹੈ। ਤੁਸੀਂ ਕਿਸੇ ਹਿੰਦੂ ਦੇ ਘਰ ਜੰਮ ਪਏ ਤਾਂ ਤੁਹਾਡੇ ਲਈ ਹਿੰਦੂ ਧਰਮ ਵਧੀਆ ਹੋਵੇਗਾ ਅਤੇ ਜੇਕਰ ਕਿਸੇ ਮੁਸਲਮਾਨ ਦੇ ਘਰ ਜੰਮ ਪਏ ਤਾਂ ਮੁਸਲਿਮ ਧਰਮ ਵਧੀਆ ਹੋਵੇਗਾ। ਆਪਣਾ ਅਪਣਾ ਧਰਮ ਵਧੀਆ ਤਾਂ ਹੋ ਸਕਦਾ ਹੈ, ਪਰ ਸਰਵਉੱਚ ਨਹੀਂ ਹੋ ਸਕਦਾ। ਜਦੋਂ ਦਿਮਾਗ ਵਿਚ ਸਰਵਉੱਚਤਾ ਦਾ ਕੀੜਾ ਵੜਦਾ ਹੈ ਤਾਂ ਇਹ ਲੜਾਈ-ਝਗੜੇ ਦਾ ਕਾਰਨ ਬਣ ਜਾਂਦਾ ਹੈ। ਕਿਸੇ ਨੇਤਾ ਦੇ ਆਪਣੇ ਦਿਮਾਗ ਵਿਚ ਭਾਵੇਂ ਕਿਸੇ ਧਰਮ ਦੀ ਸਰਵਉੱਚਤਾ ਦਾ ਕੀੜਾ ਨਾ ਹੋਵੇ, ਪਰ ਜੇਕਰ ਉਸ ਦੀਆਂ ਗਲਤ ਆਰਥਿਕ ਅਤੇ ਰਾਜਨੀਤਕ ਗਤੀਵਿਧੀਆਂ ਕਾਰਨ ਦੇਸ਼ ਢਾਹੁੰਦੀਆ ਕਲਾਵਾਂ ਵੱਲ ਜਾ ਰਿਹਾ ਹੋਵੇ ਤਾਂ ਉਹ ਆਪਣੀਆਂ ਨਾਕਾਮੀਆਂ ਨੂੰ ਛੁਪਾਉਣ ਲਈ ਦੇਸ਼ ਦੀ ਬਹੁਗਿਣਤੀ ਦੇ ਧਰਮ ਦੀ ਸਰਵਉੱਚਤਾ ਬਾਰੇ ਪ੍ਰਚਾਰ ਕਰਦਾ ਹੈ ਅਤੇ ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਘੱਟ ਗਿਣਤੀਆਂ ਦੇ ਸਿਰ ਮੜ੍ਹ ਦੇਂਦਾ ਹੈ। ਇਸ ਨਾਲ ਉਸ ਦਾ ਵੋਟ ਬੈਂਕ ਵਧ ਜਾਂਦਾ ਹੈ ਅਤੇ ਅਗਲੇਰੇ ਸਾਲਾਂ ਵਿਚ ਵੀ ਉਸ ਦੇ ਸੱਤਾ 'ਤੇ ਟਿਕੇ ਰਹਿਣਾ ਯਕੀਨੀ ਹੋ ਜਾਂਦਾ ਹੈ, ਪਰ ਕਾਠ ਦੀ ਹਾਂਡੀ ਜ਼ਿਆਦਾ ਦੇਰ ਤੱਕ ਨਹੀਂ ਚੜ੍ਹਦੀ। ਜਦ ਤੱਕ ਇਹੋ ਜਿਹੇ ਨੇਤਾ ਧਾਰਮਿਕ ਕੱਟੜਤਾ ਦੇ ਸਹਾਰੇ ਸੱਤਾ 'ਤੇ ਕਾਬਜ਼ ਰਹਿੰਦੇ ਹਨ, ਤਦ ਘੱਟ ਗਿਣਤੀ ਲੋਕਾਂ ਉੱਤੇ ਬਹੁਗਿਣਤੀ ਲੋਕਾਂ ਦੇ ਅੱਤਿਆਚਾਰ ਵਧਦੇ ਜਾਂਦੇ ਹਨ ਅਤੇ ਨੇਤਾ ਵੱਲੋਂ ਕਦੇ ਸ਼ਰੇਆਮ ਅਤੇ ਕਦੇ ਪਿੱਛੇ ਰਹਿ ਕੇ ਚੁੱਪ-ਚੁਪੀਤੇ ਇਹਨਾਂ ਅੱਤਿਆਚਾਰਾਂ ਦੀ ਸਹਿਮਤੀ ਦਿੱਤੀ ਜਾਂਦੀ ਹੈ। ਜਰਮਨੀ ਵਿਚ ਹਿਟਲਰ ਵੀ ਇਸੇ ਕੱਟੜਤਾ ਦਾ ਸ਼ਿਕਾਰ ਅਤੇ ਹਾਮੀ ਸੀ ਅਤੇ ਇਸੇ ਕਰਕੇ ਘੱਟ ਗਿਣਤੀ ਯਹੂਦੀਆਂ ਉੱਤੇ ਬਹੁਗਿਣਤੀ ਇਸਾਈਆਂ ਨੇ ਕਹਿਰ ਢਾਇਆ। ਯਹੂਦੀਆਂ 'ਤੇ ਕਹਿਰ ਨਾਜ਼ੀ ਪਾਰਟੀ ਨੇ ਢਾਏ, ਜਿਸ ਵਿਚ ਕਾਫੀ ਸਾਰੇ ਗੁੰਡਾ ਅਨਸਰ ਵੀ ਸ਼ਾਮਲ ਸੀ।

ਕੋਈ ਵੀ ਧਰਮ ਸੰਸਾਰ ਦਾ ਮਹਾਨ ਧਰਮ ਨਹੀਂ ਹੋ ਸਕਦਾ। ਮਹਾਨ ਤਾਂ ਕੀ, ਇਹ ਅਪਣਾਉਣਯੋਗ ਵੀ ਨਹੀਂ ਹੈ। ਘੱਟ ਜਾਂ ਵੱਧ ਇਹ ਇੱਕ-ਦੂਜੇ ਪ੍ਰਤੀ ਨਫਰਤ ਫੈਲਾਉਂਦੇ ਹਨ ਅਤੇ ਲੜਾਈ-ਝਗੜਿਆਂ ਦਾ ਕਾਰਨ ਬਣਦੇ ਹਨ। ਕਰੂਸੇਡ, ਜਿਹਾਦ, ਧਰਮ ਯੁੱਧ ਇਹ ਸਾਰੇ ਧਰਮਾਂ ਵਿੱਚੋਂ ਹੀ ਪੈਦਾ ਹੁੰਦੇ ਹਨ। ਸੰਸਾਰ ਮੰਡੀ 'ਤੇ ਕਬਜ਼ਾ ਕਰਨ ਅਤੇ ਦੋ ਸੰਸਾਰ ਜੰਗਾਂ ਤੋਂ ਪਹਿਲਾਂ ਸੰਸਾਰ ਭਰ ਵਿੱਚ ਜਿੰਨੇ ਵੀ ਯੁੱਧ ਹੋਏ ਹਨ, ਇਹ ਧਰਮਾਂ ਦੇ ਨਾਂਅ 'ਤੇ ਹੋਏ ਸਨ। ਧਰਮ ਆਮ ਤੌਰ 'ਤੇ ਵਿਗਿਆਨ ਦੇ ਵਿਰੋਧ ਵਿਚ ਆ ਖੜਦਾ ਹੈ ਅਤੇ ਪਿਛਲੇ ਸਮੇਂ ਇਸ ਨੇ ਵਿਗਿਆਨਕਾਂ 'ਤੇ ਕਈ ਜ਼ੁਲਮ ਵੀ ਢਾਹੇ ਹਨ।

ਜੇਕਰ ਕੋਈ ਧਰਮ ਸਰਵੋਤਮ ਹੈ ਤਾਂ ਉਹ ਕੇਵਲ ਮਨੁੱਖਤਾ ਦਾ ਧਰਮ ਹੈ, ਜਿਹੜਾ ਜਾਤ-ਪਾਤ, ਰੰਗ-ਭੇਦ, ਨਸਲ ਭੇਦ, ਭਾਸ਼ਾ ਭੇਦ ਨੂੰ ਤਿਆਗਦਾ ਹੋਇਆ ਸੰਸਾਰ ਦੀ ਸਾਰੀ ਲੋਕਾਈ ਨੂੰ ਆਪਣੀ ਬੁੱਕਲ ਵਿਚ ਲੈ ਲੈਂਦਾ ਹੈ, ਪਰ ਜ਼ਿਆਦਾਤਰ ਸਿਆਸਤਦਾਨਾਂ ਦਾ ਇਹ ਮਨ ਭਾਉਣਾ ਨਹੀਂ ਹੈ।

ਵੈਸੇ ਵੀ ਕਿਸੇ ਦੇਸ਼ ਦੀ ਮਹਾਨਤਾ ਦਾ ਕੋਈ ਇੱਕ ਪੈਮਾਨਾ ਨਹੀਂ ਹੁੰਦਾ। ਦੇਸ਼ ਦੀ ਮਹਾਨਤਾ ਉਸ ਦੀ ਜੀ.ਡੀ.ਪੀ ਤੋਂ ਮਾਪੀ ਜਾਂਦੀ ਹੈ, ਉਸ ਦੇਸ਼ ਦੀ ਫੌਜੀ ਤਾਕਤ ਤੋਂ ਮਾਪੀ ਜਾਂਦੀ ਹੈ, ਉਸ ਦੇਸ਼ ਦੀ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਤੋਂ ਮਾਪੀ ਜਾਂਦੀ ਹੈ, ਉਸ ਦੇਸ਼ ਦੇ ਲੋਕਾਂ ਦੀ ਔਸਤ ਉਮਰ ਤੋਂ ਮਾਪੀ ਜਾਂਦੀ ਹੈ,ਉਸ ਦੇਸ ਵਿਚ ਰੁਜ਼ਗਾਰ ਹੀ ਹਾਲਤ ਕੀ ਹੈ, ਉਸ ਦੇਸ਼ ਵਿਚ ਕਾਨੂੰਨ ਦੇ ਰਾਜ ਤੋਂ ਮਾਪੀ ਜਾਂਦੀ ਹੈ, ਉਸ ਦੇਸ਼ ਦੇ ਲੋਕਾਂ ਦੀ ਖੁਸ਼ਹਾਲੀ ਤੋਂ ਮਾਪੀ ਜਾਂਦੀ ਹੈ, ਉਸ ਦੇਸ਼ ਦੇ ਬੱਚਿਆਂ ਦੀਆਂ ਚੰਗੀਆਂ ਅਤੇ ਸਸਤੀਆਂ ਜਾਂ ਮੁਫਤ ਵਿੱਦਿਆ ਅਤੇ ਸਿਹਤ ਸਹੂਲਤਾਂ ਤੋਂ ਮਾਪੀ ਜਾਂਦੀ ਹੈ, ਉਸ ਦੇਸ਼ ਦੇ ਸੰਸਾਰ ਦੇ ਬਾਕੀ ਦੇਸ਼ਾਂ ਨਾਲ ਰਿਸ਼ਤਿਆਂ ਤੋਂ ਮਾਪੀ ਜਾਂਦੀ ਹੈ, ਉਸ ਦੇਸ਼ ਦੇ ਪ੍ਰਦੂਸ਼ਣ ਦੀ ਹਾਲਤ ਤੋਂ ਵੀ ਮਾਪੀ ਜਾਂਦੀ ਹੈ। ਭਾਵ ਕਿਸੇ ਦੇਸ਼ ਦੇ ਕੇਵਲ ਇੱਕ ਜਾਂ ਦੋ ਪੈਮਾਨੇ ਵਧੀਆ ਹੋਣ ਤੇ ਉਸ ਦੇਸ ਨੂੰ ਮਹਾਨ ਨਹੀਂ ਕਿਹਾ ਜਾ ਸਕਦਾ। ਹੁਣ ਅਮਰੀਕਾ ਦੀ ਜੀ.ਡੀ.ਪੀ ਅਤੇ ਅਤੇ ਫੌਜੀ ਤਾਕਤ ਬਹੁਤ ਚੰਗੀ ਹੈ, ਪਰ ਕੇਵਲ ਇਹਨਾ ਦੋ ਵਧੀਆ ਪੈਮਾਨਿਆਂ ਕਾਰਨ ਇਸ ਨੂੰ ਮਹਾਨ ਨਹੀਂ ਕਿਹਾ ਜਾ ਸਕਦਾ। ਭਾਰਤ ਦੀ ਜੀ.ਡੀ.ਪੀ ਦੋ ਲੱਖ ਸੱਤਰ ਹਜ਼ਾਰ ਕਰੋੜ ਡਾਲਰ ਹੈ ਅਤੇ ਸੈਸਲਜ਼ ਦੀ ਕੇਵਲ ਇੱਕ ਸੌ ਕਰੋੜ ਡਾਲਰ ਹੈ, ਪਰ ਪ੍ਰਤੀ ਵਿਅਕਤੀ ਭਾਰਤੀਆਂ ਦੀ ਸਾਲਾਨਾ ਆਮਦਨ 7130 ਡਾਲਰ ਅਤੇ ਸੈਸਲਜ਼ ਦੀ ਪ੍ਰਤੀ ਵਿਅਕਤੀ ਸਾਲਾਨਾ ਆਮਦਨ 14653 ਡਾਲਰ ਹੈ ਅਤੇ ਇਸ ਪ੍ਰਕਾਰ ਭਾਰਤ ਨਾਲੋਂ ਸੈਸਲਜ਼ ਵਿਚ ਪੈਸੇ ਦੀ ਵੰਡ ਵਧੀਆ ਹੈ।

ਇਸ ਲਈ ਕੋਈ ਵੀ ਦੇਸ਼, ਕੌਮ, ਰਾਸ਼ਟਰ, ਭਾਸ਼ਾ, ਧਰਮ ਸਰਬਉੱਚ ਨਹੀਂ ਹੋ ਸਕਦਾ। ਰਬਿੰਦਰ ਨਾਥ ਟੈਗੋਰ ਦਾ ਇਹ ਮੰਨਣਾ ਸੀ ਕਿ ਰਾਸਟਰ ਦਾ ਸੰਕਲਪ ਖਤਰਨਾਕ ਹੋ ਸਕਦਾ ਹੈ। ਟੈਗੋਰ ਨੇ ਕਿਹਾ, "ਮੈਂ ਕਿਸੇ ਇੱਕ ਰਾਸ਼ਟਰ ਦੇ ਵਿਰੁੱਧ ਨਹੀਂ, ਸਾਰੇ ਯੂਰਪੀ ਰਾਸ਼ਟਰਾਂ ਦੇ ਵਿਰੁੱਧ ਹਾਂ।" ਟੈਗੋਰ ਨੇ ਤੰਗ ਨਜ਼ਰੀਏ ਵਾਲੇ ਸਾਰੇ ਯੂਰਪੀ ਰਾਸ਼ਟਰਵਾਦਾਂ ਦੀ ਨਿੰਦਾ ਕੀਤੀ, ਜਿਨ੍ਹਾਂ ਕਰਕੇ ਦੋ ਸੰਸਾਰ ਜੰਗਾਂ ਹੋਈਆਂ, ਲੱਖਾਂ ਲੋਕ ਮਰੇ, ਸਾਮਰਾਜ ਬਣੇ ਅਤੇ ਮਨੁੱਖਾਂ ਨੂੰ ਅਧੀਨ ਬਣਾਇਆ। ਰਾਸ਼ਟਰਵਾਦ ਮਨੁੱਖ ਦੀਆਂ ਨੈਤਿਕ ਅਤੇ ਅਧਿਆਤਮਕ ਲੋੜਾਂ ਪੂਰੀਆਂ ਨਹੀਂ ਕਰ ਸਕਦਾ।" ਜੇਕਰ ਟੈਗੋਰ ਅੱਜ ਜਿਉਂਦਾ ਹੁੰਦਾ ਤਾਂ ਕੀ ਉਹ ਭਾਰਤ ਦੇ ਹਿੰਦੂ ਰਾਸ਼ਟਰ ਦੇ ਹੱਕ ਵਿੱਚ ਖੜਦਾ? ਜੇਕਰ ਕਿਤੇ ਗਲਤੀ ਨਾਲ ਵੀ ਭਾਰਤ ਵਿਚ ਹਿੰਦੂ ਰਾਸ਼ਟਰ ਬਣ ਗਿਆ ਤਾਂ ਕੀ ਇੱਥੇ ਸ਼ਾਂਤੀ ਕਾਇਮ ਰਹਿ ਸਕੇਗੀ ?

***# ਸੰਪਰਕ : 94176-32228***

# ਮਿੱਠੀਆਂ ਮਿਰਚਾਂ



ਸੁਰਿੰਦਰ ਸ਼ਰਮਾ ਨਾਗਰਾ

ਮੇਰੀ ਪਤਨੀ ਕਿਤੇ ਗਵਾਂਢ ਦੀਆਂ ਸਹੇਲੀਆਂ ਤੋਂ ਮਿੱਠੀਆਂ ਮਿਰਚਾਂ ਦੇ ਆਚਾਰ ਪਾਉਣ ਬਾਰੇ ਸੁਣ ਆਈ। ਮੈਨੂੰ ਗਾਹੇ-ਵਗਾਹੇ ਰੋਜ਼ ਕਹਿਣ ਲੱਗ ਪਈ ਕਿ ਮਿੱਠੀਆਂ ਮਿਰਚਾਂ ਦਾ ਆਚਾਰ ਜ਼ਰੂਰ ਪਾ ਕੇ ਦੇਖਣਾ। ਯੂ ਟਿਊਬ ਤੋਂ ਉਨ੍ਹਾਂ ਦਾ ਆਚਾਰ ਪਾਉਣ ਦੀ ਵਿਧੀ ਬਾਰੇ ਮੈਨੂੰ ਕਈ ਵਾਰ ਕਹਿਣ ਲੱਗੀ। ਮੋਬਾਈਲ ਦੀ ਯੂ ਟਿਊਬ ਵਾਰੇ ਉਸ ਨੂੰ ਬਹੁਤੀ ਜਾਣਕਾਰੀ ਨਹੀਂ ਸੀ। ਕੋਈ ਸਵੈਟਰ ਬੁਣਤੀ ਪਤਾ ਕਰਨੀ ਹੁੰਦੀ, ਆਚਾਰ ਪਾਉਣ ਦੀ ਵਿਧੀ ਜਾਨਣੀ ਹੁੰਦੀ ਜਾਂ ਕੋਈ ਹੋਰ ਜਾਣਕਾਰੀ ਲੈਣੀ ਹੁੰਦੀ ਤਾਂ ਮੈਨੂੰ ਕਹਿੰਦੀ। ਮੈਂ ਉਸ ਨੂੰ ਯੂ ਟਿਊਬ ਉਤੇ ਮਿੱਠੀਆਂ ਮਿਰਚਾਂ ਦੇ ਆਚਾਰ ਬਾਰੇ ਪੋਸਟ ਖੋਲ੍ਹ ਕੇ ਦੇ ਦਿੱਤੀ ਤੇ ਉਸ ਨੇ ਚੰਗੀ ਤਰ੍ਹਾਂ ਜਾਣਕਾਰੀ ਹਾਸਲ ਕਰ ਲਈ। ਉਸ ਦੇ ਵਾਰ-ਵਾਰ ਜ਼ੋਰ ਦੇਣ 'ਤੇ ਮੈਂ ਸਬਜ਼ੀ ਮੰਡੀ 'ਚੋਂ ਲਾਲ ਮਿਰਚਾਂ ਤੇ ਹੋਰ ਲੋੜੀਂਦਾ ਮਸਾਲਾ ਬਗੈਰਾ ਲਿਆ ਦਿੱਤਾ। ਹਾਲਾਂਕਿ ਸਿਹਤ ਪੱਖੋਂ ਬਹੁਤੀ ਤਕੜੀ ਨਹੀਂ, ਪਰ ਉਸ ਨੇ ਆਖਿਰ ਮਿੱਠੀਆਂ ਲਾਲ ਮਿਰਚਾਂ ਦਾ ਆਚਾਰ ਪਾ ਕੇ ਦਮ ਲਿਆ। ਜਦੋਂ ਮੈਂ ਰੋਟੀ ਖਾਣ ਵੇਲੇ ਇੱਕ ਮਿਰਚ ਖਾਧੀ ਤਾਂ ਪਹਿਲਾਂ ਤਾਂ ਬਹੁਤ ਸੁਆਦ ਲੱਗੀ, ਪਰ ਜਦੋਂ ਲਾਲ ਮਿਰਚ ਆਪਣਾ ਅਸਲ ਰੰਗ ਦਿਖਾਉਣ ਲੱਗੀ, ਤਾਲੂਆ ਲਾਲ ਹੋ ਗਿਆ, ਅੱਖਾਂ 'ਚੋਂ ਪਾਣੀ ਤ੍ਰਿਪ-ਤ੍ਰਿਪ ਚੋਵੇ। ਫਿਰ ਕਦੇ ਪਾਣੀ ਪੀਵਾਂ, ਕਦੇ ਗੁੜ ਵਾਲਾ ਡੱਬਾ ਲੱਭਾਂ ਤੇ ਕਦੇ ਚੀਨੀ ਵਾਲਾ। ਪਰ ਕੋਈ ਲਾਭ ਨਾ ਹੋਇਆ। ਅਖੀਰ ਲਾਲ ਮਿੱਠੀ ਮਿਰਚ ਆਪਣਾ ਪੂਰਾ ਰੰਗ ਦਿਖਾ ਕੇ ਹਟੀ। ਕਦੇ ਘਰਵਾਲੀ ਵੱਲ ਕੌੜਾ-ਕੌੜਾ ਦੇਖਾਂ ਤੇ ਕਦੇ ਆਪਣੇ ਮਚ ਰਹੇ ਮੂੰਹ ਵੱਲ ਵੇਖਾਂ।

ਇਹੀ ਹਾਲ ਸਾਡੇ ਲੀਡਰਾਂ ਦਾ, ਭਾਵੇਂ ਉਹ ਕੇਂਦਰ ਦੇ ਨੇਤਾ ਹੋਣ, ਭਾਵੇਂ ਸੂਬੇ ਦੇ ਨੇਤਾ ਹੋਣ ਜਾਂ ਫਿਰ ਛੁੱਟ-ਪੁਟ ਨੇਤਾ ਹੋਣ। ਇਲਾਕੇ ਵਿੱਚ ਜੇਕਰ ਹੜ੍ਹ ਆ ਜਾਣ ਤਾਂ ਪ੍ਰਸ਼ਾਸਨਿਕ ਅਧਿਕਾਰੀ ਮੌਕੇ ਉੱਤੇ ਦੌਰਾ ਕਰਕੇ ਪ੍ਰਭਾਵਿਤ ਲੋਕਾਂ ਨੂੰ ਫਿਰ ਸਰਕਾਰ ਦੀਆਂ ਹਦਾਇਤਾਂ ਅਧੀਨ ਮਿੱਠੀਆਂ ਮਿਰਚਾਂ ਵੰਡਦੇ ਹੋਏ ਦਿਲਾਸਾ ਦਿੰਦੇ ਕਹਿੰਦੇ ਹਨ, 'ਕੋਈ ਗੱਲ ਨਹੀਂ ਤੁਹਾਡੇ ਡਿੱਗੇ ਢਾਰਿਆਂ ਦਾ ਪੂਰਾ ਮੁਆਵਜ਼ਾ ਦੇਵਾਂਗੇ, ਲੱਗਦੀ ਵਾਹ ਕੱਲੀ-ਕੱਲੀ ਮਰੀ ਗਾਂ/ਮੱਝ, ਬੱਕਰੀ ਜਾਂ ਮਰੇ ਮੁਰਗੇ ਤੱਕ ਦਾ ਵੀ ਪੂਰਾ ਪੈਸਾ ਤੁਹਾਡੇ ਖਾਤੇ ਵਿੱਚ ਜਮ੍ਹਾਂ ਕਰਵਾ ਦਿਆਂਗੇ। ਅਜਿਹੀਆਂ ਮਿੱਠੀਆਂ ਮਿਰਚਾਂ ਵੰਡਣਗੇ ਕਿ ਲੋਕ ਬਾਅਦ ਵਿੱਚ ਗੇੜੇ ਮਾਰ-ਮਾਰ ਅੱਕ ਜਾਂਦੇ ਨੇ ਪਰ ਮੁਆਵਜ਼ੇ ਦਾ ਇੱਕ ਰੁਪਇਆ ਨਹੀਂ ਮਿਲਦਾ। ਪਿੰਡ ਦੇ ਸਰਪੰਚ ਤੇ ਨਗਰ ਪਾਲਿਕਾ ਦੇ ਚੁਣੇ ਹੋਏ ਨੁਮਾਇੰਦੇ ਲੋਕਾਂ ਨੂੰ ਮਿੱਠੀਆਂ ਮਿਰਚਾਂ ਵੰਡਦੇ ਅਜਿਹੇ ਵਾਅਦੇ ਕਰਦੇ ਹਨ ਕਿ ਪੂਰੇ ਪੰਜ ਸਾਲ ਲੰਘ ਜਾਂਦੇ ਨੇ, ਪਰ ਕੋਈ ਵਾਅਦਾ ਪੂਰਾ ਨਹੀਂ ਹੁੰਦਾ। ਸਾਰੇ ਲੀਡਰ ਵੋਟਾਂ ਲੈਣ ਵੇਲੇ ਤੇ ਫਿਰ ਜਿੱਤਣ ਤੋਂ ਬਾਅਦ ਆਪਣੇ ਵੋਟਰਾਂ ਨੂੰ ਅਜਿਹੀਆਂ ਮਿੱਠੀਆਂ ਲਾਲ ਮਿਰਚਾਂ ਵੰਡਦੇ ਨੇ, ਪਹਿਲਾਂ ਤਾਂ ਸੁਆਦ ਲੱਗਦੀਆਂ ਨੇ, ਪਰ ਜਦੋਂ ਆਪਣਾ ਅਸਲੀ ਰੰਗ ਦਿਖਾਉਂਦੀਆਂ ਨੇ, ਫਿਰ ਲੋਕ ਹੱਥ ਲਾ-ਲਾ ਦੇਖਦੇ ਨੇ। ਕੇਂਦਰ ਵਾਲੇ ਨੇਤਾ ਕਹਿਣਗੇ, ਦੇਸ਼ ਨੂੰ ਸ਼ਾਂਤੀ ਦਾ ਪ੍ਰਤੀਕ ਬਣਾਵਾਂਗੇ, ਸਭ ਨੂੰ ਸੁਰੱਖਿਆ ਦੇਵਾਂਗੇ ਜਾਂ ਮਹਿੰਗਾਈ ਦੂਰ ਕਰਾਂਗੇ ਬਗੈਰਾ-ਬਗੈਰਾ।

ਪਰ ਸ਼ਾਂਤੀ-ਪੂਰਵਕ ਦੇਸ਼ ਦੀਆਂ ਮਿੱਠੀਆਂ ਖਾਧੀਆਂ ਮਿਰਚਾਂ ਦਾ ਉਦੋਂ ਪਤਾ ਲੱਗਦਾ ਜਦੋਂ ਦੋ-ਤਿੰਨ ਸੂਬਿਆਂ ਵਿੱਚ ਸਾੜ-ਫੂਕ, ਅਗਜ਼ਨੀ, ਮਾਰ-ਧਾੜ, ਕਤਲੇਆਮ ਰੁਕਣ ਦਾ ਨਾਂਅ ਹੀ ਨਹੀਂ ਲੈ ਰਿਹਾ ਹੁੰਦਾ। ਮਹਿੰਗਾਈ ਦੂਰ ਕਰਨ ਦੀਆਂ ਮਿੱਠੀਆਂ ਲਾਲ ਮਿਰਚਾਂ ਦਾ ਉਦੋਂ ਪਤਾ ਲੱਗਦਾ, ਜਦੋਂ ਲਾਲ ਟਮਾਟਰ ਤਿੰਨ ਸੌ ਰੁਪਏ ਕਿੱਲੋ ਨੂੰ ਵੀ ਨਹੀਂ ਲੱਭਦੇ। ਇਸੇ ਤਰ੍ਹਾਂ ਸੂਬੇ ਦੇ ਨੇਤਾ ਵੀ ਮਿੱਠੀਆਂ ਮਿਰਚਾਂ ਵੰਡਦੇ ਨੇ ਇਹ ਕਹਿ ਕੇ ਕਿ ਸੜਕਾਂ ਮਲਾਈ ਵਰਗੀਆਂ ਬਣਾ ਦਿਆਂਗੇ, ਭਾਵੇਂ ਰੋਟੀ ਰੱਖ ਕੇ ਖਾ ਲੈਣਾ। ਪਤਾ ਉਦੋਂ ਲੱਗਦਾ ਜਦੋਂ ਗੱਡੀ ਖੱਡੇ ਵਿੱਚ ਵੱਜ ਕੇ ਚਾਰ ਭੁਆਂਟਣੀਆਂ ਖਾ ਜਾਂਦੀ ਹੈ ਤੇ ਵਿੱਚ ਬੈਠਿਆਂ ਕੋਈ ਨਹੀਂ ਬਚਦਾ। ਇਸੇ ਤਰ੍ਹਾਂ ਨਗਰ ਪਾਲਿਕਾ ਦੇ ਅਧਿਕਾਰੀ ਜਾਂ ਐੱਮ ਸੀ ਮਿੱਠੀਆਂ ਮਿਰਚਾਂ ਵੰਡਦੇ ਹੋਏ ਆਪਣਾ ਤੋਰੀ-ਫੁਲਕਾ ਚਲਾਈਂ ਜਾਂਦੇ ਹਨ। ਪ੍ਰਸ਼ਾਸਨਿਕ ਅਧਿਕਾਰੀ ਵੀ ਕੀ ਕਰਨ, ਉਨ੍ਹਾਂ ਦੇ ਹੱਥ ਬੰਨ੍ਹੇ ਹੋਏ ਹੁੰਦੇ ਹਨ। ਉਹ ਵੀ ਮਿੱਠੀਆਂ ਮਿਰਚਾਂ ਵੰਡ ਕੇ ਆਪਣਾ ਬੁੱਤਾ ਧੱਕੀ ਜਾਂਦੇ ਹਨ ਮਤਲਬ ਟਾਇਮ ਟਪਾਈ ਜਾਂਦੇ ਹਨ। ਲੋਕਾਂ ਨੂੰ ਲੀਡਰਾਂ ਵੱਲੋਂ ਜਾਂ ਅਧਿਕਾਰੀਆਂ ਵੱਲੋਂ ਦਿੱਤੀਆਂ ਮਿੱਠੀਆਂ ਮਿਰਚਾਂ ਦਾ ਬਾਅਦ ਵਿੱਚ ਕੁਸੈਲਾ ਜਿਹਾ ਸੁਆਦ ਆਉਂਦਾ ਹੈ ਤਾਂ ਉਹ ਵੀ ਫਿਰ ਮੇਰੇ ਵਾਂਗ ਗੁੜ ਜਾਂ ਚੀਨੀ ਵਾਲੇ ਡੱਬੇ ਲੱਭਦੇ ਫਿਰਦੇ ਰਹਿੰਦੇ ਹਨ, ਪਰ ਫਿਰ ਬਣਦਾ ਕੁੱਝ ਨਹੀਂ।

***# ਸੰਪਰਕ : 98786-46595***

# ਪੰਜਾਬ ਦੇ ਹਿੱਤ 'ਚ ਨਹੀਂ ਹੈ ਰਾਸ਼ਟਰਪਤੀ ਰਾਜ



ਗੁਰਮੀਤ ਸਿੰਘ ਪਲਾਹੀ

ਭਾਰਤ ਦਾ ਸੂਬਾ ਪੰਜਾਬ ਸੰਵਿਧਾਨਿਕ ਗੋਤੇ ਖਾ ਰਿਹਾ ਹੈ। ਇੱਕ ਪਾਸੇ ਪੰਜਾਬ ਦੇ ਸੰਵਿਧਾਨਿਕ ਮੁਖੀ ਰਾਜਪਾਲ ਬਨਵਾਰੀ ਲਾਲ ਪਰੋਹਿਤ ਦੇ ਖਤ ਹਨ, ਰਾਸ਼ਟਰਪਤੀ ਰਾਜ ਸੂਬੇ 'ਚ ਲਾਉਣ ਦੀਆਂ ਧਮਕੀਆਂ ਹਨ, ਦੂਜੇ ਪਾਸੇ ਚੁਣੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਦੇ ਤਿੱਖੇ ਜਵਾਬ ਹਨ। ਸੂਬੇ ਦੀ ਅਫ਼ਸਰਸ਼ਾਹੀ ਮੁਸਕਰੀਏ ਹੱਸ ਰਹੀ ਹੈ। ਪੰਜਾਬ ਦੇ ਲੋਕ ਪ੍ਰੇਸ਼ਾਨ ਹਨ। ਸੋਚਦੇ ਹਨ ਕਿ ਪੰਜਾਬ 'ਚ ਰਾਸ਼ਟਰਪਤੀ ਦਾ ਰਾਜ ਉਹਨਾਂ ਨੂੰ ਕਦੇ ਵੀ ਰਾਸ ਨਹੀਂ ਆਇਆ ਅਤੇ ਨਾ ਕਦੇ ਆਵੇਗਾ। ਸੂਝਵਾਨ ਲੋਕਾਂ ਦਾ ਵਿਚਾਰ ਹੈ ਕਿ ਪੰਜਾਬ 'ਚ ਰਾਸ਼ਟਰਪਤੀ ਰਾਜ ਪੰਜਾਬ ਦੇ ਹਿੱਤ 'ਚ ਨਹੀਂ ਹੈ।

ਸੱਤਾ ਦੀ ਲਾਲਸਾ, ਸੱਤਾ ਦੀ ਦੌੜ, ਪੰਜਾਬ ਨੂੰ ਹਥਿਆਉਣ ਦੀਆਂ ਕੋਸ਼ਿਸ਼ਾਂ ਪੰਜਾਬ ਦੇ ਸਿਆਸੀ ਮਾਹੌਲ ਨੂੰ ਤਾਂ ਲਾਂਬੂ ਲਾ ਹੀ ਰਹੀਆਂ ਹਨ ਪਰ ਪੰਜਾਬ ਦੇ ਲੋਕਾਂ ਅੱਗੇ ਵੱਡਾ ਸਵਾਲ ਖੜਾ ਕਰ ਰਹੀਆਂ ਹਨ ਕਿ ਪਹਿਲਾਂ ਹੀ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਪੰਜਾਬ ਨੂੰ ਆਖ਼ਰ ਕਿਹੜੇ ਰਾਹ ਤੋਰਨਾ ਚਾਹੁੰਦੇ ਹਨ ਸਿਆਸੀ ਆਗੂ? ਆਏ ਦਿਨ ਪੰਜਾਬ ਲਈ ਕੋਈ ਨਾ ਕੋਈ ਝੱਖੜ ਝੁਲਦਾ ਹੈ, ਕਦੇ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ 'ਚ ਲਿਆ ਕੇ ਸਾਜ਼ਿਸ਼ਾਂ ਦਾ ਦੌਰ ਚਲਾਇਆ ਜਾਂਦਾ ਹੈ ਅਤੇ ਕਦੇ ਗੈਂਗਸਟਰਾਂ ਰਾਹੀਂ ਕਲਾਕਾਰਾਂ, ਕਬੱਡੀ ਖਿਡਾਰੀਆਂ ਦੇ ਕਤਲਾਂ ਦੀ ਗੱਲ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਦੀ ਹੈ।

ਮੁੱਖ ਮੰਤਰੀ ਤੇ ਰਾਜਪਾਲ ਵਿਚਕਾਰ ਤਕਰਾਰ ਅਤੇ ਟਕਰਾਅ ਮੰਦਭਾਗਾ ਹੈ ਅਤੇ ਬੇਲੋੜਾ ਵੀ ਹੈ। ਪੰਜਾਬ ਦੇ ਰਾਜਪਾਲ ਆਖਦੇ ਹਨ ਕਿ ਉਨ੍ਹਾ ਮੁੱਖ ਮੰਤਰੀ ਪੰਜਾਬ ਨੂੰ 16 ਖਤ ਲਿਖੇ ਹਨ, ਪਰ ਜਵਾਬ ਕੋਈ ਨਹੀਂ ਮਿਲਿਆ। ਮੁੱਖ ਮੰਤਰੀ ਆਖਦੇ ਹਨ ਕਿ ਉਹਨਾ ਦੀ ਸਰਕਾਰ ਵੱਲੋਂ ਰਾਜਪਾਲ ਪੰਜਾਬ ਨੂੰ 6 ਬਿੱਲ ਪਾਸ ਕਰਨ ਲਈ ਭੇਜੇ ਹਨ, ਉਹ ਪ੍ਰਵਾਨਗੀ ਜਾਂ ਅਪ੍ਰਵਾਨਗੀ ਉਪਰੰਤ ਵਾਪਸ ਕਦੇ ਨਹੀਂ ਪਰਤੇ। ਮੁੱਖ ਮੰਤਰੀ ਆਖਦੇ ਹਨ ਕਿ ਰਾਜਪਾਲ ਪੰਜਾਬ ਨੇ ਪੰਜਾਬੀਆਂ ਦੀਆਂ ਭਾਵਨਾਵਾਂ ਦਾ ਨਿਰਾਦਰ ਕੀਤਾ ਹੈ।

ਰਾਜਪਾਲ ਪੰਜਾਬ ਨੇ ਸੰਵਿਧਾਨ ਦੀ ਧਾਰਾ 356 ਤਹਿਤ ਪੰਜਾਬ 'ਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਧਮਕੀ ਦਿੱਤੀ ਹੈ। ਰਾਜਪਾਲ ਨੇ ਮੁੱਖ ਮੰਤਰੀ ਵੱਲੋਂ ਵਰਤੀ ਗਈ ਅਪਮਾਨਜਨਕ ਸ਼ਬਦਾਵਲੀ ਸਬੰਧੀ ਧਾਰਾ 124 ਅਧੀਨ ਮੁੱਖ ਮੰਤਰੀ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਲਈ ਵੀ ਕਿਹਾ ਹੈ। ਇਸ ਕਿਸਮ ਦੀਆਂ ਧਮਕੀਆਂ ਅਤੇ ਇਸ ਤੋਂ ਪੈਦਾ ਹੋਏ ਮਾਹੌਲ ਕਾਰਨ ਪੰਜਾਬ ਦੀ ਅਫ਼ਸਰਸ਼ਾਹੀ 'ਚ ਅਜੀਬ ਜਿਹਾ ਡਰ ਵੇਖਣ ਨੂੰ ਮਿਲ ਰਿਹਾ ਹੈ, ਅਫ਼ਸਰਸ਼ਾਹੀ 'ਚ ਇਸ ਕਿਸਮ ਦੀ ਚਰਚਾ ਛਿੜ ਗਈ ਹੈ ਕਿ ਉਹ ਕਿਸ ਦੇ ਪੱਖ 'ਚ ਖੜਨ, ਚੁਣੀ ਹੋਈ ਸਰਕਾਰ ਦੇ ਮੁਖੀ ਦੇ ਪੱਖ 'ਚ ਜਾਂ ਫਿਰ ਸੰਵਿਧਾਨਿਕ ਮੁਖੀ ਦੇ ਹੱਕ 'ਚ। ਇਸ ਦੁਬਿਧਾ ਕਾਰਨ ਪੰਜਾਬ ਦਾ ਪ੍ਰਸ਼ਾਸਨਿਕ ਢਾਂਚਾ ਡਾਵਾਂਡੋਲ ਹੋਏਗਾ ਅਤੇ ਪਹਿਲਾਂ ਹੀ ਸਿਆਸੀ ਤੌਰ 'ਤੇ ਖਲਾਅ ਵਾਲੇ ਸੂਬੇ 'ਚ ਹੋਰ ਪ੍ਰਸ਼ਾਸਨਿਕ ਖਲਾਅ ਵੇਖਣ ਨੂੰ ਮਿਲੇਗਾ।

ਸੰਭਵ ਹੈ ਜਿਹੋ ਜਿਹਾ ਅਸੁਖਾਵਾਂ ਮਾਹੌਲ ਪੰਜਾਬ 'ਚ ਵੇਖਣ ਨੂੰ ਮਿਲ ਰਿਹਾ ਹੈ, ਰਾਜ ਦੀ ਚੁਣੀ ਹੋਈ ਸਰਕਾਰ ਸੁਪਰੀਮ ਕੋਰਟ ਦਾ ਰੁਖ ਕਰੇ ਅਤੇ ਗਵਰਨਰ ਵਿਰੁੱਧ ਉੱਚ ਅਦਾਲਤ ਵਿੱਚ ਜਾਵੇ ਕਿ ਸੂਬੇ 'ਚ ਸਭ ਅੱਛਾ ਹੈ, ਪਰ ਰਾਜਪਾਲ ਪੰਜਾਬ, ਪੰਜਾਬ ਦੀ ਸਥਿਤੀ ਅਸਥਿਰ ਕਰਨ 'ਤੇ ਤੁਲੇ ਹਨ ਅਤੇ ਪੰਜਾਬ 'ਚ ਰਾਸ਼ਟਰਪਤੀ ਰਾਜ ਲਾਗੂ ਕਰਨਾ ਚਾਹੁੰਦੇ ਹਨ, ਜੋ ਕਿ ਜਮਹੂਰੀ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗਣ ਦੀ ਕੋਸ਼ਿਸ਼ ਹੈ, ਪਰ ਸੁਪਰੀਮ ਕੋਰਟ ਜਾਣ ਲਈ ਵੱਡੇ ਵਕੀਲਾਂ ਦਾ ਖਰਚਾ ਤਾਂ ਪੰਜਾਬ ਦੇ ਟੈਕਸ ਅਦਾ ਕਰਨ ਵਾਲੇ ਲੋਕ ਹੀ ਚੁੱਕਣਗੇ ਦੋਵਾਂ ਧਿਰਾਂ ਦਾ। ਕੀ ਇਹ ਜਾਇਜ਼ ਹੈ?

ਪੰਜਾਬ ਸਮੇਂ-ਸਮੇਂ ਗਵਰਨਰੀ, ਰਾਸ਼ਟਰਪਤੀ ਰਾਜ ਦਾ ਸੰਤਾਪ ਭੋਗਦਾ ਰਿਹਾ ਹੈ। ਕੇਂਦਰ ਦੇ ਹਾਕਮਾ ਨੇ ਕਈ ਵਾਰ 'ਪੰਜਾਬ ਦੀ ਸਥਿਤੀ ਨਾਜ਼ੁਕ ਹੈ' ਦੱਸ ਕੇ ਇਥੇ ਗਵਰਨਰੀ ਰਾਜ ਲਾਗੂ ਕੀਤਾ। ਪੰਜਾਬ 'ਚ ਮੌਕੇ ਦੇ ਕੇਂਦਰੀ ਹਾਕਮਾਂ ਆਪਹੁਦਰੇਪਨ ਅਤੇ ਧੱਕੇਸ਼ਾਹੀ ਨਾਲ ਇੱਥੇ ਰਾਜ ਕੀਤਾ, ਪਰ ਇਸ ਧੱਕੇ ਨੂੰ ਪੰਜਾਬੀਆਂ ਸਦਾ ਨਾਪਸੰਦ ਕੀਤਾ। ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆ 'ਦਿੱਲੀ ਦੀਆਂ ਸਰਕਾਰਾਂ' ਨਾਲ ਦਸਤਪੰਜਾ ਲਿਆ ਅਤੇ ਉਨ੍ਹਾਂ ਵੱਲੋਂ ਕੀਤੀ ਗਈ ਕਿਸੇ ਵੀ ਜ਼ੋਰ-ਜ਼ਬਰਦਸਤੀ ਨੂੰ ਕਦੇ ਪਸੰਦ ਨਹੀਂ ਕੀਤਾ।

ਪੰਜਾਬ ਨੂੰ 8 ਵਰ੍ਹੇ ਰਾਸ਼ਟਰਪਤੀ ਰਾਜ ਵੇਖਣਾ ਪਿਆ ਹੈ, ਕੁਲ ਮਿਲਾ ਕੇ 3510 ਦਿਨ ਭਾਵ ਲਗਭਗ 10 ਵਰ੍ਹੇ। ਏਨਾ ਲੰਮਾ ਸਮਾਂ ਪੰਜਾਬ ਸਿੱਧਾ ਕੇਂਦਰ ਅਧੀਨ ਰਿਹਾ ਅਤੇ ਜ਼ਿਆਦਤੀਆਂ ਸਹਿੰਦਾ ਰਿਹਾ। ਭਾਰਤ 'ਚ ਪੰਜਾਬ ਪਹਿਲਾ ਰਾਜ ਬਣਿਆ, ਜਿਥੇ 356 ਧਾਰਾ ਦੀ ਵਰਤੋਂ ਕਰਦਿਆਂ 20 ਜੂਨ 1951 ਨੂੰ 302 ਦਿਨਾਂ ਲਈ ਰਾਸ਼ਟਰਪਤੀ ਰਾਜ ਲਾਗੂ ਹੋਇਆ।

ਜਦੋਂ ਪੰਜਾਬ ਵੰਡਿਆ ਗਿਆ 1966 'ਚ, ਫਿਰ 5 ਜੁਲਾਈ 1966 ਤੋਂ 1 ਨਵੰਬਰ 1966 ਤੱਕ 119 ਦਿਨ ਇਥੇ ਰਾਸ਼ਟਰਪਤੀ ਨੇ ਰਾਜ ਕੀਤਾ।

ਗੱਠਜੋੜ 'ਚ ਤਰੇੜਾਂ ਕਾਰਨ 23 ਅਗਸਤ 1968 ਨੂੰ ਅਸੰਬਲੀ ਭੰਗ ਹੋਈ, ਜੋ 178 ਦਿਨ ਤੱਕ ਭੰਗ ਰਹੀ। 14 ਜੂਨ 1971 ਤੋਂ 17 ਮਾਰਚ 1972 ਤੱਕ 277 ਦਿਨ, 30 ਅਪ੍ਰੈਲ 1977 ਤੋਂ 20 ਜੂਨ 1977 ਤੱਕ 51 ਦਿਨ ਅਤੇ ਫਿਰ 17 ਫਰਵਰੀ 1980 ਤੋਂ 6 ਜੂਨ 1980 ਤੱਕ ਰਾਸ਼ਟਰਪਤੀ ਰਾਜ ਰਿਹਾ। ਅਮਨ-ਕਾਨੂੰਨ ਦੀ ਸਥਿਤੀ ਖਰਾਬ ਹੋਣ ਕਾਰਨ ਪਹਿਲਾਂ 10 ਅਕਤੂਬਰ 1983 ਤੋਂ 29 ਸਤੰਬਰ 1985 ਅਤੇ ਫਿਰ 11 ਮਈ 1987 ਤੋਂ 25 ਫਰਵਰੀ 1992 (ਲਗਭਗ 5 ਸਾਲ) ਤੱਕ ਪੰਜਾਬ 'ਚ ਸਰਕਾਰਾਂ ਦੀ ਚੋਣ ਨਹੀਂ ਹੋਈ ਤੇ ਰਾਸ਼ਟਰਪਤੀ ਨੇ ਰਾਜ ਕੀਤਾ।

ਪੰਜ ਸਾਲ ਦਾ ਇਹ ਅਰਸਾ 356 ਦੀ ਧਾਰਾ ਦੇ ਵੀ ਵਿਰੁੱਧ ਸੀ, ਜਿਸ ਅਨੁਸਾਰ ਲਗਾਤਾਰ ਤਿੰਨ ਸਾਲ ਤੋਂ ਵੱਧ ਰਾਸ਼ਟਰਪਤੀ ਰਾਜ ਲਾਗੂ ਨਹੀਂ ਕੀਤਾ ਜਾ ਸਕਦਾ, ਪਰ ਅੱਤਵਾਦ ਦੌਰਾਨ ਇਹ ਅਰਸਾ ਵੀ ਵਧਾ ਕੇ 5 ਸਾਲ ਕਰ ਦਿੱਤਾ ਗਿਆ।

ਜੇਕਰ ਹੁਣ ਪੰਜਾਬ ਦੇ ਰਾਜਪਾਲ ਸੂਬੇ 'ਚ ਸੰਵਿਧਾਨਕ ਤੰਤਰ ਫੇਲ੍ਹ ਹੋਣ ਦੇ ਨਾਂਅ ਉਤੇ ਪੰਜਾਬ ਅਸੰਬਲੀ ਇਸ ਅਧਾਰ 'ਤੇ ਭੰਗ ਕਰਨ ਦੀ ਸਿਫਾਰਸ਼ ਕਰਦੇ ਹਨ ਕਿ ਪੰਜਾਬ 'ਚ ਕਾਨੂੰਨ ਦੀ ਸਥਿਤੀ ਠੀਕ ਨਹੀਂ ਹੈ, ਨਸ਼ਿਆਂ ਦਾ ਪੰਜਾਬ 'ਚ ਪ੍ਰਕੋਪ ਵਧਿਆ ਹੈ, ਪੰਜਾਬ 'ਚ ਠੀਕ ਢੰਗ ਨਾਲ ਪ੍ਰਸ਼ਾਸਨ ਕੰਮ ਨਹੀਂ ਕਰ ਰਿਹਾ ਤਾਂ ਇਹ ਅਲੋਕਾਰੀ ਗੱਲ ਹੋਏਗੀ, ਕਿਉਂਕਿ ਮਨੀਪੁਰ ਜਾਂ ਹਰਿਆਣਾ 'ਚ ਤਾਂ ਇਸ ਵੇਲੇ ਅਮਨ-ਕਾਨੂੰਨ ਦੀ ਸਥਿਤੀ ਅਤਿਅੰਤ ਭੈੜੀ ਹੈ, ਉਥੋਂ ਦੇ ਗਵਰਨਰ ਉਥੇ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਸ਼ ਕਿਉਂ ਨਹੀਂ ਕਰਦੇ? ਅਸਲ ਵਿੱਚ ਤਾਂ ਜਿਥੇ ਕਿਧਰੇ ਵੀ ਦੇਸ਼ ਵਿੱਚ ਭਾਜਪਾ ਵਿਰੋਧੀ ਸਰਕਾਰਾਂ ਹਨ, ਉਥੋਂ ਦੇ ਗਵਰਨਰ ਅੱਡੀ-ਚੋਟੀ ਦਾ ਜ਼ੋਰ ਲਗਾ ਕੇ ਉਥੋਂ ਦੀਆਂ ਸਰਕਾਰਾਂ ਨੂੰ ਕੰਮ ਨਹੀਂ ਕਰਨ ਦੇ ਰਹੇ ਅਤੇ ਸਰਕਾਰਾਂ ਦੇ ਕੰਮ 'ਚ ਰੋੜੇ ਅਟਕਾ ਰਹੇ ਹਨ।

ਬਿਨਾਂ ਸ਼ੱਕ ਪੰਜਾਬ 'ਚ ਬੇਰੁਜ਼ਗਾਰੀ ਹੈ। ਪੰਜਾਬ ਪ੍ਰਵਾਸ ਦੇ ਰਾਹ ਹੈ। ਪੰਜਾਬ ਨਸ਼ੇ ਨੇ ਭੰਨਿਆ ਹੋਇਆ ਹੈ। ਪੰਜਾਬ ਆਰਥਕ ਮੰਦਹਾਲੀ ਦੇ ਦੌਰ 'ਚੋਂ ਗੁਜ਼ਰ ਰਿਹਾ ਹੈ। ਬਹੁਤੇ ਲੋਕਾਂ ਦਾ ਵਿਚਾਰ ਹੈ ਕਿ ਮੌਜੂਦਾ ਸਰਕਾਰ ਤੋਂ ਜਿਸ ਕਿਸਮ ਦੀ ਕਾਰਗੁਜ਼ਾਰੀ ਦੀ ਆਸ ਸੀ, ਉਹ ਪੂਰੀ ਨਹੀਂ ਹੋ ਰਹੀ। ਉਹਨਾਂ ਦਾ ਇਹ ਵੀ ਕਹਿਣਾ ਹੈ ਕਿ ਸਰਕਾਰ ਅਨੇਕ ਮੁਹਾਜ਼ਾਂ 'ਤੇ ਲੋਕ-ਪੱਖੀ ਕੰਮ ਕਰਨ ਵਿੱਚ ਅਸਫ਼ਲ ਰਹੀ ਹੈ। ਸੂਬੇ 'ਚ ਨਿੱਤ ਮੁਜ਼ਾਹਰੇ ਹੋ ਰਹੇ ਹਨ।

(● ਬਾਕੀ ਸਫ਼ਾ 9)

# ਹੜ੍ਹ ਮਾਰੇ ਕਿਸਾਨਾਂ ਦੇ ਮੁਆਵਜ਼ੇ ਲਈ ਸੰਯੁਕਤ ਮੋਰਚਾ 'ਆਪ' ਤੇ ਭਾਜਪਾ ਆਗੂਆਂ ਦਾ ਕਰੇਗਾ ਘਿਰਾਓ



**ਸਮਰਾਲਾ, (ਸੁਰਜੀਤ ਸਿੰਘ)** ਸੰਯੁਕਤ ਕਿਸਾਨ ਮੋਰਚਾ ਪੰਜਾਬ ਦੀਆਂ 32 ਜਥੇਬੰਦੀਆਂ ਦੀ ਅਹਿਮ ਮੀਟਿੰਗ ਬਿੰਦਰ ਸਿੰਘ ਗੋਲੇਵਾਲ, ਬੂਟਾ ਸਿੰਘ ਬੁਰਜ ਗਿੱਲ ਤੇ ਪ੍ਰਮਿੰਦਰ ਸਿੰਘ ਪਾਲ ਮਾਜਰਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਪੰਜਾਬ ਦੀਆਂ 32 ਜਥੇਬੰਦੀਆਂ ਦੇ ਆਗੂਆਂ ਨੇ ਭਾਗ ਲਿਆ ਅਤੇ ਪੰਜਾਬ 'ਚ ਹੜ੍ਹ ਪ੍ਰਭਾਵਤ ਲੋਕਾਂ ਨੂੰ ਮੁਆਵਜ਼ਾ ਦਿਵਾਉਣ ਲਈ 11 ਤੋਂ 13 ਸਤੰਬਰ ਤੱਕ ਸੰਯੁਕਤ ਮੋਰਚੇ ਨੇ ਰੋਸ ਧਰਨਿਆਂ ਦੇ ਰੂਪ ਵਿੱਚ ਸੰਘਰਸ਼ ਵਿੱਢਣ ਦਾ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਦੇ 23 ਜ਼ਿਲ੍ਹਿਆਂ 'ਚ 'ਆਪ' ਤੇ ਬੀਜੇਪੀ ਆਗੂਆਂ ਦੇ ਘਰਾਂ ਦਾ ਵੱਡੇ ਪੱਧਰ 'ਤੇ ਘਿਰਾਓ ਕਰਾਂਗੇ ਅਤੇ ਮੰਤਰੀਆਂ ਤੇ ਸੰਤਰੀਆਂ ਦਾ ਘਰਾਂ 'ਚੋਂ ਨਿਕਲਣਾ ਬੰਦ ਕਰ ਦਿਆਂਗੇ।

ਆਗੂਆਂ ਨੇ ਕਿਹਾ ਕਿ ਫਗਵਾੜਾ ਵਿਖੇ ਸੋਮ ਨਾਥ, ਪਟਿਆਲਾ ਵਿਖੇ ਕੈਪਟਨ ਅਮਰਿੰਦਰ ਸਿੰਘ, ਡਾ. ਬਲਬੀਰ ਸਿੰਘ, ਚੇਤਨ ਸਿੰਘ ਜੌੜਾ ਮਾਜਰਾ, ਫ਼ਿਰੋਜ਼ਪੁਰ 'ਚ ਰਾਣਾ ਸੋਢੀ, ਮਾਨਸਾ 'ਚ ਪ੍ਰਿੰਸੀਪਲ ਬੁੱਧਰਾਮ, ਕਪੂਰਥਲਾ 'ਚ ਸੰਤ ਬਲਬੀਰ ਸਿੰਘ ਸੀਚੇਵਾਲ, ਪਠਾਨਕੋਟ 'ਚ ਅਸ਼ਵਨੀ ਸ਼ਰਮਾ ਅਤੇ ਲਾਲ ਚੰਦ ਕਟਾਰੂਚੱਕ, ਰੋਪੜ 'ਚ ਹਰਜੋਤ ਬੈਂਸ ਅਤੇ ਇਕਬਾਲ ਸਿੰਘ ਲਾਲਪੁਰਾ, ਮੋਹਾਲੀ 'ਚ ਅਨਮੋਲ ਗਗਨ ਮਾਨ, ਹੁਸ਼ਿਆਰਪੁਰ 'ਚ ਬ੍ਰਹਮਸ਼ੰਕਰ ਜਿੰਪਾ, ਮੋਗਾ 'ਚ ਦਵਿੰਦਰਜੀਤ ਸਿੰਘ ਲਾਡੀ ਢੋਸ, ਜਲੰਧਰ 'ਚ ਬਲਕਾਰ ਸਿੰਘ ਅਤੇ ਐਮ ਪੀ ਸੁਸ਼ੀਲ ਕੁਮਾਰ ਰਿੰਕੂ, ਸੰਗਰੂਰ 'ਚ ਮੁੱਖ ਮੰਤਰੀ ਭਗਵੰਤ ਮਾਨ, ਫ਼ਰੀਦਕੋਟ 'ਚ ਸਪੀਕਰ ਕੁਲਤਾਰ ਸੰਧਵਾਂ, ਮੁਕਤਸਰ ਸਾਹਿਬ ਗੁਰਮੀਤ ਸਿੰਘ ਖੁੱਡੀਆਂ, ਸ੍ਰੀ ਅੰਮ੍ਰਿਤਸਰ ਸਾਹਿਬ ਕੁਲਦੀਪ ਸਿੰਘ ਧਾਲੀਵਾਲ, ਫ਼ਾਜ਼ਿਲਕਾ ਸੁਨੀਲ ਜਾਖੜ, ਤਰਨਤਾਰਨ ਲਾਲਜੀਤ ਸਿੰਘ ਭੁੱਲਰ,ਬਰਨਾਲਾ ਮੀਤ ਹੇਅਰ ਤੇ ਬਠਿੰਡਾ ਵਿਖੇ ਮਨਪ੍ਰੀਤ ਬਾਦਲ ਦੇ ਘਰਾਂ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਜੋ 6800 ਰੁਪਏ ਦੀ ਮੁਆਵਜ਼ਾ ਰਾਸ਼ੀ ਮੁੱਖ ਮੰਤਰੀ ਪੰਜਾਬ ਨੇ ਐਲਾਨ ਕੀਤੀ ਹੈ, ਉਸ ਨੂੰ ਸੰਯੁਕਤ ਕਿਸਾਨ ਮੋਰਚਾ ਪੰਜਾਬ ਮੁੱਢ ਤੋਂ ਨਕਾਰਦਾ ਹੈ।

2 ਸਤੰਬਰ ਨੂੰ ਐਸ ਕੇ ਐਮ ਭਾਰਤ ਦੀ ਵੱਡੀ ਮੀਟਿੰਗ ਕਿਸਾਨ ਭਵਨ ਚੰਡੀਗੜ੍ਹ ਵਿਖੇ ਹੋਵੇਗੀ, ਜਿਸ ਵਿੱਚ ਪੰਜਾਬ ਸਮੇਤ ਪੂਰੇ ਭਾਰਤ ਦੇ ਮੁੱਦਿਆਂ 'ਤੇ ਵਿਚਾਰਾਂ ਹੋਣਗੀਆਂ ਅਤੇ 5 ਸਤੰਬਰ ਨੂੰ ਐਸ ਕੇ ਐਮ ਪੰਜਾਬ ਦੀਆਂ 11 ਸਤੰਬਰ ਦੇ ਰੋਸ ਧਰਨਿਆਂ ਨੂੰ ਲੈ ਕੇ ਜ਼ਿਲ੍ਹਾ ਪੱਧਰੀ ਮੀਟਿੰਗਾਂ ਕਰਨ ਦਾ ਵੀ ਐਲਾਨ ਕੀਤਾ ਹੈ। 3 ਅਕਤੂਬਰ ਨੂੰ ਲਖੀਮਪੁਰ ਖੀਰੀ ਦੇ ਸ਼ਹੀਦਾਂ ਲਈ ਕਾਲਾ ਦਿਨ ਮਨਾਉਣ ਅਤੇ ਲਖੀਮਪੁਰ ਖੀਰੀ ਦੇ ਸ਼ਹੀਦਾਂ ਦੀ ਬਰਸੀ 'ਤੇ ਜਾਣ ਸਬੰਧੀ ਵੀ ਵਿਚਾਰਾਂ ਕੀਤੀਆਂ ਗਈਆਂ।

## ਜ਼ੋਨਲ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪ੍ਰਾਪਤ ਕੀਤਾ ਤੀਜਾ ਸਥਾਨ

**ਬਾਘਾ ਪੁਰਾਣਾ, (ਮਨੀ ਸਿੰਗਲਾ)** ਸਪਰਿੰਗ ਫੀਲਡ ਕਾਨਵੈਂਟ ਸਕੂਲ ਦੇ ਬੱਚਿਆਂ ਨੇ ਜ਼ੋਨ ਦੀਆਂ ਖੇਡਾਂ ਹੋ ਰਹੀਆਂ ਹਨ, ਉਨ੍ਹਾਂ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕਰਕੇ ਜਿੱਤਾਂ ਪ੍ਰਾਪਤ ਕੀਤੀਆਂ। ਸਕੂਲ ਦੀਆਂ ਟੀਮਾਂ ਲੜਕੀਆਂ ਅੰਡਰ-17 ਬੈਡਮਿੰਟਨ ਵਿਚ ਫਸਟ ਪੁਜ਼ੀਸ਼ਨ, ਲੜਕੀਆਂ ਅੰਡਰ-19 ਬੈਡਮਿੰਟਨ ਵਿਚ ਫਸਟ, ਲੜਕੀਆਂ ਅੰਡਰ-17 ਕ੍ਰਿਕਟ ਵਿਚ ਫਸਟ ਪੁਜ਼ੀਸਨ, ਟੇਬਲ ਟੈਨਿਸ ਲੜਕੀਆਂ ਅੰਡਰ 17 ਫਸਟ ਪੁਜ਼ੀਸਨ, ਫੁੱਟਬਾਲ ਲੜਕੇ ਅੰਡਰ 19 ਫਸਟ ਪੁਜ਼ੀਸ਼ਨ, ਬੈਡਮਿੰਟਨ ਲੜਕੀਆਂ ਅੰਡਰ 19 ਸੈਕਿੰਡ ਪੁਜ਼ੀਸ਼ਨ, ਲੜਕੀਆਂ ਅੰਡਰ 17 ਕ੍ਰਿਕਟ ਸੈਕਿੰਡ ਪੁਜ਼ੀਸ਼ਨ, ਬੈਡਮਿੰਟਨ ਲੜਕੇ ਅੰਡਰ 17 ਸੈਕਿੰਡ ਪੁਜ਼ੀਸ਼ਨ, ਟੱਗ ਆਫ਼ ਵਰ ਖੇਡ ਅੰਡਰ 19 ਲੜਕੇ ਸੈਕਿੰਡ ਪੁਜ਼ੀਸਨ ਹਾਸਲ ਕੀਤੀ ਤੇ ਬੈਡਮਿੰਟਨ ਲੜਕੀਆਂ ਅੰਡਰ 14, ਬੈਡਮਿੰਟਨ ਲੜਕੇ ਅੰਡਰ-19, ਕ੍ਰਿਕਟ ਅੰਡਰ 14 ਕ੍ਰਿਕਟ ਲੜਕੇ, ਅੰਡਰ-19 ਫੁੱਟਬਾਲ ਲੜਕੇ, ਚੈਸ ਲੜਕੇ ਅੰਡਰ 19 ਨੇ ਜ਼ੋਨ ਲੈਵਲ 'ਤੇ ਤੀਜਾ ਸਥਾਨ ਹਾਸਲ ਕਰ ਸਕੂਲ ਦਾ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ। ਸਕੂਲ ਚੇਅਰਮੈਨ ਨਰ ਸਿੰਘ ਬਰਾੜ ਨੇ ਦੱਸਿਆ ਕਿ ਸਕੂਲ ਦੇ ਬਹੁਤ ਵਧੀਆ ਵੱਖ-ਵੱਖ ਖੇਡ ਗਰਾਊਂਡਾਂ ਹੋਣ ਕਰਕੇ ਬੱਚੇ ਸਾਰੇ ਸਾਲ ਅਭਿਆਸ ਕਰਦੇ ਹਨ, ਜਿਸ ਕਰਕੇ ਇਨ੍ਹਾਂ ਖੇਡਾਂ ਵਿੱਚ ਵਧੀਆ ਸਥਾਨ ਹਾਸਲ ਕਰਦੇ ਹਨ।

ਚੇਅਰਮੈਨ ਤੇ ਪ੍ਰਿੰਸੀਪਲ ਨੇ ਬੱਚਿਆਂ ਤੇ ਡੀਪੀਈ ਹਰਜਿੰਦਰ ਸਿੰਘ, ਡੀ.ਪੀ.ਈ ਮੈਡਮ ਹਰਦੀਪ ਕੌਰ ਤੇ ਪ੍ਰਿਤਪਾਲ ਸਿੰਘ ਨੂੰ ਵਧਾਈ ਦਿੱਤੀ।

## ਹੜ੍ਹ ਪ੍ਰਭਾਵਤ ਪਿੰਡਾਂ 'ਚ ਏਕ ਪ੍ਰਯਾਸ ਟੀਮ ਵੱਲੋਂ ਰਾਹਤ ਕਾਰਜ ਜਾਰੀ



ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ): ਫਿਰੋਜ਼ਪੁਰ ਦੇ ਨਾਲ ਲੱਗਦੇ ਸਰਹੱਦੀ ਖੇਤਰ ਦੇ ਹੜ੍ਹ ਪ੍ਰਭਾਵਤ ਪਿੰਡਾਂ ਵਿੱਚ ਸਮਾਜ ਸੇਵੀ ਸੰਸਥਾ ਏਕ ਪ੍ਰਯਾਸ ਵੈਲਫੇਅਰ ਸੋਸਾਇਟੀ ਦੇ ਵਲੰਟੀਅਰ ਜ਼ਮੀਨੀ ਪੱਧਰ 'ਤੇ ਲਗਾਤਾਰ ਸਮਾਜ ਸੇਵਾ ਕਰ ਰਹੇ ਹਨ।ਸਤਲੁਜ ਦਰਿਆ ਦੇ ਕਹਿਰ ਦੀ ਮਾਰ ਹੇਠ ਆਏ ਫਿਰੋਜ਼ਪੁਰ ਦੇ ਇਲਾਕਿਆਂ ਵਿੱਚ ਹੜ੍ਹਾਂ ਕਾਰਨ ਲੋਕਾਂ ਦੀਆਂ ਮੁਸ਼ਕਲਾਂ ਵਿੱਚ ਹੋਰ ਵਾਧਾ ਹੋ ਗਿਆ ਹੈ।ਸਰਬਜੀਤ ਸ਼ਰਮਾ ਨੇ ਦੱਸਿਆ ਕਿ ਅੰਦਰੂਨੀ ਹੜ੍ਹ ਪ੍ਰਭਾਵਤ ਪਿੰਡਾਂ ਵਿੱਚ ਰਾਹਤ ਸਮੱਗਰੀ ਪਹੁੰਚਾਉਣ ਦੇ ਸੀਮਤ ਸਾਧਨ ਹੋਣ ਕਾਰਨ ਸਰਹੱਦੀ ਖੇਤਰ, ਬੀ.ਐਸ.ਐਫ.-ਐਨ.ਡੀ.ਆਰ.ਐਫ ਰਾਹਤ ਕੰਮ ਵਿੱਚ ਲੱਗੇ ਕਿਸ਼ਤੀਆਂ ਤੇ ਪਿੰਡਾਂ ਦੇ ਲੋਕਾਂ ਵੱਲੋਂ ਕੀਤੇ ਜਾ ਰਹੇ ਯਤਨਾਂ ਸਦਕਾ ਹੀ ਰਾਹਤ ਕਾਰਜ ਜਾਰੀ ਹੈ।ਇਸ ਮਾਮਲੇ ਵਿੱਚ ਕੌਮੀ ਵਲੰਟੀਅਰਾਂ ਦੇ ਦੋਸਤ ਅਤੇ ਰਾਧੇ-ਰਾਧੇ ਵੱਲੋਂ ਯਤਨ ਜਾਰੀ ਹਨ।

ਚੈਰੀਟੇਬਲ ਟਰੱਸਟ, ਧਨੀ ਰਾਮ ਡੇਰੇ ਤੋਂ ਸਵਾਮੀ ਵਿਦਿਆਨੰਦ ਜੀ ਤੇ ਬ੍ਰਹਮਾਕੁਮਾਰੀ ਆਸ਼ਰਮ ਧਵਨ ਕਾਲੋਨੀ, ਅੰਮ੍ਰਿਤਵੇਲਾ ਪ੍ਰਭਾਤ ਸੋਸਾਇਟੀ, ਕੁਝ ਹੋਰ ਚੈਰੀਟੇਬਲ ਸਹਿਯੋਗੀ ਇਸ ਕੁਦਰਤੀ ਆਫ਼ਤ ਦੀ ਸਥਿਤੀ ਵਿੱਚ ਆਪਣੀਆਂ ਸੇਵਾਵਾਂ ਦੇ ਰਹੇ ਹਨ।ਸਮਾਜ ਦਾ ਮੁੱਖ ਟੀਚਾ ਹੈ ਕਿ ਜਦੋਂ ਤੱਕ ਸਥਿਤੀ ਆਮ ਵਾਂਗ ਨਹੀਂ ਹੋ ਜਾਂਦੀ, ਜ਼ਰੂਰੀ ਵਸਤਾਂ, ਭੋਜਨ ਤੇ ਪਾਣੀ ਕਿਸੇ ਵੀ ਕੀਮਤ 'ਤੇ ਉਨ੍ਹਾਂ ਤੱਕ ਪਹੁੰਚਾਇਆ ਜਾਣਾ ਚਾਹੀਦਾ ਹੈ।ਏਕ ਪ੍ਰਯਾਸ ਵੈਲਫੇਅਰ ਸੁਸਾਇਟੀ ਹੁਣ ਤੱਕ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਗੱਟੀ ਰਾਜੋ ਕੀ, ਹਜਾਰੇ ਵਾਲਾ, ਜਲੋ ਕੇ, ਅਲੀ ਕੇ, ਪਿੰਡ ਦੁਲਚੀ, ਕਿਚਲੇ ਕੇ, ਗੱਟੀ ਰਹੀਮ ਕੀ, ਟਿੰਡੀ ਵਾਲਾ, ਪਿੰਡ ਧੀਰਾ ਕਾਰਾ, ਨਿਹਾਲਾ ਨਵੇਰਾ ਭਾਨੇ ਵਾਲਾ ਸਮੇਤ ਹੋਰ ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚ ਵੀ ਮਦਦ ਕਰ ਰਹੀ ਹੈ।ਪਰਵਾਰ ਲਗਾਤਾਰ ਆਪਣੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ ਅਤੇ ਦਿਨ ਭਰ ਆਪਣੀਆਂ ਟੀਮਾਂ ਤਾਇਨਾਤ ਕਰਦੇ ਹਨ ਤਾਂ ਜੁ ਲੋਕਾਂ ਨੂੰ ਇਸ ਮੁਸ਼ਕਲ ਸਮੇਂ ਵਿੱਚ ਕੁਝ ਰਾਹਤ ਮਿਲ ਸਕੇ।ਪ੍ਰਯਾਸ ਟੀਮ ਵੱਲੋਂ ਲੋੜਵੰਦ ਲੋਕਾਂ ਨੂੰ ਦਵਾਈਆਂ ਮੁਹੱਈਆ ਕਰਾਈਆਂ ਜਾ ਰਹੀਆਂ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਪਿੰਡਾਂ ਦੇ ਲੋਕਾਂ ਦੀ ਰੁਝੇਵਿਆਂ ਭਰੀ ਜ਼ਿੰਦਗੀ ਨੂੰ ਦੇਖਦੇ ਹੋਏ ਐਨ.ਜੀ.ਓ ਵੱਲੋਂ ਹਰੇ ਚਾਰੇ ਦਾ ਪ੍ਰਬੰਧ ਕਰਨ ਦੀ ਯੋਜਨਾ ਹੈ।

## ਐੱਸ ਡੀ ਐੱਮ ਦੇ ਮਾੜੇ ਵਤੀਰੇ ਵਿਰੁੱਧ ਧਰਨਾ 5 ਨੂੰ



**ਧੂਰੀ (ਸੁਖਦੇਵ ਧੂਰੀ)** ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਬਲਾਕ ਧੂਰੀ ਦੀ ਮੀਟਿੰਗ ਬਲਾਕ ਪ੍ਰਧਾਨ ਨਾਜਮ ਸਿੰਘ ਪੁੰਨਾਂਵਾਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਡੀ ਗਿਣਤੀ 'ਚ ਕਿਸਾਨਾਂ ਨੇ ਭਾਗ ਲਿਆ।

ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਨਾਜਮ ਸਿੰਘ ਪੁੰਨਾਂਵਾਲ ਨੇ ਦੱਸਿਆ ਕਿ ਮੀਟਿੰਗ ਵਿੱਚ ਕਈ ਕਿਸਾਨੀ ਮਸਲੇ ਵਿਚਾਰਨ ਤੋਂ ਬਾਅਦ ਯੂਨੀਅਨ ਦਾ ਵਫ਼ਦ ਪਿੰਡ ਜਹਾਂਗੀਰ ਦੀ ਵਿਵਾਦਤ ਜ਼ਮੀਨ ਦੇ ਮਸਲੇ ਤੇ ਐਸ ਡੀ ਐੱਮ ਨੂੰ ਮਿਲਿਆ।

ਨਾਜਮ ਸਿੰਘ ਪੁੰਨਾਂਵਾਲ ਨੇ ਕਿਹਾ ਕਿ ਜਦੋਂ ਯੂਨੀਅਨ ਦੇ ਆਗੂਆਂ ਨੇ ਪਿੰਡ ਜਹਾਂਗੀਰ ਦੀ ਝਗੜੇ ਵਾਲੀ ਜ਼ਮੀਨ ਦੀ ਬੋਲੀ ਕਰਨ ਸਬੰਧੀ ਐਸ ਡੀ ਐਮ ਅਮਿਤ ਗੁਪਤਾ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਸਾਨਾਂ ਨਾਲ ਗਲਤ ਵਿਹਾਰ ਕੀਤਾ, ਜਿਸ ਤੋਂ ਬਾਅਦ ਜਥੇਬੰਦੀ ਦੇ ਆਗੂਆਂ ਨੇ ਇਸ ਦਾ ਵਿਰੋਧ ਕਰਦਿਆਂ 5 ਸਤੰਬਰ ਨੂੰ ਐਸ ਡੀ ਐਮ ਦਫ਼ਤਰ ਅੱਗੇ ਧਰਨਾ ਦੇਣ ਦਾ ਪ੍ਰੋਗਰਾਮ ਉਲੀਕ ਦਿੱਤਾ ਹੈ। ਨਾਜਮ ਸਿੰਘ ਅਨੁਸਾਰ 5 ਸਤੰਬਰ ਨੂੰ ਐਸ ਡੀ ਐਮ ਦਫ਼ਤਰ ਮੂਹਰੇ ਧਰਨਾ ਦੇਣ ਲਈ ਆਗੂਆਂ ਦੀਆਂ ਪਿੰਡਾਂ ਵਿੱਚ ਡਿਊਟੀਆਂ ਲਾ ਦਿੱਤੀਆਂ ਗਈਆਂ ਹਨ। ਇਸ ਧਰਨੇ ਵਿੱਚ ਜਿੱਥੇ ਬਲਾਕ ਧੂਰੀ ਦੇ ਪਿੰਡਾਂ ਵਿੱਚੋਂ ਵੱਡੀ ਤਾਦਾਦ ਵਿੱਚ ਕਿਸਾਨਾਂ ਤੋਂ ਇਲਾਵਾ ਜ਼ਿਲ੍ਹਾ ਭਰ ਦੇ ਆਗੂ ਵੀ ਸ਼ਾਮਲ ਹੋਣਗੇ।

ਇਸ ਮੌਕੇ ਪ੍ਰਧਾਨ ਨਾਜਮ ਸਿੰਘ ਤੋਂ ਇਲਾਵਾ ਬਲਾਕ ਖ਼ਜ਼ਾਨਚੀ ਜਗਦੀਪ ਸਿੰਘ ਹਸਨਪੁਰ, ਛੱਜੂ ਰਾਮ ਕੁੰਬੜਵਾਲ, ਭਰਭੂਰ ਸਿੰਘ, ਬਲਵੀਰ ਸਿੰਘ ਤੇ ਅਮਨਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

## ਮਸੀਤਾਂ ਰੋਡ ਥਾਂ-ਥਾਂ ਤੋਂ ਟੁੱਟੀ ਹੋਣ ਕਾਰਨ ਰਾਹਗੀਰ ਮੁਸ਼ਕਲ 'ਚ



**ਕੋਟ ਈਸੇ ਖਾਂ (ਅਰੋੜਾ)** ਸ਼ਹਿਰ ਦੀ ਮੁੱਖ ਮਸੀਤਾਂ ਰੋਡ, ਜੋ ਸ਼ਹਿਰ ਤੋਂ ਇਲਾਵਾ ਕਰੀਬ 20-25 ਪਿੰਡਾਂ ਨਾਲ ਜੋੜਦੀ ਹੈ, ਜਿਸ 'ਤੇ ਲੋਕ ਰੋਜ਼ਾਨਾ ਆਪਣੇ ਕੰਮਕਾਜ ਅਤੇ ਜ਼ਰੂਰਤਾਂ ਨੂੰ ਲੈ ਕੇ ਇਸ ਸੜਕ ਤੋਂ ਹੀ ਗੁਜ਼ਰਦੇ ਹਨ, ਪਰ ਇਹ ਸੜਕ ਜਗ੍ਹਾ-ਜਗ੍ਹਾ ਤੋਂ ਟੁੱਟੀ ਹੋਣ ਕਾਰਨ ਹਾਲਤ ਖਸਤਾ ਹੋ ਚੁੱਕੀ ਹੈ, ਜਿਸ ਨਾਲ ਸ਼ਹਿਰ ਵਾਸੀਆਂ, ਦੁਕਾਨਦਾਰਾਂ ਤੇ ਰਾਹਗੀਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜ਼ਿਕਰਯੋਗ ਹੈ ਕਿ ਮਸੀਤਾਂ ਰੋਡ 'ਤੇ ਧਾਰਮਿਕ ਸਥਾਨ ਗੁਰੂਦੁਆਰਾ ਸ੍ਰੀ ਕਲਗੀਧਰ ਸਾਹਿਬ, ਪ੍ਰਾਚੀਨ ਸ਼ਿਵ ਬਾਉਲੀ ਮੰਦਰ, ਸ੍ਰੀ ਗੋਪਾਲ ਕਿਸ਼ਨ ਗਊਸ਼ਾਲਾ ਤੇ ਮੇਨ ਡਾਕਖਾਨਾ ਵੀ ਸਥਿਤ ਹੈ, ਤੋਂ ਇਲਾਵਾ ਸਬ ਤਹਿਸੀਲ ਜੋ ਸੁੰਦਰ ਨਗਰ ਵਿਖੇ ਬਣੀ ਹੋਈ ਹੈ, ਜਿਸ ਦਾ ਇੱਕ ਰਸਤਾ ਮਸੀਤਾ ਰੋਡ ਦੀ ਹੈ।

ਸੜਕ ਕਾਫੀ ਜਗ੍ਹਾ ਤੋਂ ਟੁੱਟੀ ਹੋਣ ਕਾਰਨ ਕਈ ਵਾਰ 2 ਪਹੀਆ ਵਾਹਨ ਨੁਕਸਾਨੇ ਵੀ ਜਾਂਦੇ ਹਨ ਤੇ ਲੜਾਈ-ਝਗੜੇ ਦਾ ਕਾਰਨ ਵੀ ਬਣਦੇ ਹਨ। ਸ਼ਹਿਰ ਵਾਸੀਆਂ ਤੇ ਰਾਹਗੀਰਾਂ ਵੱਲੋਂ ਹਲਕਾ ਵਿਧਾਇਕ ਨੂੰ ਪੁਰਜ਼ੋਰ ਮੰਗ ਕੀਤੀ ਕਿ ਲੋਕਾਂ ਦੀ ਮੁਸ਼ਕਲ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਮੁਸ਼ਕਲ ਤੋਂ ਨਿਜ਼ਾਤ ਦਿਵਾਈ ਜਾਵੇ। ਜਦ ਇਸ ਸਬੰਧੀ ਨਗਰ ਪੰਚਾਇਤ ਪ੍ਰਧਾਨ ਸ਼ਿੰਦਰ ਕੌਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਹ ਸੜਕ ਨਗਰ ਪੰਚਾਇਤ ਅਧੀਨ ਨਹੀਂ ਆਉਂਦੀ, ਫਿਰ ਵੀ ਲੋਕਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ, ਇਸ ਲਈ ਹਲਕਾ ਵਿਧਾਇਕ ਦੇ ਧਿਆਨ ਵਿੱਚ ਇਹ ਮਸਲਾ ਲਿਆਂਦਾ ਜਾ ਚੁੱਕਾ ਹੈ, ਜਿਨ੍ਹਾਂ ਨੇ ਜਲਦ ਹੀ ਇਸਦੀ ਮੁਰੰਮਤ ਕਰਾਉਣ ਦਾ ਭਰੋਸਾ ਦਿੱਤਾ ਹੈ।

## ਲੋਕ ਸੰਪਰਕ ਮੁਹਿੰਮ ਦੀਆਂ ਤਿਆਰੀਆਂ ਸੰਬੰਧੀ ਸੀ ਪੀ ਆਈ (ਐੱਮ) ਦੀ ਮੀਟਿੰਗ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਸੀ.ਪੀ.ਆਈ. (ਐੱਮ) ਤਹਿਸੀਲ ਸਮਰਾਲਾ ਦੀ ਮੀਟਿੰਗ ਕਾਮਰੇਡ ਗੁਰਪ੍ਰੀਤ ਕੌਰ ਖੇੜਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਫੈਸਲੇ ਬਾਰੇ ਤਹਿਸੀਲ ਸਕੱਤਰ ਕਾਮਰੇਡ ਨਿੱਕਾ ਸਿੰਘ ਖੇੜਾ ਨੇ ਦੱਸਿਆ ਕਿ ਸੂਬਾਈ ਮੈਂਬਰ ਕਾਮਰੇਡ ਹਰਪਾਲ ਸਿੰਘ ਪੂਰਬਾ ਨੇ ਸੀ.ਪੀ.ਆਈ. (ਐੱਮ) ਦੀ ਕੇਂਦਰੀ ਕਮੇਟੀ ਦੇ ਫੈਸਲੇ ਅਨੁਸਾਰ 1 ਤੋਂ 7 ਸਤੰਬਰ ਤੱਕ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਮਹਿੰਗਾਈ, ਬੇਰੁਜ਼ਗਾਰੀ, ਸਿਹਤ ਸਹੂਲਤਾਂ ਤੇ ਮਹਿੰਗੀ ਸਿੱਖਿਆ ਨੀਤੀ ਅਤੇ ਕੇਂਦਰ ਸਰਕਾਰ ਦੀ ਫਿਰਕਾ ਪ੍ਰਸਤੀ ਕਾਰਪੋਰੇਟ ਪੱਖੀ ਸਰਕਾਰ ਵਿਰੁੱਧ ਜਨ ਮੁਹਿੰਮ ਤਹਿਤ ਪਿੰਡ-ਪਿੰਡ ਮੀਟਿੰਗਾਂ ਕੀਤੀਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਸਿਖ਼ਰਾਂ ਨੂੰ ਛੂਹ ਰਹੀ ਮਹਿੰਗਾਈ, ਬੇਰੁਜ਼ਗਾਰੀ ਵਿਚ ਅਥਾਹ ਵਾਧਾ ਕਰਕੇ ਕੇਂਦਰ ਸਰਕਾਰ ਫਿਰਕੂ ਏਜੰਡਾ ਲਾਗੂ ਕਰਦੀਆਂ ਕਾਰਪੋਰੇਟ ਗਠਜੋੜ ਨੂੰ ਤਕੜਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਗਰੀਬ ਲੋਕਾਂ ਦੇ ਨੀਲੇ ਕਾਰਡ ਕੱਟ ਕੇ ਉਨ੍ਹਾਂ ਨੂੰ ਹੋਰ ਗਰੀਬੀ ਵੱਲ ਧੱਕਣ ਦੇ ਯਤਨ ਕੀਤੇ ਹਨ, ਜਦਕਿ ਗੈਰ-ਕਾਨੂੰਨੀ ਮਾਈਨਿੰਗ ਨਾਲ ਹੜ੍ਹਾਂ ਦੀ ਗੰਭੀਰ ਹੋਈ ਸਥਿਤੀ ਵੱਲ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ।

ਮੀਟਿੰਗ ਵਿਚ ਪ੍ਰਕਾਸ਼ ਸਿੰਘ ਉਦੋਵਾਲ, ਹਰਦੇਵ ਸਿੰਘ ਬਾਗ, ਚਤਰ ਸਿੰਘ ਲੁਬਾਣਗੜ੍ਹ, ਨਾਜ਼ਰ ਸਿੰਘ ਮੁਗਲੇਵਾਲ, ਪਰਵਿੰਦਰ ਸਿੰਘ ਮਾਛੀਵਾੜਾ, ਛਿੰਦਰਪਾਲ ਸਿੰਘ, ਪ੍ਰਿੰਸ ਖੇੜਾ, ਮੈਂਬਰ ਤੇ ਵਰਕਰ ਹਾਜ਼ਰ ਸਨ।

## ਮਨਰੇਗਾ ਤਹਿਤ ਪਿੰਡ ਕੋਟ ਮੁਹੰਮਦ ਖਾਂ 'ਚ ਸ.ਫਾਈ ਕਾਰਜ ਕਰਾਏ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)** ਪਿੰਡ ਕੋਟ ਮੁਹੰਮਦ ਖਾਂ ਵਿਖੇ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਮਨਰੇਗਾ ਸਕੀਮ ਤਹਿਤ ਪਿੰਡ ਦੀਆਂ ਗਲੀਆਂ ਨਾਲੀਆਂ ਤੇ ਸੇਮ ਨਾਲੇ ਦੀ ਸਫ਼ਾਈ ਕਰਾਈ ਗਈ ਅਤੇ ਸੜਕਾਂ ਦੇ ਕਿਨਾਰਿਆਂ ਉਪਰ ਮਿੱਟੀ ਲਾਈ ਗਈ। ਪਾਰਟੀ ਦੇ ਸੀਨੀਅਰ ਆਗੂ ਸਿਮਰਜੀਤ ਸਿੰਘ ਮੱਲ ਨੇ ਕਿਹਾ ਕਿ ਪਿਛਲੇ ਦਿਨਾਂ ਤੋਂ ਹੋ ਰਹੀ ਬਾਰਿਸ਼ ਕਾਰਨ ਜਿਥੇ ਪਿੰਡ ਦੇ ਆਲੇ-ਦੁਆਲੇ ਘਾਹ ਵਗੈਰਾ ਦੇ ਬੂਟੇ ਵਧ ਚੁੱਕੇ ਹਨ, ਉਥੇ ਹੀ ਮੌਸਮ ਬਦਲਣ ਕਾਰਨ ਮੱਛਰ ਦੀ ਤਦਾਦ ਵੀ ਵਧ ਚੁੱਕੀ ਹੈ, ਜਿਸ ਕਾਰਨ ਬਿਮਾਰੀ ਫੈਲਣ ਦਾ ਖਤਰਾ ਬਣਦਾ ਜਾ ਰਿਹਾ ਹੈ, ਜਿਸ ਦੇ ਮੱਦੇਨਜ਼ਰ ਪਿੰਡ ਦੇ ਆਲੇ-ਦੁਆਲੇ ਦੀ ਸਫ਼ਾਈ ਦਾ ਹੋਣਾ ਬਹੁਤ ਜ਼ਰੂਰੀ ਹੈ। ਬਾਰਿਸ਼ਾਂ ਕਾਰਨ ਸੜਕਾਂ ਦੇ ਕਿਨਾਰਿਆਂ ਤੋਂ ਮਿੱਟੀ ਖੁਰਨ ਕਾਰਨ ਆਉਣ ਜਾਣ ਵਾਲੇ ਰਾਹਗੀਰਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਜਿਸ ਕਾਰਨ ਸੜਕਾਂ ਦੇ ਕਿਨਾਰਿਆਂ ਉਪਰ ਮਿੱਟੀ ਲਾਈ ਗਈ ਹੈ।

ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਅਗਵਾਈ ਹੇਠ ਪਿੰਡ ਵਿੱਚ ਵਿਕਾਸ ਕਾਰਜ ਜ਼ੋਰਾਂ 'ਤੇ ਚੱਲ ਰਹੇ ਹਨ, ਜਿਸ ਨਾਲ ਪਿੰਡ ਨੂੰ ਨਵੀਂ ਦਿੱਖ ਮਿਲੇਗੀ। ਇਸ ਮੌਕੇ ਭੁਪਿੰਦਰ ਸਿੰਘ ਬਦਰਪੁਰੀਆ, ਦਵਿੰਦਰ ਸਿੰਘ ਬਾਠ, ਕੁਲਦੀਪ ਬਦਰਪੁਰੀਆ, ਸੁਖਵਿੰਦਰ ਸਿੰਘ ਬਾਠ, ਜੋਗਿੰਦਰ ਸਿੰਘ, ਸਤਨਾਮ ਸਿੰਘ ਪੀਟਰ, ਦੀਪਨ ਮੱਲ, ਰਾਜਦੀਪ ਮੱਲ, ਬੋਹੜ ਸਿੰਘ ਮਨਰੇਗਾ ਇੰਚਾਰਜ ਹਰਜਿੰਦਰ ਸਿੰਘ ਸੰਧੂ ਆਦਿ ਤੋਂ ਇਲਾਵਾ ਪਿੰਡ ਦੇ ਮਨਰੇਗਾ ਮਜ਼ਦੂਰ ਹਾਜ਼ਰ ਸਨ।

## ਰੱਖੜੀ 'ਤੇ ਹਰਿਆਣਾ ਰੋਡਵੇਜ਼ ਨੇ ਦਿੱਤੇ ਔਰਤਾਂ ਨੂੰ ਮੁ.ਫਤ ਝੂਟੇ

**ਸਿਰਸਾ (ਸੁਰਿੰਦਰ ਪਾਲ ਸਿੰਘ)** ਡਿਪਟੀ ਕਮਿਸ਼ਨਰ ਪਾਰਥ ਗੁਪਤਾ ਨੇ ਦੱਸਿਆ ਕਿ ਹਰਿਆਣਾ ਰਾਜ ਟਰਾਂਸਪੋਰਟ ਪਿਛਲੇ ਕਈ ਸਾਲਾਂ ਤੋਂ ਜਨਹਿੱਤ ਵਿਚ ਰੱਖੜੀ ਦੇ ਤਿਉਹਾਰ ਮੌਕੇ ਔਰਤਾਂ ਨੂੰ ਮੁਫਤ ਯਾਤਰਾ ਦੀ ਸਹੂਲਤ ਪ੍ਰਦਾਨ ਕਰ ਰਹੀ ਹੈ।ਹਰਿਆਣਾ ਸਰਕਾਰ ਨੇ ਇਸ ਸਾਲ ਵੀ ਹਰਿਆਣਾ ਰਾਜ ਟਰਾਂਸਪੋਰਟ ਦੀਆਂ ਬੱਸਾਂ ਵਿਚ ਮਹਿਲਾਵਾਂ ਨੂੰ ਇਸ ਦਿਨ ਮੁਫ਼ਤ ਸਫਰ ਦੀ ਸਹੂਲਤ ਦੇਣ ਦਾ ਫੈਸਲਾ ਕੀਤਾ ਤਾਂ ਜੁ ਭੈਣਾਂ ਆਪਣੇ ਭਰਾਵਾਂ ਦੇ ਘਰ ਜਾ ਕੇ ਉਨ੍ਹਾਂ ਨੂੰ ਰੱਖੜੀ ਬੰਨ੍ਹ ਸਕਣ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹਰਿਆਣਾ ਰਾਜ ਟਰਾਂਸਪੋਰਟ ਪਿਛਲੇ ਕਈ ਸਾਲਾਂ ਤੋਂ ਰੱਖੜੀ ਦੇ ਮੌਕੇ 'ਤੇ ਔਰਤਾਂ ਨੂੰ ਮੁਫਤ ਯਾਤਰਾ ਦੀ ਸਹੂਲਤ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਵੀ ਔਰਤਾਂ ਨੇ ਆਪਣੇ 15 ਸਾਲ ਤੱਕ ਦੇ ਬੱਚਿਆਂ ਸਮੇਤ ਮੁਫਤ ਯਾਤਰਾ ਦੀ ਸਹੂਲਤ ਦਾ ਲਾਭ ਲਿਆ। ਉਨ ਾਂ ਦੱਸਿਆ ਕਿ ਇਹ ਸਹੂਲਤ 29 ਅਗਸਤ ਦੁਪਹਿਰ 12 ਵਜੇ ਤੋਂ ਸ਼ੁਰੂ ਹੋਈ ਅਤੇ ਇਹ ਆਮ ਤੇ ਮਿਆਰੀ ਬੱਸਾਂ ਵਿੱਚ ਦਿੱਤੀ ਗਈ।


## ਦਫਤਰ ਡਿਪਟੀ ਕੁਲੈਕਟਰ ਐਂਡ ਕੰਪੀਟੈਂਟ ਅਥਾਰਟੀ (ਐੱਨ ਐੱਸ ਈ ਐੱਲ)

ਤੀਜੀ ਮੰਜ਼ਲ, ਐੱਮ ਪੀ ਆਈ ਡੀ ਬਰਾਂਚ, ਓਲਡ ਕਸਟਮ ਹਾਊਸ, ਮੁੰਬਈ-400001

### ਆਨ ਲਾਈਨ ਨਿਲਾਮੀ ਵਾਸਤੇ ਵਿਕਰੀ ਦਾ ਨੋਟਿਸ

ਮਹਾਂਰਾਸ਼ਟਰ ਜਮ੍ਹਾਂਕਰਤਾਵਾਂ ਦੇ ਹਿਤਾਂ ਦੀ ਸੁਰੱਖਿਆ (ਵਿੱਤੀ ਅਦਾਰਿਆਂ 'ਚ) ਐਕਟ, 1999 (ਐੱਮ ਪੀ ਆਈ ਡੀ) ਤਹਿਤ ਮਹਾਂਰਾਸ਼ਟਰ ਸਰਕਾਰ ਰਾਹੀਂ ਕੁਰਕੀ ਦੀ ਪਾਲਣਾ 'ਚ ਅਤੇ ਮਾਣਯੋਗ ਐੱਮ ਪੀ ਆਈ ਡੀ ਅਦਾਲਤ ਮੁਕੱਦਮਾ ਨੰ: 2019 ਦਾ 995, ਦੇ ਨਿਰਦੇਸ਼ਾਂ ਤਹਿਤ, ਕੰਪੀਟੈਂਟ ਅਥਾਰਟੀ (ਇਸ ਤੋਂ ਬਾਅਦ 'ਸੀ ਏ' ਵਜੋਂ ਹਵਾਲਾ) ਨੇ ਕੁਇੱਕਰ ਰੀਅਲਟੀ (ਇੱਕ ਤੋਂ ਬਾਅਦ 'ਦਾ ਏਜੰਸੀ' ਵਜੋਂ ਹਵਾਲਾ) ਜੋ ਕਿ ਮਹਾਂਰਾਸ਼ਟਰ ਸਰਕਾਰ ਵੱਲੋਂ ਕੁਰਕ ਕੀਤੀਆਂ ਜਾਇਦਾਦਾਂ ਦੀ "ਜਿਵੇਂ ਹੈ ਜਿੱਥੇ ਹੈ ਅਤੇ ਉੱਥੇ ਜੋ ਵੀ ਹੈ" ਦੇ ਆਧਾਰ 'ਤੇ ਈ. ਨਿਲਾਮੀ ਰਾਹੀਂ ਵਿਕਰੀ 'ਚ ਸਹਾਇਤਾ ਲਈ ਨਿਯੁਕਤ ਕੀਤੀ ਗਈ ਹੈ, ਨੂੰ ਇਹ ਕੰਮ ਸੌਂਪਿਆ ਗਿਆ ਹੈ ।

'ਸੀ ਏ' ਵੱਲੋਂ ਚਾਹਵਾਨ ਬੋਲੀਕਾਰਾਂ ਕੋਲੋਂ ਹੇਠਾਂ ਦਰਸਾਈ ਸਾਰਨੀ 'ਚ ਦੱਸੀ ਬੋਲੀ ਜਮ੍ਹਾਂ ਸਮੇਤ ਬਿਆਨਾਂ ਰਕਮ ਵਜੋਂ ਹਰੇਕ ਜਾਇਦਾਦ ਲਈ ਈ ਐੱਫ ਟੀ/ਐੱਨ ਈ ਐੱਫ ਟੀ/ਆਰ ਟੀ ਜੀ ਸੀ ਰਾਹੀਂ ਜਾਇਦਾਦਾਂ ਦੀ ਵਿਕਰੀ ਲਈ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।

### ਜਾਇਦਾਦ ਦਾ ਸੰਖੇਪ ਵੇਰਵਾ

ਪੰਜਾਬ

| ਲੜੀ ਨੰ: | ਸਥਾਨ | ਪਤਾ | ਖੇਤਰ | ਬੋਲੀ ਰਕਮ | ਈ ਐੱਮ ਡੀ ਜਮ੍ਹਾ ਕਰਵਾਉਣ ਦੀ ਅੰਤਮ ਮਿਤੀ | ਨਿਲਾਮੀ ਦੀ ਮਿਤੀ | ਰਾਖਵੀਂ ਕੀਮਤ (ਭਾਰਤੀ ਰੁਪਏ 'ਚ) |
|---|---|---|---|---|---|---|---|
| 1 | ਨਵਾਂਸ਼ਹਿਰ | ਵਸੀਕਾ ਨੰ: 182 ਖੱਤਾ ਨੰ: 17/17 ਖਸਰਾ : 6//11 (7-0), 12//1 (1-0), ਪਿੰਡ ਮੇਂਹਦੀਪੁਰ, ਨਵਾਂਸ਼ਹਿਰ, ਪੰਜਾਬ-144514 | 1 ਏਕੜ | 200000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 20,00,000 |
| 2 | ਨਵਾਂਸ਼ਹਿਰ | ਵਸੀਕਾ ਨੰ: 173 ਖੱਤਾ ਨੰ: 128/142, ਖਸਰਾ : 2//18 (3-4), 19/1 (2-0), ਖੱਤਾ ਨੰ: 24/204 ਖਸਰਾ : 2//21 (80), 22(8-0), 23(912), 7//4/2(7-12), 6(8-0), 7/1(7-12), 14/2(3-19), 15/1(4-0), 8//1(8-0), 2(8-0) ਖੱਤਾ ਨੰ: 131/145 ਖਸਰਾ : 3//14/2(1-7), 24/1(0-16), 24/3(0-0), 7//4/1(0-8), 7/2(08), 13/2/1(0-8), 13/2/2(0-0)14/1(00) ਖੱਤਾ ਨੰ: 132/146 ਖਸਰਾ : 8//9(314) ਖੱਤਾ ਨੰ: 133/148 ਖਸਰਾ : 8//10(7-0) ਪਿੰਡ ਨਿਆਮਤਪੁਰ, ਨਵਾਂਸ਼ਹਿਰ, ਪੰਜਾਬ-144518 | 10.24 ਏਕੜ | 2560000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 2,56,00,000 |
| 3 | ਨਵਾਂਸ਼ਹਿਰ | ਵਸੀਕਾ ਨੰ: 547 ਖੱਤਾ ਨੰ: 2/2 ਖਸਰਾ : 6//18(8-0), 19(8-0), 20/1(4-0), 21/1(1-0), 21/2(3-0), 22(8-0),23(8-0),24/1(4-0) ਪਿੰਡ ਮੇਂਹਦੀਪੁਰ, ਨਵਾਂਸ਼ਹਿਰ, ਪੰਜਾਬ-144514 | 1.5 ਏਕੜ | 300000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 30,00,000 |
| 4 | ਨਵਾਂਸ਼ਹਿਰ | ਵਸੀਕਾ ਨੰ: 593 ਖੱਤਾ ਨੰ: 128/142 ਖਸਰਾ : 2//18(3-4), 19/1(2-0) ਪਿੰਡ ਨਿਆਮਤਪੁਰ, ਨਵਾਂਸ਼ਹਿਰ, ਪੰਜਾਬ-144518 | 0.5 ਏਕੜ | 125000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 12,50,000 |
| 5 | ਨਵਾਂਸ਼ਹਿਰ | ਵਸੀਕਾ ਨੰ: 648, ਖੱਤਾ ਨੰ: 151/165 ਖਸਰਾ : 12//5 (8-0), 6 (8-0), 15 (4-8), 16 (3-12), 15 (3-12), 16 (3-10), ਪਿੰਡ ਬਹਿਲੂਰ ਕਲਾਂ, ਨਵਾਂਸ਼ਹਿਰ, ਪੰਜਾਬ-144517 | 1.1 ਏਕੜ | 220000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 2200000 |
| 6 | ਨਵਾਂਸ਼ਹਿਰ | ਵਸੀਕਾ ਨੰ: 649, ਖੱਤਾ ਨੰ: 219/246 ਖਸਰਾ : 12//17 (8-0), ਪਿੰਡ ਬਹਿਲੂਰ ਕਲਾਂ , ਨਵਾਂਸ਼ਹਿਰ, ਪੰਜਾਬ-144517 | 1 ਏਕੜ | 200000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 2000000 |
| 7 | ਨਵਾਂਸ਼ਹਿਰ | ਵਸੀਕਾ ਨੰ: 651, ਖੱਤਾ ਨੰ: 5/1/5/1 ਖਸਰਾ : 5//4 (8-0), ਪਿੰਡ ਮੇਂਹਦੀਪੁਰ ਨਵਾਂਸ਼ਹਿਰ, ਪੰਜਾਬ-144514 | 1 ਏਕੜ | 200000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 2000000 |
| 8 | ਨਵਾਂਸ਼ਹਿਰ | ਵਸੀਕਾ ਨੰ: 653, ਖੱਤਾ ਨੰ: 5/5 ਖਸਰਾ : 5//5/1 (50), ਖੱਤਾ ਨੰ: 5/1 5/1 ਖਸਰਾ : 2//24/1 (3-11) ਪਿੰਡ ਮੇਂਹਦੀਪੁਰ ਨਵਾਂਸ਼ਹਿਰ, ਪੰਜਾਬ-144514 | 0.79 , ਏਕੜ | 160000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 1600000 |
| 9 | ਨਵਾਂਸ਼ਹਿਰ | ਵਸੀਕਾ ਨੰ: 650, ਖੱਤਾ ਨੰ: 219/246 ਖਸਰਾ : 12//4 (8-0), ਪਿੰਡ ਬਹਿਲੂਰ ਕਲਾਂ ਨਵਾਂਸ਼ਹਿਰ, ਪੰਜਾਬ-144517 | 1 ਏਕੜ | 200000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 2000000 |
| 10 | ਨਵਾਂਸ਼ਹਿਰ | ਵਸੀਕਾ ਨੰ: 652, ਖੱਤਾ ਨੰ: 219/246 ਖਸਰਾ : 12//7 (8-0), ਪਿੰਡ ਬਹਿਲੂਰ ਕਲਾਂ ਨਵਾਂਸ਼ਹਿਰ, ਪੰਜਾਬ-144517 | 1 ਏਕੜ | 200000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 2000000 |
| 11 | ਨਵਾਂਸ਼ਹਿਰ | ਵਸੀਕਾ ਨੰ: 654, ਖੱਤਾ ਨੰ: 219/246 ਖਸਰਾ : 12//14 (8-0), ਪਿੰਡ ਬਹਿਲੂਰ ਕਲਾਂ ਨਵਾਂਸ਼ਹਿਰ, ਪੰਜਾਬ-144517 | 1 ਏਕੜ | 200000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 2000000 |
| 12 | ਨਵਾਂਸ਼ਹਿਰ | ਵਸੀਕਾ ਨੰ: 1538 ਖੱਤਾ ਨੰ: 138/140 ਖਸਰਾ : 2//16(2-2), 24(7-9), 25(8-0),4//10(8-10), 5//5/1(6-15) ਖੱਤਾ ਨੰ: 141/143 ਖਸਰਾ : 5//5/2(0-9), 6/1(0-8), 15/2(0-8), 16/1(0-8), 24/2(0-0), 25/3(0-17), 15//4/1(0-8), 7/2(0-7), 1611/1/(0-18), 2/1(0-4) ਪਿੰਡ ਸ਼ੇਖਾ ਮਜਾਰਾ, ਨਵਾਂਸ਼ਹਿਰ, ਪੰਜਾਬ-140306 | 2.07 ਏਕੜ | 520000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 5200000 |
| 13 | ਨਵਾਂਸ਼ਹਿਰ | ਵਸੀਕਾ ਨੰ: 3509 ਖੱਤਾ ਨੰ: 38/140 ਖਸਰਾ : 2//16(22), 24(7-9), 25(80),4//10(8-0), 5//5/1 (6-15) ਪਿੰਡ ਸ਼ੇਖਾ ਮਜਾਰਾ, ਨਵਾਂਸ਼ਹਿਰ, ਪੰਜਾਬ-140306 | 2.01 ਏਕੜ | 500000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 5000000 |
| 14 | ਨਵਾਂਸ਼ਹਿਰ | ਵਸੀਕਾ ਨੰ: 249 ਖੱਤਾ ਨੰ: 11/11 ਖਸਰਾ : 6//7 (8-0), 8(7-11), 9(5-2), 12/2(7-0), 13/1(10) ਖੱਤਾ ਨੰ: 12/12 ਖਸਰਾ : 6//17 (8-0) ਪਿੰਡ ਮੇਂਹਦੀਪੁਰ ਨਵਾਂਸ਼ਹਿਰ, ਪੰਜਾਬ-144514 | 4.08 ਏਕੜ | 820000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 8200000 |
| 15 | ਨਵਾਂਸ਼ਹਿਰ | ਵਸੀਕਾ ਨੰ: 430 ਖੱਤਾ ਨੰ: 1/1 ਖਸਰਾ : 5//10/1 (1-18), 10/2(4-1), 6//4(4-0), 5(7-11), 6(4-11), 13/2(7-0), 14(8-0) ਖਸਰਾ ਨੰ : 6//15 (8-0) ਪਿੰਡ ਮੇਂਹਦੀਪੁਰ ਨਵਾਂਸ਼ਹਿਰ, ਪੰਜਾਬ-144514 | 5 ਏਕੜ | 1000000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 10000000 |
| 16 | ਨਵਾਂਸ਼ਹਿਰ | ਵਸੀਕਾ ਨੰ: 50 (44 ਕੇ 0 ਮਰਲਾ ਵਿੱਚੋਂ 12/44ਵਾਂ ਹਿੱਸਾ) ਖੱਤਾ ਨੰ: 2/2 ਖਸਰਾ ਨੰ: 6//18(8-0) 19(8-0) 20/1(4-0) 21/1(1-0) 21/2(3-0) 22(8-0) 23(8-0) 24/1(4-0) ਕਿੱਤਾ 8 ਜਮ੍ਹਾਂਬੰਦੀ 2007-08 ਵਾਕਿਆ ਰਕਬਾ ਮੇਂਹਦੀਪੁਰ, ਤਹਿ: ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਪੰਜਾਬ-141013 | 1.5 ਏਕੜ | 300000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 3000000 |
| 17 | ਨਵਾਂਸ਼ਹਿਰ | ਖਸਰਾ ਨੰ: 9//6(7-2), 7/1(2-0), 7/2(5-3) ਪਿੰਡ ਦਿਲਵਾਰਪੁਰ, ਨਵਾਂਸ਼ਹਿਰ ਪੰਜਾਬ-147001 | 1.78 ਏਕੜ | 360000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 3600000 |
| 18 | ਨਵਾਂਸ਼ਹਿਰ | ਖਸਰਾ ਨੰ: 13(1-18), 14(7-5), 15(7-18) ਪਿੰਡ ਦਿਲਵਾਰਪੁਰ, ਨਵਾਂਸ਼ਹਿਰ ਪੰਜਾਬ-147001 | 2.13 ਏਕੜ | 430000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 4300000 |
| 19 | ਨਵਾਂਸ਼ਹਿਰ | ਖਸਰਾ ਨੰ: 16/1(1-1), 16/2(5-17),17//1(4-9), ਪਿੰਡ ਦਿਲਵਾਰਪੁਰ ਨਵਾਂਸ਼ਹਿਰ ਪੰਜਾਬ-147001 | 1.41 ਏਕੜ | 280000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 2800000 |
| 20 | ਨਵਾਂਸ਼ਹਿਰ | ਖਸਰਾ ਨੰ: 17/2(2-9), 18/1(5-18), 18/2(1-0), ਪਿੰਡ ਦਿਲਵਾਰਪੁਰ ਨਵਾਂਸ਼ਹਿਰ ਪੰਜਾਬ-147001 | 1.16 ਏਕੜ | 230000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 2300000 |
| 21 | ਨਵਾਂਸ਼ਹਿਰ | ਖਸਰਾ ਨੰ: 19(6-18), 22/2(4-13),23(8-0), ਪਿੰਡ ਦਿਲਵਾਰਪੁਰ ਨਵਾਂਸ਼ਹਿਰ ਪੰਜਾਬ-147001 | 2.44 ਏਕੜ | 490000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 4900000 |
| 22 | ਨਵਾਂਸ਼ਹਿਰ | ਖਸਰਾ ਨੰ: 10//25(8-0),17//3(8-0),4(8-0),17//5(8-0), ਪਿੰਡ ਦਿਲਵਾਰਪੁਰ ਨਵਾਂਸ਼ਹਿਰ ਪੰਜਾਬ-147001 | 4 ਏਕੜ | 800000 | 14 ਸਤੰਬਰ 2023 ਸ਼ਾਮ ਦੇ 5.00 ਵਜੇ ਤੱਕ | 19 ਸਤੰਬਰ 2023 ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ | 8000000 |

ਜਾਇਦਾਦ ਦਾ ਸਮੇਤ ਈ ਐੱਮ ਡੀ ਅਤੇ ਭੇਜੀ ਗਈ ਰਕਮ, ਨਿਰੀਖਣ ਦੀ ਮਿਤੀ, ਨਿਲਾਮੀ ਦਾ ਸਮਾਂ ਅਤੇ ਸੰਬੰਧਤ ਅਦਾਲਤਾਂ ਦੇ ਹੁਕਮ ਆਦਿ ਦਾ ਮੁਕੰਮਲ ਵੇਰਵਾ ਕੁਇੱਕਰ ਰੀਅਲਟੀ ਦੀ ਵੈੱਬਸਾਈਟ www.quikrrealty.com 'ਤੇ ਉਪਲੱਬਧ ਹੈ।

1. ਚਾਹਵਾਨ ਬੋਲੀਕਾਰਾਂ ਨੂੰ ਕੁਇੱਕਰ ਰੀਅਲਟੀ ਦੀ ਵੈੱਬਸਾਈਟ www.quikrrealty.com 'ਤੇ ਪ੍ਰਦਰਸ਼ਿਤ ਸ਼ਰਤਾਂ ਦੇ ਨਿਯਮਾਂ ਦੇ ਵੇਰਵੇ ਦਾ ਹਵਾਲਾ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ।
2. ਚਾਹਵਾਨ ਬੋਲੀਕਾਰ ਜਿਨ੍ਹਾਂ ਨੂੰ ਸਹਾਇਤਾ ਦੀ ਲੋੜ ਹੈ, ਕੁਇੱਕਰ ਰੀਅਲਟੀ ਨਾਲ ਈਮੇਲ auctions@quikrrealty.com ਜਾਂ ਸੰਪਰਕ ਨੰਬਰ 9176197676/9742160803 ਰਾਹੀਂ ਸੰਪਰਕ ਕਰ ਸਕਦੇ ਹਨ।
3. ਵਿਕਰੀ, ਐੱਮ ਪੀ ਆਈ ਡੀ ਅਦਾਲਤ ਮੁਕੱਦਮਾ ਨੰ: 2019 ਦਾ 995 ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ।

ਸਥਾਨ : ਮੁੰਬਈ
ਮਿਤੀ : 31 ਅਗਸਤ 2023

ਡਿਪਟੀ ਕੁਲੈਕਟਰ ਐਂਡ ਕੰਪੀਟੈਂਟ ਅਥਾਰਟੀ (ਐੱਨ ਐੱਸ ਈ ਐੱਲ) ਮੁੰਬਈ


CMYK

31-AUG-PAGE-7.qxd 8/30/2023 10:51 PM Page 1



## ਲੁੱਟ-ਖੋਹ ਕਰਨ ਵਾਲੇ 4 ਮੁਲਜ਼ਮ ਸਫਾਰੀ ਗੱਡੀ ਸਣੇ ਕਾਬੂ



**ਤਪਾ ਮੰਡੀ (ਅਰੁਣ ਗੋਇਲ)** ਤਪਾ ਪੁਲਸ ਨੇ ਸਮਾਜ ਵਿਰੋਧੀ ਅਨਸਰਾਂ ਖਿਲਾਫ਼ ਚਲਾਈ ਮੁਹਿੰਮ ਦੌਰਾਨ ਉਸ ਸਮੇਂ ਸਫਲਤਾ ਮਿਲੀ, ਜਦ 10 ਦਿਨ ਪਹਿਲਾਂ ਸਾਈ ਪੈਸਟੀਸਾਈਡਜ ਦੇ ਮੁਲਾਜ਼ਮ ਤੋਂ 41 ਹਜ਼ਾਰ ਦੀ ਖੋਹ ਕਰਨ ਵਾਲੇ ਕਾਲੇ ਰੰਗ ਦੀ ਟਾਟਾ ਸਫਾਰੀ ਗੱਡੀ 'ਚ ਸਵਾਰ 4 ਮੁਲਜ਼ਮਾਂ ਨੂੰ 21 ਹਜ਼ਾਰ ਦੀ ਨਕਦੀ ਤੇ ਗੱਡੀ ਸਮੇਤ ਕਾਬੂ ਕਰਨ 'ਚ ਸਫ਼ਲਤਾ ਮਿਲੀ ਹੈ।

ਡੀ.ਐਸ.ਪੀ ਤਪਾ ਮਾਨਵਜੀਤ ਸਿੰਘ ਸਿੱਧੂ ਨੇ ਪ੍ਰੈਸ ਕਾਨਫਰੰਸ 'ਚ ਦੱਸਿਆ ਕਿ ਐਸ.ਐਸ.ਪੀ ਸ੍ਰੀ ਸੰਦੀਪ ਮਲਿਕ ਦੇ ਨਿਰਦੇਸ਼ਾਂ 'ਤੇ ਥਾਣਾ ਮੁਖੀ ਗੁਰਵਿੰਦਰ ਸਿੰਘ ਅਤੇ ਚੌਂਕੀ ਇੰਚਾਰਜ ਗੁਰਪਾਲ ਸਿੰਘ ਦੀ ਅਗਵਾਈ 'ਚ ਸਹਾਇਕ ਥਾਣੇਦਾਰ ਬੂਟਾ ਸਿੰਘ ਨੇ ਖੋਹ ਕਰਨ ਵਾਲੇ ਚਾਰ ਮੁਲਜ਼ਮਾਂ ਗਗਨਦੀਪ ਸਿੰਘ ਉਰਫ ਗਗਨ ਪੁੱਤਰ ਲਖਵਿੰਦਰ ਸਿੰਘ, ਗੁਲਸ਼ਨ ਅਰੋੜਾ ਪੁੱਤਰ ਵਿਨੋਦ ਕੁਮਾਰ, ਬੰਟੀ ਸ਼ਰਮਾ ਪੁੱਤਰ ਮਦਨ ਲਾਲ ਅਤੇ ਰਾਜੂ ਪੁੱਤਰ ਭਾਗੀਰਤੀ ਵਾਸੀਆਨ ਲੁਧਿਆਣਾ ਨੇ ਇੱਕ ਕਾਲੇ ਰੰਗ ਦੀ ਟਾਟਾ ਸਫਾਰੀ ਗੱਡੀ 'ਚ ਸਵਾਰ ਹੋ ਕੇ 18 ਅਗਸਤ ਨੂੰ ਸਾਈ ਪੈਸਟੀਸਾਈਡਜ ਦੇ ਮਾਲਕ ਲਵਲੀ ਦਾ ਮੁਲਾਜ਼ਮ ਗੱਗੂ ਪੁੱਤਰ ਫਕੀਰ ਚੰਦ ਵਾਸੀ ਬਾਜ਼ੀਗਰ ਬਸਤੀ ਪੰਜਾਬ ਨੈਸ਼ਨਲ ਬੈਂਕ ਤਪਾ 'ਚ 41 ਹਜਾਰ ਰੁਪਏ ਜਮ੍ਹਾਂ ਕਰਾਉਣ ਆਇਆ ਸੀ ਤਾਂ ਉਕਤ ਮੁਲਜ਼ਮਾਂ ਨੇ ਵਾਊਚਰ ਭਰਨ ਦੇ ਬਹਾਨੇ ਮੁਲਾਜ਼ਮ ਤੋਂ ਅਸਲ ਰੁਪਏ ਲੈ ਕੇ ਰੁਮਾਲ 'ਚ ਲਪੇਟੇ ਕਾਗ਼ਜ਼ ਦੇ ਕੇ ਗੱਡੀ 'ਚ ਸਵਾਰ ਹੋਕੇ ਫਰਾਰ ਹੋ ਗਏ ਸੀ, ਜਿਸ ਸੰਬੰਧੀ ਮੁਕੱਦਮਾ ਦਰਜ ਸੀ।

ਤਪਾ ਪੁਲਸ ਨੇ ਮੁਦੱਈ ਦੇ ਸਹਿਯੋਗ ਨਾਲ ਪੀ.ਐਨ ਬੀ.ਬੈਂਕ ਦੇ ਦੋਵੇਂ ਪਾਸੇ ਲੱਗੇ ਸੀਸੀਟੀਵੀ ਕੈਮਰੇ ਖੰਘਾਲਕੇ ਉਕਤ ਕਾਲੇ ਰੰਗ ਦੀ ਸਫਾਰੀ ਗੱਡੀ ਦਾ ਨੰਬਰ ਮਿਲਣ 'ਤੇ ਉਕਤ ਮੁਲਜ਼ਮਾਂ ਨੂੰ ਲੁਧਿਆਣਾ ਤੋਂ ਗੱਡੀ ਅਤੇ 21 ਹਜ਼ਾਰ ਰੁਪਏ ਨਗਦੀ ਸਣੇ ਕਾਬੂ ਕਰ ਲਏ ਅਤੇ 20 ਹਜ਼ਾਰ ਰੁਪਏ ਨਸ਼ੇ ਪੱਤੇ 'ਚ ਖਾ ਗਏ। ਚਾਰੇ ਮੁਲਜ਼ਮਾਂ ਨੂੰ ਇੱਕ ਦਿਨ ਦਾ ਪੁਲਸ ਰਿਮਾਂਡ ਹਾਸਲ ਕਰਨ ਉਪਰੰਤ ਮੁੜ ਮਾਨਯੋਗ ਅਦਾਲਤ ਪੇਸ਼ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਸੂਤਰਾਂ ਅਨੁਸਾਰ ਇਹ ਮੁਲਜ਼ਮ ਅਜਿਹੀਆਂ ਵਾਰਦਾਤਾਂ ਅੰਮ੍ਰਿਤਸਰ, ਮੋਗਾ, ਜਗਰਾਉਂ ਤੇ ਜਲੰਧਰ ਵਿੱਚ ਵੀ ਸਾਹਮਣੇ ਆਇਆ ਹਨ।

## ਪਿੰਡ ਰੋਹਟਾ 'ਚ ਨਸ਼ਿਆਂ 'ਤੇ ਹੋਈ ਗੰਭੀਰ ਚਰਚਾ



**ਨਾਭਾ, (ਵਰਿੰਦਰ ਵਰਮਾ)**- ਤਿੰਨ ਮਹੀਨੇ ਵਿੱਚ ਤਿੰਨ ਨੌਜਵਾਨਾਂ ਨੂੰ ਨਸ਼ਿਆਂ ਦੀ ਭੇਟ ਚੜ੍ਹੇ ਦੇਖ ਪਿੰਡ ਰੋਹਟਾ ਵਿੱਚ ਨਸ਼ਿਆਂ ਖਿਲਾਫ ਮੁਹਿੰਮ ਜਾਰੀ ਹੈ। ਯੂਥ ਕਲੱਬ ਵੱਲੋਂ ਗੁਰਦਵਾਰਾ ਸਾਹਿਬ ਵਿਖੇ ਨਸ਼ੇ ਉੱਪਰ ਸੰਵਾਦ ਰੱਖਿਆ ਗਿਆ, ਜਿਸ ਵਿੱਚ ਸਾਬਕਾ ਐਸ ਐਸ ਪੀ ਗੁਰਪ੍ਰੀਤ ਸਿੰਘ ਤੂਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਵਿਚਾਰ ਚਰਚਾ ਵਿੱਚ ਪਿੰਡ ਥੂਹੀ, ਇਛੇਵਾਲ ਤੇ ਨਾਭਾ ਸ਼ਹਿਰ ਤੋਂ ਵੀ ਸਮਾਜ ਪ੍ਰਤੀ ਚਿੰਤਤ ਲੋਕ ਪਹੁੰਚੇ। ਇਸ ਮੌਕੇ ਗੁਰਪ੍ਰੀਤ ਸਿੰਘ ਤੂਰ, ਜਿਨ੍ਹਾਂ ਨੇ ਜੇਲ੍ਹਾਂ ਵਿੱਚ ਜਾ ਕੇ ਐਨਡੀਪੀਐਸ ਐਕਟ ਤਹਿਤ ਬੰਦ ਸੈਂਕੜੇ ਕੈਦੀਆਂ ਨਾਲ ਗੱਲਬਾਤ ਕਰਕੇ ਤਿੰਨ ਕਿਤਾਬਾਂ ਲਿਖੀਆਂ ਹਨ, ਉਨ੍ਹਾਂ ਨੇ ਆਪਣੇ ਤਜਰਬੇ ਸਾਂਝੇ ਕੀਤੇ ਤੇ ਨਸ਼ਿਆਂ ਨੂੰ ਪ੍ਰਫੁੱਲਤ ਕਰਨ ਵਾਲੇ ਮਾਹੌਲ ਬਾਰੇ ਚਰਚਾ ਕੀਤੀ। ਰਿਟਾਇਰਡ ਐਸਐਸਪੀ ਨੂੰ ਨੌਜਵਾਨਾਂ ਨੇ ਪੁਲਸ ਦੀ ਨਸ਼ਿਆਂ ਪ੍ਰਤੀ ਕਾਰਜਪ੍ਰਣਾਲੀ ਸੰਬੰਧੀ ਸਵਾਲ ਕੀਤੇ ਤੇ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਖਿਲਾਫ ਆਪਣਾ ਰੋਸ਼ ਵੀ ਪ੍ਰਗਟ ਕੀਤਾ। ਰਾਜਪਾਲ ਮਖਣੀ ਨੇ ਨਸ਼ਿਆਂ ਸੰਬੰਧੀ ਜੀਵ ਵਿਗਿਆਨਕ ਪੱਖ ਲੋਕਾਂ ਅੱਗੇ ਰੱਖਿਆ। ਜ਼ਿਕਰਯੋਗ ਹੈ ਕਿ ਪਿੰਡ ਦੇ ਨੌਜਵਾਨਾਂ ਵੱਲੋਂ 'ਪੁਲਾਂਘ' ਨਾਮਕ ਗਰੁੱਪ ਬਣਾ ਕੇ ਨਸ਼ਿਆਂ ਦੀ ਮੰਗ ਅਤੇ ਸਪਲਾਈ ਦੋਵਾਂ 'ਤੇ ਕੰਮ ਜਾਰੀ ਹੈ। ਗਰੁੱਪ ਦੇ ਮੈਂਬਰ ਹਰਭਗਵਾਨ ਦੱਤ ਤੇ ਰਣਧੀਰ ਸਿੰਘ ਨੇ ਕਿਹਾ ਕਿ ਸਰਕਾਰ ਤੇ ਵਿਰੋਧੀ ਧਿਰਾਂ ਕੋਈ ਵੀ ਨਸ਼ਿਆਂ ਦੇ ਮਾਮਲੇ 'ਤੇ ਸੰਜੀਦਾ ਨਹੀਂ ਹਨ। ਮਾਹਰਾਂ ਨਾਲ ਵਿਚਾਰ ਚਰਚਾ ਕਰਕੇ ਇੱਕ ਸਮੁੱਚਤਾ ਵਿੱਚ ਨੀਤੀ ਬਣਾਉਣਾ ਸਰਕਾਰ ਦਾ ਕੰਮ ਹੈ। ਉਨ੍ਹਾਂ ਨਸ਼ੇ ਦੀ ਸਮੱਸਿਆ ਦੇ ਕਾਰਨਾਂ ਨੂੰ ਸਮਝਣ ਸਮਝਾਉਣ 'ਤੇ ਜ਼ੋਰ ਦਿੱਤਾ ਤੇ ਇਹ ਚਰਚਾਵਾਂ ਹੋਰਨਾਂ ਪਿੰਡਾਂ ਵਿੱਚ ਚਲਾ ਕੇ ਇਸਤੋ ਇੱਕ ਪੁਖਤਾ ਲਹਿਰ ਬਣਾਉਣ ਦੀ ਯੋਜਨਾ ਅੱਗੇ ਰੱਖੀ। ਪਿੰਡ ਵਾਸੀਆਂ ਨੇ ਬੀਤੇ ਦਿਨ ਨੇੜਲੇ ਪਿੰਡ ਦੇ ਇੱਕ ਨਸ਼ੇ ਦੇ ਆਦੀ ਨੌਜਵਾਨ ਨੂੰ ਲੁੱਟ ਖੋਹ ਕਰਕੇ ਭੱਜਦੇ ਹੋਏ ਫੜਿਆ ਤੇ ਪੁਲਸ ਦੇ ਹਵਾਲੇ ਕਰਨ ਤੋਂ ਪਹਿਲਾਂ ਨਸ਼ਾ ਖਰੀਦਣ ਦੇ ਟਿਕਾਣੇ ਪੁੱਛੇ। ਫ਼ਿਲਹਾਲ ਹਰ ਰੋਜ਼ ਸਵੇਰੇ ਇਹ ਕਲੱਬ ਪਿੰਡ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਵੱਲ ਯਤਨਸ਼ੀਲ ਹਨ। ਕਲੱਬ ਦੇ ਯਤਨਾਂ ਦੀ ਸ਼ਲਾਘਾ ਕਰਦੇ ਹੋਏ ਗੁਰਦਵਾਰਾ ਮੈਨੇਜਰ ਅਮਰੀਕ ਸਿੰਘ ਦਾ ਕਹਿਣਾ ਹੈ ਕਿ ਕੋਈ ਨੌਜਵਾਨ, ਬੱਚਾ ਜੇਕਰ ਭਟਕ ਵੀ ਜਾਵੇ ਤਾਂ ਸੂਝਵਾਨ ਮੈਂਬਰਾਂ ਦੇ ਨਾਲ ਹਰ ਰੋਜ਼ ਰਾਬਤੇ ਵਿੱਚ ਰਹਿਣ ਕਰਕੇ ਉਸਨੂੰ ਜ਼ਿਆਦਾ ਦੂਰ ਜਾਣ ਤੋਂ ਪਹਿਲਾਂ ਹੀ ਪਛਾਣਿਆ ਜਾ ਸਕਦਾ ਹੈ ਤੇ ਉਸਨੂੰ ਵਾਪਸ ਖਿੱਚਿਆ ਜਾ ਸਕਦਾ ਹੈ।

## ਧਰਨਾ 18ਵੇਂ ਦਿਨ ਹਠੂਰ, ਲੱਖਾ, ਸ਼ੇਰਪੁਰਾਂ, ਬੁਰਜ ਕਲਾਰਾਂ ਸੜਕ ਵੀ ਪਾਸ ਹੋਈ



### ਹਾਈਵੇ ਜਾਮ ਪ੍ਰੋਗਰਾਮ ਮੁਲਤਵੀ

**ਹਠੂਰ/ਜਗਰਾਉਂ (ਨਛੱਤਰ ਸੰਧੂ)**-ਟੁੱਟੀਆਂ ਸੜਕਾਂ ਸੰਬੰਧੀ ਸੰਘਰਸ਼ ਕਮੇਟੀ ਨਾਲ ਅੱਜ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਮੁੜ ਮੀਟਿੰਗ ਕੀਤੀ ਜਿਸ ਵਿਚ ਐਸ ਪੀ ਮਨਵਿੰਦਰਵੀਰ ਸਿੰਘ, ਡੀ ਐਸ ਪੀ ਰਛਪਾਲ ਸਿੰਘ ਢੀਂਡਸਾ ਰਾਏਕੋਟ, ਐਸ ਐਚ ਓ ਰੁਪਿੰਦਰ ਕੌਰ, ਐਸ ਡੀ ਓ ਸਹਿਜਪ੍ਰੀਤ ਸਿੰਘ ਮਾਂਗਟ, ਜੇ ਈ ਕਮਲਜੀਤ ਸਿੰਘ, ਜੇ ਈ ਪਰਵਿੰਦਰ ਸਿੰਘ ਆਦਿ ਅਧਿਕਾਰੀਆਂ ਨੇ ਮੀਟਿੰਗ ਵਿੱਚ ਲੱਖਾ, ਹਠੂਰ, ਬੁਰਜ ਕਲਾਰਾਂ ਸੜਕ ਵੀ ਪਾਸ ਹੋਈ ਦੀਆਂ ਸਬੂਤ ਵਜੋਂ ਚਿੱਠੀਆਂ ਦਿੱਤੀਆਂ ਅਤੇ ਉਨ੍ਹਾਂ ਕਿਹਾ ਕਿ 15 ਤਰੀਕ ਗੁਰੂ ਗੋਬਿੰਦ ਸਿੰਘ ਮਾਰਗ ਨੂੰ ਬਣਾਉਣਾ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਮੌਕੇ ਐਕਸ਼ਨ ਕਮੇਟੀ ਵੱਲੋਂ 1ਤਰੀਕ ਦੇ ਹਾਈਵੇ ਜਾਮ ਪ੍ਰੋਗਰਾਮ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ ਹੁਣ ਸ਼ਾਂਤਮਈ ਧਰਨਾ ਪਿੰਡ ਲੱਖਾ ਵਿਖੇ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਗੁਰੂ ਗੋਬਿੰਦ ਸਿੰਘ ਮਾਰਗ 'ਤੇ ਪੱਥਰ ਪਾ ਕੇ ਬਣਾਉਣਾ ਸ਼ੁਰੂ ਕਰ ਦਿੱਤਾ ਜਾਵੇਗਾ। ਅੱਜ ਦੀ ਮੀਟਿੰਗ ਵਿੱਚ ਮਾਸਟਰ ਮਹਿੰਦਰ ਸਿੰਘ ਕਮਾਲਪੁਰਾ, ਬੂਟਾ ਸਿੰਘ ਚਕਰ, ਪ੍ਰਧਾਨ ਮਲਕੀਤ ਸਿੰਘ ਹਠੂਰ, ਪ੍ਰਧਾਨ ਸੁਰਜੀਤ ਸਿੰਘ ਲੱਖਾ, ਸਰਪੰਚ ਜਸਵੀਰ ਸਿੰਘ ਲੱਖਾ, ਮਾਸਟਰ ਤਾਰਾ ਸਿੰਘ ਅੱਚਰਵਾਲ, ਇੰਦਰਪਾਲ ਸਿੰਘ ਗਿੱਲ, ਬਹਾਦਰ ਸਿੰਘ ਲੱਖਾ, ਸੁਖਦੇਵ ਸਿੰਘ ਦੇਹੜਕਾ, ਪਿਰਤਾਂ ਸਿੰਘ, ਜਸਵਿੰਦਰ ਸਿੰਘ ਸਿੱਧੂ, ਅਜੈਬ ਸਿੰਘ, ਚਮਕੌਰ ਸਿੰਘ ਇੰਦਰਜੀਤ ਸਿੰਘ, ਗੁਰਜੰਟ ਸਿੰਘ ਆਦਿ ਹਾਜ਼ਰ ਸਨ। ਅੱਜ 18ਵੇਂ ਦਿਨ ਦੇ ਧਰਨੇ ਨੂੰ ਵੱਖ ਵੱਖ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੋਕਾਂ ਦੇ ਭਾਰੀ ਇਕੱਠ ਨੇ ਸੜਕਾਂ ਤਾਂ ਪਾਸ ਕਰਵਾ ਲਈਆਂ ਹੁਣ ਸੜਕਾਂ ਬਣਾ ਕੇ ਹੀ ਧਰਨਾ ਸਮਾਪਤ ਕਰਾਂਗੇ। ਇਸ ਮੌਕੇ ਰਾਏ ਸਿੰਘ ਲੱਖਾ, ਤੇਜ ਸਿੰਘ, ਕਰਮਾ ਚਕਰ ਆਦਿ ਹਾਜ਼ਰ ਸਨ।

## ਕਾਤਰਾਂ

### 8 ਰੋਜ਼ਾ ਧਾਰਮਕ ਸਮਾਗਮ ਦਾ ਕਾਰਡ ਰਿਲੀਜ਼

**ਤਪਾ ਮੰਡੀ (ਅਰੁਣ ਗੋਇਲ)** ਬਰਨਾਲਾ-ਬਠਿੰਡਾ ਮੁੱਖ ਮਾਰਗ 'ਤੇ ਸਥਿਤ ਡੇਰਾ ਬਾਬਾ ਇੰਦਰ ਦਾਸ ਤਪਾ ਵਿਖੇ 8 ਰੋਜ਼ਾ ਧਾਰਮਿਕ ਸਮਾਗਮ ਦੀ ਸ਼ੁਰੂਆਤ ਦਾ ਕਾਰਡ ਡੇਰਾ ਸੰਚਾਲਕ ਮਹੰਤ ਭਗਵਾਨ ਦਾਸ ਜੀ ਨੇ ਰਿਲੀਜ਼ ਕੀਤਾ ਗਿਆ। ਡੇਰਾ ਮੁਖੀ ਮਹੰਤ ਭਗਵਾਨ ਦਾਸ ਨੇ ਦੱਸਿਆ ਕਿ 11 ਸਤੰਬਰ ਤੋਂ ਸ੍ਰੀਮਦ ਭਗਵੰਤ ਸਪਤਾਹ ਯੱਗ ਦੀ ਸੁਰੂਆਤ, ਜਿਨ੍ਹਾਂ ਦੇ ਭੋਗ 17 ਸਤੰਬਰ ਨੂੰ ਪਾਏ ਜਾਣਗੇ ਤੋਂ ਇਲਾਵਾ 16 ਸਤੰਬਰ ਨੂੰ ਸ੍ਰੀ ਚੰਦਰ ਸਿਧਾਂਤ ਦੇ ਪਾਠਾਂ ਦੀ ਸ਼ੁਰੂਆਤ ਕੀਤੀ ਜਾਵੇਗੀ, ਉਪਰੰਤ ਰਾਤ ਸਮੇਂ ਮਾਤਾ ਦੀ ਚੌਂਕੀ ਲਾਈ ਜਾਵੇਗੀ ਅਤੇ 18 ਸਤੰਬਰ ਨੂੰ ਸ੍ਰੀ ਚੰਦਰ ਸਿਧਾਂਤ ਸਾਗਰ ਦੇ ਭੋਗ ਪਾਏ ਜਾਣਗੇ। ਉਪਰੰਤ ਸੰਗਤਾਂ ਲਈ ਭੰਡਾਰਾ ਵਰਤਾਇਆ ਜਾਵੇਗਾ। ਮਹੰਤ ਨੇ ਦੱਸਿਆ ਕਿ ਇਸ ਧਾਰਮਿਕ ਸਮਾਗਮ 'ਚ ਦੂਰ-ਦੁਰਾਡੇ ਤੋਂ ਧਾਰਮਿਕ ਸ਼ਖ਼ਸੀਅਤਾਂ ਪਹੁੰਚ ਕੇ ਨਤਮਸਤਕ ਹੋਣਗੀਆਂ। ਇਸ ਮੌਕੇ ਮਹੰਤ ਰਾਮ ਸ਼ਰਨ ਦਾਸ ਜੀ ਗੋਬਿੰਦਗੜ੍ਹ, ਜਗਤਾਰ ਸਿੰਘ, ਸੰਤੋਖ ਤੇ ਜਸਵਿੰਦਰ ਸਿੰਘ ਆਦਿ ਹਾਜ਼ਰ ਸਨ।

### ਡੀ ਏ ਵੀ ਸਕੂਲ 'ਚ ਮਨਾਇਆ ਰੱਖੜੀ ਦਾ ਤਿਉਹਾਰ



**ਪਾਤੜਾਂ, (ਪੱਤਰ ਪ੍ਰੇਰਕ)**- ਡੀਏਵੀ ਪਬਲਿਕ ਸਕੂਲ ਵਿੱਚ ਰੱਖੜੀ ਦਾ ਤਿਉਹਾਰ ਪ੍ਰਿੰਸੀਪਲ ਮੀਨਾ ਥਾਪਰ ਦੀ ਰਹਿਨੁਮਾਈ ਵਿੱਚ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਸਕੂਲ ਦੀਆਂ ਵੱਖ-ਵੱਖ ਵਿਦਿਆਰਥਣਾਂ ਵੱਲੋਂ ਰੱਖੜੀ 'ਤੇ ਥਾਲੀ ਸਜਾਈ ਗਈ, ਕੁਝ ਵਿਦਿਆਰਥਣਾਂ ਨੇ ਸਕੂਲ ਵਿੱਚ ਪੜ੍ਹਦੇ ਆਪੋ-ਆਪਣੇ ਭਰਾਵਾਂ ਨੂੰ ਰੱਖੜੀ ਬੰਨੀ। ਇਸੇ ਦੌਰਾਨ ਰੱਖੜੀ ਸਬੰਧੀ ਕੋਰੀਓਗ੍ਰਾਫ਼ੀਆਂ ਤੇ ਹੋਰ ਮਨੋਰੰਜਕ ਪ੍ਰੋਗਰਾਮ ਵੀ ਪੇਸ਼ ਕੀਤੇ ਗਏ। ਕੰਪਿਊਟਰ ਅਧਿਆਪਕਾ ਦਲਜੀਤ ਕੌਰ ਨੇ ਰੱਖੜੀ ਦੇ ਪਵਿੱਤਰ ਤਿਓਹਾਰ ਦੇ ਇਤਿਹਾਸਕ ਪਿਛੋਕੜ ਤੋਂ ਜਾਣੂ ਕਰਾਇਆ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਮੀਨਾ ਥਾਪਰ ਨੇ ਭੈਣ ਭਰਾ ਦੇ ਇਸ ਪਵਿੱਤਰ ਤਿਉਹਾਰ ਦੀ ਸਭ ਨੂੰ ਵਧਾਈ ਦਿੱਤੀ।

### ਹੋਲੀ ਹਾਰਟ ਸਕੂਲ 'ਚ ਹੈਂਡ ਪ੍ਰਿੰਟਿੰਗ ਗਤੀਵਿਧੀਆਂ



**ਅਜੀਤਵਾਲ, (ਨਛੱਤਰ ਸੰਧੂ)** ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਬੱਚਿਆਂ ਦੀ ਹੈਂਡ ਪ੍ਰਿੰਟਿਗ ਗਤੀਵਿਧੀ ਕਰਾਈ ਗਈ। ਇਸ ਗਤੀਵਿਧੀ ਵਿੱਚ ਮੁੱਢਲੀਆਂ ਜਮਾਤਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਸ ਵਿੱਚ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਅਧਿਆਪਕਾਂ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਪੂਰੀ ਦਿਲਚਸਪੀ ਨਾਲ ਆਪਣੇ ਹੱਥਾਂ ਨੂੰ ਰੰਗ ਲਗਾ ਕੇ ਇੱਕ ਚਿੱਟੀ ਦੀਵਾਰ 'ਤੇ ਲਾਏ, ਜੋ ਬਹੁਤ ਹੀ ਜ਼ਿਆਦਾ ਸੋਹਣੇ ਲੱਗ ਰਹੇ ਸਨ। ਬਾਅਦ ਵਿੱਚ ਸਾਰੇ ਵਿਦਿਆਰਥੀਆਂ ਦੀਆਂ ਹੈਂਡ ਪ੍ਰਿੰਟਿਗ ਨਾਲ ਤਸਵੀਰਾਂ ਵੀ ਲਈਆਂ ਗਈਆਂ। ਇਸ ਮੌਕੇ ਸਾਰੇ ਵਿਦਿਆਰਥੀਆਂ ਵਿੱਚ ਖੁਸ਼ੀ ਦੀ ਲਹਿਰ ਸੀ। ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਮੈਡਮ ਪਰਮਜੀਤ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਰਾਉਣ ਦਾ ਮੁੱਖ ਮਕਸਦ ਵਿਦਿਆਰਥੀਆਂ ਦਾ ਮਾਨਸਿਕ ਤੇ ਸਰੀਰਿਕ ਵਿਕਾਸ ਕਰਨਾ ਹੈ।

### ਅੰਡਰ-14 ਨੈਸ਼ਨਲ ਪਬਲਿਕ ਸੀ. ਸੈ. ਸਕੂਲ ਦੀਆਂ ਕੁੜੀਆਂ ਪੰਜਾਬ ਜ਼ੋਨ ਟੂਰਨਾਮੈਂਟ 'ਚ ਚੈਂਪੀਅਨ

**ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਪੰਜਾਬ ਲੈਵਲ ਦੇ ਜ਼ੋਨ ਟੂਰਨਾਮੈਂਟ ਦੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਚੇਅਰਪਰਸਨ ਮੈਡਮ ਕੁਲਦੀਪ ਕੌਰ ਸੰਧੂ ਨੇ ਦੱਸਿਆ ਕਿ ਸਾਡੇ ਸਕੂਲ ਦੀ ਅੰਡਰ ਦੀਆਂ ਕੁੜੀਆਂ ਨੇ ਸਾਰੇ ਸਕੂਲਾਂ ਦੀਆਂ ਟੀਮਾਂ ਨੂੰ ਹਰਾਉਂਦੇ ਹੋਏ ਬਾਸਕਿਟਬਾਲ ਵਿੱਚੋਂ ਪਹਿਲਾ 14 ਸਥਾਨ ਹਾਸਲ ਕੀਤਾ। ਮੈਡਮ ਕੁਲਦੀਪ ਕੌਰ ਸੰਧੂ ਨੇ ਖਿਡਾਰਨਾਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ। ਉਨ੍ਹਾਂ ਕਿਹਾ ਕਿ ਸਕੂਲ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਪ੍ਰਤੀ, ਨੈਤਿਕ ਕਦਰਾਂ ਕੀਮਤਾਂ ਪ੍ਰਤੀ ਅਤੇ ਉਨ੍ਹਾਂ ਦੀ ਚੰਗੀ ਸ਼ਖ਼ਸੀਅਤ ਲਈ ਸਮੇਂ-ਸਮੇਂ 'ਤੇ ਪ੍ਰੇਰਨਾ ਦਿੱਤੀ ਜਾਂਦੀ ਹੈ। ਬੱਚਿਆਂ ਦੀ ਇਸ ਸ਼ਲਾਘਾਯੋਗ ਪ੍ਰਾਪਤੀ ਲਈ ਸਕੂਲ ਦੇ ਪ੍ਰਿੰਸੀਪਲ ਰਾਜੇਸ਼ਵਰ ਪ੍ਰਸਾਦ ਅਤੇ ਸਮੂਹ ਸਟਾਫ਼ ਨੇ ਵਧਾਈ ਦਿੱਤੀ।

## ਬਾਬਾ ਖੇਤਰਪਾਲ ਮੰਦਰ 'ਚ ਸੱਤ ਭੈਣਾਂ ਵਜੋਂ ਬੱਚੀਆਂ ਨੇ ਰੱਖੜੀਆਂ ਬੰਨ੍ਹ ਕੇ ਮਨਾਇਆ ਤਿਉਹਾਰ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ /ਪੂਜਾ )** - ਅਬੋਹਰ ਰੋਡ ਸਥਿਤ ਬਾਬਾ ਖੇਤਰਪਾਲ ਜੀ ਮੰਦਰ ਵਿਖੇ ਬਾਬਾ ਜੀ ਦੀਆਂ ਸੱਤ ਭੈਣਾਂ ਵਜੋਂ ਬੱਚੀਆਂ ਨੇ ਰੱਖੜੀਆਂ ਬੰਨ੍ਹ ਕੇ ਤਿਉਹਾਰ ਧੂਮਧਾਮ ਤੇ ਚਾਵਾਂ ਨਾਲ ਮਨਾਇਆ । ਇਸ ਮੌਕੇ ਬੱਚੀਆਂ ਨੇ ਬਾਬਾ ਖੇਤਰਪਾਲ ਜੀ ਨੂੰ ਰੱਖੜੀਆਂ ਬੰਨ੍ਹੀਆਂ। ਮੰਦਰ ਦਾ ਵਿਹੜਾ ਬਾਬਾ ਖੇਤਰਪਾਲ ਦੇ ਜੈਕਾਰਿਆਂ ਨਾਲ ਗੂੰਜ ਉਠਿਆ।

ਮੰਦਰ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਜੀ ਨੂੰ ਰੱਖੜੀ ਬੰਨ੍ਹਣ ਵਾਲੀਆਂ ਸੱਤੇ ਭੈਣਾਂ ਨੂੰ ਤੋਹਫੇ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਚੰਦਰ ਨਾਗਪਾਲ, ਚੇਅਰਮੈਨ ਆਕਾਸ਼ ਰੁਪਾਣਾ, ਕੈਸ਼ੀਅਰ ਸਤੀਸ਼ਸ਼ ਕੁਮਾਰ ਚਾਵਲਾ, ਵਾਈਸ ਪ੍ਰਧਾਨ ਨਰਿੰਦਰਪਾਲ ਗਿਰਧਰ, ਸੰਦੀਪ ਕੁਮਾਰ ਜੋਨਾ, ਰਿੰਕੂ ਨਾਗਪਾਲ ਸਮੇਤ ਵੱਡੀ ਗਿਣਤੀ 'ਚ ਸ਼ਰਧਾਲੂ ਮੌਜੂਦ ਸਨ।

## ਰੋਟਰੀ ਕਲੱਬ ਮਿੱਡ ਟਾਊਨ ਵੱਲੋਂ ਖ਼ੂਨਦਾਨ ਕੈਂਪ ਤੇ ਪੌਦਿਆਂ ਦਾ ਲੰਗਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** - ਅੰਤਰਰਾਸ਼ਟਰੀ ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਮਿੱਡ ਟਾਊਨ ਪਾਤੜਾਂ ਵੱਲੋਂ ਪੰਜਾਬ ਨੈਸ਼ਨਲ ਬੈਂਕ ਦੇ ਸਹਿਯੋਗ ਨਾਲ ਰੋਟੇਰੀਅਨ ਵਿਨੋਦ ਸਿੰਗਲਾ ਦੀ ਯੋਗ ਅਗਵਾਈ 'ਚ ਇਕਾਦਸੀ ਮੌਕੇ ਖਾਟੂ ਸਿਆਮ ਮੰਦਰ 'ਚ ਲੱਗਣ ਵਾਲੇ ਮੇਲੇ ਮੌਕੇ 'ਤੇ ਵਿਸ਼ਾਲ ਖ਼ੂਨਦਾਨ ਕੈਂਪ ਅਤੇ ਪੌਦਿਆਂ ਦਾ ਲੰਗਰ ਲਾਇਆ ਗਿਆ, ਜਿਸ ਦਾ ਉਦਘਾਟਨ ਪੰਜਾਬ ਨੈਸ਼ਨਲ ਬੈਂਕ ਦੇ ਡੀਜੀਐਮ ਵਾਸਤਵ ਅਤੇ ਸਰਕਲ ਹੈੱਡ ਨੇ ਕੀਤਾ। ਵਿਸ਼ੇਸ਼ ਮਹਿਮਾਨ ਏਜੀਐਮ ਪੀਐਨਬੀ ਸਰਕਲ ਪਟਿਆਲਾ ਰੋਹਿਤ ਸਰਮਾਂ ਤੋਂ ਇਲਾਵਾ ਰੋਟਰੀ ਕਲੱਬ ਦੇ ਜ਼ਿਲ੍ਹਾ ਗਵਰਨਰ 3090 ਰੋਟੇਰੀਅਨ ਘਨਸ਼ਾਮ ਕਾਂਸਲ ਅਤੇ ਐਮਡੀਬੀ ਗਰੁੱਪ ਦੇ ਚੇਅਰਮੈਨ ਪੰਕਜ ਬਾਂਸਲ ਨੇ ਸ਼ਮੂਲੀਅਤ ਕੀਤੀ। ਰਾਜਿੰਦਰਾ ਹਸਪਤਾਲ ਬਲੱਡ ਬੈਂਕ ਪਟਿਆਲਾ ਤੋਂ ਸੀਨੀਅਰ ਡਾਕਟਰ ਸੀਨਬ ਮਿੱਤਲ ਦੀ ਅਗਵਾਈ ਵਿੱਚ ਪੁੱਜੀ ਟੀਮ ਨੇ 150 ਦੇ ਕਰੀਬ ਯੂਨਿਟ ਖ਼ੂਨ ਇਕੱਤਰ ਕੀਤਾ। ਵੱਖ-ਵੱਖ ਬੁਲਾਰਿਆਂ ਨੇ ਜਿਥੇ ਰੋਟਰੀ ਕਲੱਬ ਵੱਲੋਂ ਸਮਾਜ ਸੇਵੀ ਲਈ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ, ਉਥੇ ਹੀ ਖ਼ੂਨਦਾਨ ਕੈਂਪ ਲਾ ਕੇ ਡੇਂਗੂ ਅਤੇ ਥੈਲੇਸੀਮੀਆ ਤੋਂ ਪੀੜਤ ਬੱਚਿਆਂ ਲਈ ਇੱਕ ਅਹਿਮ ਉਦਮ ਹੈ, ਜਿਸ ਵਿੱਚ ਹਰ ਇੱਕ ਨੌਜਵਾਨ ਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

ਪੰਜਾਬ ਨੈਸ਼ਨਲ ਬੈਂਕ ਸਰਕਲ ਪਟਿਆਲਾ ਦੇ ਡੀਜੀਐਮ ਮਨੋਜ ਸ੍ਰੀ ਵਾਸਤਵ ਨੇ ਰੋਟਰੀ ਕਲੱਬ ਵੱਲੋਂ ਲਾਏ ਗਏ ਖ਼ੂਨਦਾਨ ਕੈਂਪ ਸਬੰਧੀ ਵਧਾਈ ਦਿੰਦਿਆਂ ਕਿਹਾ ਕਿ ਖ਼ੂਨਦਾਨ ਮਹਾਂਦਾਨ ਸਭ ਤੋਂ ਉਤਮ ਦਾਨ ਹੈ। ਉਨ੍ਹਾਂ ਕਲੱਬ ਨੂੰ ਮਾਲੀ ਮਦਦ ਦਾ ਚੈੱਕ ਵੀ ਭੇਟ ਕੀਤਾ।

ਕਲੱਬ ਵੱਲੋਂ ਆਏ ਮਹਿਮਾਨਾਂ ਅਤੇ ਖ਼ੂਨਦਾਨੀਆਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਕਰਮ ਚੰਦ ਗੋਇਲ, ਸੁਰਿੰਦਰ ਕੁਮਾਰ ਪੈਂਦ, ਨਰਿੰਦਰ ਸਿੰਗਲਾ, ਰਿੰਕੂ ਬਰਾਸ, ਰਾਜੇਸ਼ ਅਗਰਵਾਲ, ਦੀਪਕ, ਰਵੀ ਸਿੰਗਲਾ, ਅਸ਼ਵਨੀ, ਰਾਕੇਸ਼ ਕਾਂਸਲ ਤੋਂ ਇਲਾਵਾ ਵੱਖ-ਵੱਖ ਸਮਾਜ ਸੰਸਥਾਵਾਂ ਦੇ ਆਗੂ ਅਤੇ ਮੈਂਬਰ ਮੌਜੂਦ ਸਨ।

## ਡੀ ਏ ਵੀ ਪਬਲਿਕ ਸਕੂਲ ਵਿਖੇ ਮਨਾਇਆ ਰੱਖੜੀ ਦਾ ਤਿਉਹਾਰ



**ਨਾਭਾ (ਵਰਿੰਦਰ ਵਰਮਾ)** ਡੀ.ਏ.ਵੀ. ਪਬਲਿਕ ਸਕੂਲ ਵਿਖੇ 29 ਅਗਸਤ ਨੂੰ ਸਕੂਲ ਚੇਅਰਮੈਨ ਸ੍ਰੀਮਤੀ ਪੁਸ਼ਪਾ ਸੋਫ਼ਤ ਤੇ ਸ੍ਰੀਮਤੀ ਜਯਾ ਭਾਰਦਵਾਜ ਜੀ ਦੀ ਰਹਿਨੁਮਾਈ ਹੇਠ ਤੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਰੇਣੂ ਠਾਕੁਰ ਜੀ ਦੀ ਗਤੀਸ਼ੀਲ ਅਗਵਾਈ ਹੇਠ ਬੰਦਿਸ਼ ਪਰਵਾਨਾ ਦਾ ਆਯੋਜਨ ਬੜੇ ਉਤਸ਼ਾਹ ਨਾਲ ਕੀਤਾ ਗਿਆ। ਇਸ ਸ਼ੁਭ ਦਿਨ 'ਤੇ ਸਰਵ ਸ਼ਕਤੀਮਾਨ ਦੀ ਬਖਸ਼ਿਸ਼ ਲਈ ਹਵਨ ਚੜ੍ਹਾਏ ਜਾਂਦੇ ਹਨ। ਤੀਜੀ ਤੇ ਚੌਥੀ ਦੇ ਚੰਗੇ ਵਿਦਿਆਰਥੀਆਂ ਨੇ ਹਵਨ ਵਿੱਚ ਭਾਗ ਲਿਆ ਅਤੇ ਪਵਿੱਤਰ ਮੰਤਰਾਂ ਦਾ ਜਾਪ ਕੀਤਾ ਤੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ। ਸਕੂਲ ਦੀ ਮੁੱਖ ਅਧਿਆਪਕਾ ਨੇ ਵਿਦਿਆਰਥੀਆਂ ਨੂੰ ਉਸ ਤਿਉਹਾਰ ਦੀ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣੇ ਭਰਾਵਾਂ ਨੂੰ ਕਿਹਾ ਹੈ ਕਿ ਉਹ ਉਨ੍ਹਾਂ ਦੀ ਰੱਖਿਆ ਕਰਨ। ਬੱਚਿਆਂ ਨੇ ਸੁੰਦਰ ਮੂਰਤੀਆਂ, ਕੀਪਸੇਕ, ਗ੍ਰੀਟਿੰਗ ਕਾਰਡ ਤੇ ਥਾਲੀ ਸਜਾਉਣ ਦੀਆਂ ਗਤੀਵਿਧੀਆਂ ਰਾਹੀਂ ਆਪਣੀ ਰਚਨਾਤਮਕਤਾ ਅਤੇ ਭਾਵਨਾਵਾਂ ਦਾ ਪ੍ਰਦਰਸ਼ਨ ਕੀਤਾ। ਰੱਖੜੀ ਬਣਾਉਣ ਦੇ ਮੁਕਾਬਲੇ ਕਰਾਏ ਗਏ। ਸਕੂਲ ਦੀ ਮੁੱਖ ਅਧਿਆਪਕਾ ਸ੍ਰੀਮਤੀ ਰੇਣੂ ਠਾਕੁਰ ਨੇ ਪਰਵਾਰ ਦੇ ਇਸ ਉਪਰਾਲੇ ਲਈ ਸਾਰਿਆਂ ਨੂੰ ਵਧਾਈ ਦਿੰਦੇ ਹੋਏ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

## ਸ੍ਰੀ ਜੈਨ ਸਥਾਨਕ 'ਚ ਹੋਇਆ ਜੈਨ ਮੁਨੀ ਦਾ ਕੇਸ਼ ਲੋਚ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਜੈਨ ਸਥਾਨਕ ਵਿਖੇ ਪ੍ਰਸਿੱਧ ਵਿਆਖਿਆਨੀ ਸ੍ਰੀ ਸੁਖਦਰਸ਼ਨ ਮੁਨੀ ਜੀ ਮਹਾਰਾਜ ਦਾ ਕੇਸ਼ ਲੋਚ ਹੋਇਆ। ਜੈਨ ਧਰਮ ਨਾਲ ਸਬੰਧਿਤ ਸਾਰੇ ਸਾਧੂ-ਸਾਧਵੀਆਂ ਜੁਲਾਈ ਤੋਂ ਨਵੰਬਰ ਮਹੀਨੇ ਤੱਕ ਇੱਕ ਹੀ ਜਗ੍ਹਾ 'ਤੇ ਰਹਿ ਕੇ ਤਪੱਸਿਆ ਕਰਦੇ ਹਨ, ਜਿਸ ਨੂੰ 'ਚਤੁਰਮਾਸ' ਕਿਹਾ ਜਾਂਦਾ ਹੈ। ਇਨ੍ਹਾਂ 4 ਮਹੀਨਿਆਂ ਵਿਚ ਜਿੱਥੇ ਜੈਨ ਸਾਧੂ-ਸਾਧਵੀਆਂ ਧਰਮ ਦੀ ਗੰਗਾ ਪ੍ਰਵਾਹਿਤ ਕਰਦੇ ਹਨ, ਉਸ ਦੇ ਨਾਲ-ਨਾਲ ਸਾਰੇ ਸ਼ਰਧਾਲੂ ਵੀ ਤਪੱਸਿਆ ਕਰਦੇ ਹਨ। ਕੇਸ਼ ਲੋਚ ਜੈਨ ਸਾਧੂ-ਸਾਧਵੀਆਂ ਦੀ ਤਪੱਸਿਆ ਦਾ ਇੱਕ ਅਟੁੱਟ ਅੰਗ ਹੈ। ਸਵੇਰੇ ਸ੍ਰੀ ਸੁਖਦਰਸ਼ਨ ਮੁਨੀ ਜੀ ਮਹਾਰਾਜ ਦੇ ਕੇਸ਼ ਲੋਚ ਤੋਂ ਬਾਅਦ ਮੌਜੂਦ ਸ਼ਰਧਾਲੂਆਂ ਨੇ ਮਹਾਰਾਜ ਜੀ ਦਾ ਖੜ੍ਹੇ ਹੋ ਕੇ ਸਿਰ ਝੁਕਾ ਕੇ ਹਾਰਦਿਕ ਅਭਿਨੰਦਨ ਕੀਤਾ। ਐੱਸ.ਐੱਸ.ਜੈਨ ਸਭਾ ਮਾਛੀਵਾੜਾ ਦੇ ਪ੍ਰਧਾਨ ਸ੍ਰੀ ਧਰਮਪਾਲ ਜੈਨ ਨੇ ਦੱਸਿਆ ਕਿ ਹਰ ਰੋਜ਼ ਸਵੇਰੇ 8.15 ਤੋਂ 9.15 ਵਜੇ ਤੱਕ ਪ੍ਰਵਚਨ ਹੁੰਦਾ ਹੈ, ਜਿਸ ਦੀ ਵੀਡੀਓ ਵੀ ਜੈਨ ਸਵਾਸਤਿਕ 1008 ਯੂ-ਟਿਊਬ ਚੈਨਲ 'ਤੇ ਦੇਖੀ ਜਾ ਸਕਦੀ ਹੈ।

ਸ੍ਰੀ ਧਰਮਪਾਲ ਜੈਨ ਨੇ ਬੇਨਤੀ ਕੀਤੀ ਕਿ ਉਹ ਜੈਨ ਸੰਤਾਂ ਦੇ ਪ੍ਰਵਚਨਾਂ ਨੂੰ ਗ੍ਰਹਿਣ ਕਰਕੇ ਇਸ ਚਤੁਰਮਾਸ ਦਾ ਫਾਇਦਾ ਉਠਾਉਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਭਾ ਦੇ ਉਪ ਪ੍ਰਧਾਨ ਰਮੇਸ਼ ਜੈਨ, ਪ੍ਰਵੀਨ ਜੈਨ, ਸੰਜੀਵ ਜੈਨ, ਰਾਜੀਵ ਜੈਨ, ਰਵਿੰਦਰ ਜੈਨ, ਰਾਕੇਸ਼ ਸਿੰਗਲਾ, ਚੀਨੂ ਜੈਨ ਘਨੌਰ, ਬਿੰਨੀ ਜੈਨ, ਅਸ਼ਵਨੀ ਮਿੱਤਲ, ਸੰਜੇ ਜੈਨ, ਜਿੰਮੀ ਜੈਨ, ਚੰਦਨ ਸ਼ਰਮਾ, ਭੂਸ਼ਣ ਗੋਇਲ, ਮਦਨ ਲਾਲ ਗਰੋਵਰ ਵੀ ਮੌਜੂਦ ਸਨ। ਇਸ ਤੋਂ ਇਲਾਵਾ ਸਨਮਤੀ ਤਰੁਣੀ ਮੰਡਲ ਦੀਆਂ ਮੈਂਬਰ ਸ੍ਰੀਮਤੀ ਕੁਸਮ ਜੈਨ, ਕਮਲੇਸ਼ ਜੈਨ, ਰਕਸ਼ਾ ਮਿੱਤਲ, ਗੀਟਾ ਜੈਨ, ਸੁਮਨ ਸਿੰਗਲਾ, ਪ੍ਰਿਯਾ ਜੈਨ, ਸੋਨੀਆ ਜੈਨ, ਦੀਆ ਜੈਨ, ਰਿਚੂ ਜੈਨ, ਰੂਚੀ ਜੈਨ, ਨੇਹਾ ਜੈਨ, ਸਪਨਾ ਅਰੋੜਾ ਆਦਿ ਨੇ ਵੀ ਸ਼ਮੂਲੀਅਤ ਕੀਤੀ।

## ਫ਼ਸਲੀ ਵਿਭਿੰਨਤਾ ਨੂੰ ਗ੍ਰਹਿਣ : ਹੜ੍ਹਾਂ 'ਚ ਨਿੰਬੂਆਂ ਦੇ ਬਾਗ਼ ਦਾ ਭਾਰੀ ਨੁਕਸਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** -ਪਿਛਲੇ ਮਹੀਨੇ ਆਏ ਜ਼ਬਰਦਸਤ ਹੜ੍ਹਾਂ ਦੌਰਾਨ ਇਲਾਕੇ ਵਿੱਚ ਨਿਰਮਾਣ ਅਧੀਨ ਜੰਮੂ ਦਿੱਲੀ ਕੱਟੜਾ ਐਕਸਪ੍ਰੈੱਸ ਵੇਅ ਵੱਲੋਂ ਲਾਈ ਗਈ ਡਾਫ ਕਰਕੇ ਰੁਕੇ ਪਾਣੀ ਕਾਰਨ ਹਲਕਾ ਸ਼ੁਤਰਾਣਾ ਵਿਚ ਜਿਥੇ ਫ਼ਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ, ਉਥੇ ਇੱਕ ਕਿਸਾਨ ਵੱਲੋਂ ਲਾਏ ਨਿੰਬੂਆਂ ਦੇ ਬਾਗ ਦੀ ਵੱਡੇ ਪੱਧਰ ਉੱਤੇ ਤਬਾਹੀ ਹੋ ਗਈ ਸੀ। ਪਰ ਸਰਕਾਰ ਵੱਲੋਂ ਫ਼ਸਲੀ ਵਿਭਿੰਨਤਾ ਦੇ ਰਾਹ ਤੁਰੇ ਕਿਸਾਨ ਦੀ ਹਾਲੇ ਤੱਕ ਕੋਈ ਬਾਂਹ ਨਹੀਂ ਫੜੀ ਗਈ।

ਕਿਸਾਨ ਬਲਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਆਪਣੀ ਜ਼ਮੀਨ ਵਿੱਚ ਤਿੰਨ ਏਕੜ ਤੇ ਨਿੰਬੂਆਂ ਦਾ ਬਾਗ 2015 ਵਿੱਚ ਲਾਇਆ ਗਿਆ ਸੀ, ਜਿਸ ਨੂੰ ਪਹਿਲੇ ਤਿੰਨ ਸਾਲ ਫਲ ਨਹੀਂ ਆਇਆ ਅਤੇ ਬੱਚਿਆਂ ਵਾਂਗ ਸਾਂਭ ਸੰਭਾਲ ਕਰਨੀ ਪਈ ਸੀ, ਪਰ ਪਿਛਲੇ ਮਹੀਨੇ ਅਚਾਨਕ ਘੱਗਰ ਦਰਿਆ ਵਿੱਚ ਆਏ ਭਿਆਨਕ ਹੜ੍ਹਾਂ ਦਾ ਪਾਣੀ ਦੀ ਉਸਾਰੀ ਅਧੀਨ ਦਿੱਲੀ ਕੱਟੜਾ ਐਕਸਪ੍ਰੈੱਸ ਵੇਅ 'ਤੇ ਪਾਈ ਮਿੱਟੀ ਕਾਰਨ ਡਾਫ ਲੱਗਣ ਮਗਰੋਂ ਘੱਗਰ ਦਰਿਆ ਵਿਚ ਬਾਗ ਦੇ ਸਾਹਮਣਿਓਂ ਪਿੰਡ ਤੇਈਪੁਰ ਵਾਲੇ ਪਾਸੇ ਘੱਗਰ ਵਿੱਚ ਬਹੁਤ ਚੌੜਾ ਪਾੜ ਪੈ ਗਿਆ ਤਾਂ ਸ਼ੁਤਰਾਣਾ ਰਸੌਲੀ ਵਾਲੇ ਪਾਸਿਓਂ ਪਾਣੀ ਦਾ ਬਹੁਤ ਤੇਜ਼ ਵਹਾਅ ਪਾੜ ਵੱਲ ਹੋ ਗਿਆ, ਜਿਸ ਕਾਰਨ ਨਿੰਬੂਆਂ ਦੇ ਬੂਟੇ ਉਖੜ ਗਏ ਅਤੇ ਉਖੜੇ ਹੋਏ ਬੂਟੇ ਅਗਲੇ ਬੂਟਿਆਂ ਨੂੰ ਉਖਾੜਦੇ ਗਏ, ਜਿਸ ਕਾਰਨ ਉਸਦੇ ਨਿੰਬੂਆਂ ਦੇ ਬਾਗ ਦਾ ਭਾਰੀ ਨੁਕਸਾਨ ਹੋਇਆ ਹੈ। ਨਿੰਬੂਆਂ ਦੇ ਕੰਡੇ ਜ਼ਮੀਨ ਵਿਚ ਖਿਲਰਣ ਸਦਕਾ ਉਸ ਖੇਤ ਵਿੱਚ ਝੋਨੇ ਦੀ ਲਵਾਈ ਵੀ ਨਹੀਂ ਕੀਤੀ ਜਾ ਸਕੀ ਹੈ ਤੇ ਜ਼ਮੀਨ ਖਾਲੀ ਪਈ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਜਿਥੇ ਕਿਸਾਨਾਂ ਨੂੰ ਝੋਨੇ ਦਾ ਮੁਆਵਜ਼ਾ ਦਿੱਤਾ ਜਾਵੇਗਾ, ਉਥੇ ਉਸ ਦੇ ਬਰਬਾਦ ਹੋਏ ਕੀਮਤੀ ਬੂਟਿਆਂ ਦਾ ਮੁਆਵਜ਼ਾ ਵੀ ਦਿੱਤਾ ਜਾਵੇ।

## ਮੈਡੀਕਲ ਸਟੋਰ ਸੰਚਾਲਕ ਨੂੰ ਪਾਬੰਦੀਸ਼ੁਦਾ ਦਵਾਈਆਂ ਸਮੇਤ ਕੀਤਾ ਕਾਬੂ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਨਸ਼ਿਆਂ ਨੂੰ ਰੋਕਣ ਲਈ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਬਣਾਈਆਂ ਗਈਆਂ ਨਸ਼ਾ ਵਿਰੋਧੀ ਕਮੇਟੀਆਂ ਨੇ ਨਸ਼ੇੜੀਆਂ ਤੋਂ ਇਲਾਵਾ ਉਨ੍ਹਾਂ ਦੁਕਾਨਦਾਰਾਂ ਨੂੰ ਫੜਨਾ ਵੀ ਸ਼ੁਰੂ ਕਰ ਦਿੱਤਾ ਹੈ, ਜੋ ਨਸ਼ੇੜੀਆਂ ਨੂੰ ਨਸ਼ੀਲੀਆਂ ਗੋਲੀਆਂ ਵੇਚਦੇ ਹਨ। ਇਸੇ ਲੜੀ ਤਹਿਤ ਪਿੰਡ ਦੁੱਲੇਵਾਲਾ, ਕਾਂਗੜ ਤੇ ਭਾਈਰੂਪਾ ਸਮੇਤ ਹੋਰਨਾਂ ਪਿੰਡਾਂ ਦੀਆਂਨਸਾ ਵਿਰੋਧੀ ਕਮੇਟੀਆਂ ਦੇ ਮੈਂਬਰਾਂ ਨੇ ਬਠਿੰਡਾ ਦੇ ਅਜੀਤ ਰੋਡ 'ਤੇ ਸਥਿਤ ਇੱਕ ਮੈਡੀਕਲ ਸਟੋਰ ਸੰਚਾਲਕ ਨੂੰ ਪਾਬੰਦੀਸ਼ੁਦਾ ਦਵਾਈਆਂ ਸਮੇਤ ਫੜ ਕੇ ਥਾਣਾ ਸਿਵਲ ਲਾਈਨ ਦੇ ਹਵਾਲੇ ਕਰ ਦਿੱਤਾ। ਇਸ ਦੇ ਨਾਲ ਹੀ ਕਮੇਟੀ ਮੈਂਬਰਾਂ ਨੇ ਪੁਲਸ ਨੂੰ ਲਿਖਤੀ ਸ਼ਿਕਾਇਤ ਦੇ ਕੇ ਮੈਡੀਕਲ ਸਟੋਰ ਸੰਚਾਲਕ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ, ਜਿਸ ਤੋਂ ਬਾਅਦ ਪੁਲਸ ਤੇ ਡਰੱਗ ਇੰਸਪੈਕਟਰ ਦੀ ਟੀਮ ਨੇ ਮੈਡੀਕਲ ਸਟੋਰ 'ਤੇ ਜਾ ਕੇ ਪਾਬੰਦੀਸ਼ੁਦਾ ਦਵਾਈਆਂ ਦੀ ਚੈਕਿੰਗ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

ਪਿੰਡ ਦੁੱਲੇਵਾਲਾ, ਕਾਂਗੜ ਅਤੇ ਭਾਈਰੂਪਾ ਦੀ ਨਸ਼ਾ ਰੋਕੋ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਬਠਿੰਡਾ ਦੇ ਅਜੀਤ ਰੋਡ 'ਤੇ ਸਥਿਤ ਮੈਡੀਕਲ ਸਟੋਰ ਦਾ ਸੰਚਾਲਕ ਨੌਜਵਾਨਾਂ ਨੂੰ ਪਾਬੰਦੀਸ਼ੁਦਾ ਦਵਾਈਆਂ ਦੀਆਂ ਗੋਲੀਆਂ ਤੇ ਕੈਪਸੂਲ ਵੇਚਦਾ ਹੈ। ਕਮੇਟੀ ਮੈਂਬਰਾਂ ਨੇ ਦੱਸਿਆ ਕਿ ਸੋਮਵਾਰ ਨੂੰ ਇਕ ਨੌਜਵਾਨ ਨੂੰ ਨਸ਼ੇ ਦੇ ਕੈਪਸੂਲਾਂ ਸਮੇਤ ਕਾਬੂ ਕੀਤਾ ਗਿਆ ਸੀ। ਉਕਤ ਨੌਜਵਾਨ ਨੇ ਦੱਸਿਆ ਸੀ ਕਿ ਉਹ ਬਠਿੰਡਾ ਦੇ ਅਜੀਤ ਰੋਡ 'ਤੇ ਸਥਿਤ ਮੈਡੀਕਲ ਸਟੋਰ ਤੋਂ ਨਸ਼ੇ ਵਾਲੀਆਂ ਦਵਾਈਆਂ ਲੈ ਕੇ ਆਉਂਦੇ ਹਨ, ਜਿਸ ਦੇ ਚੱਲਦਿਆਂ ਮੰਗਲਵਾਰ ਨੂੰ ਇਕ ਯੋਜਨਾ ਤਹਿਤ ਤਿੰਨੋਂ ਪਿੰਡਾਂ ਦੀ ਨਸ਼ਾ ਰੋਕੂ ਕਮੇਟੀ ਬਠਿੰਡਾ ਪਹੁੰਚੀ ਅਤੇ ਮੈਡੀਕਲ ਸਟੋਰ ਸੰਚਾਲਕ 'ਤੇ ਸਟਿੰਗ ਅਪ੍ਰੇਸ਼ਨ ਕਰਕੇ ਪਾਬੰਦੀਸ਼ੁਦਾ ਦਵਾਈਆਂ ਸਮੇਤ ਰੰਗੇ ਹੱਥੀਂ ਫੜ ਕੇ ਪੁਲਸ ਹਵਾਲੇ ਕਰ ਦਿੱਤਾ।

ਮੈਡੀਕਲ ਸਟੋਰ ਸੰਚਾਲਕ ਨੇ ਆਪਣੇ ਮੈਡੀਕਲ ਦਾ ਨਾਂਅ ਵੀ ਗੁਰੂਆਂ ਦੇ ਨਾਂਅ 'ਤੇ ਰੱਖਿਆ ਹੋਇਆ ਹੈ ਅਤੇ ਉਹ ਸਕੂਟੀ ਵਿਚ ਨਸ਼ੀਲੇ ਕੈਪਸੂਲ ਰੱਖਦਾ ਸੀ। ਇਸ ਤੋਂ ਬਾਅਦ ਡਰੱਗ ਇੰਸਪੈਕਟਰ ਨੇ ਉਕਤ ਮੈਡੀਕਲ ਸਟੋਰ ਦੀ ਚੈਕਿੰਗ ਕੀਤੀ। ਦੂਜੇ ਪਾਸੇ ਪੁਲਸ ਨੇ ਪਾਬੰਦੀਸ਼ੁਦਾ ਨਸ਼ੀਲੀਆਂ ਗੋਲੀਆਂ ਕਬਜ਼ੇ 'ਚ ਲੈ ਕੇ ਮਾਮਲੇ ਦੀ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ਨਸ਼ਾ ਰੋਕੂ ਕਮੇਟੀਆਂ ਦੇ ਮੈਂਬਰ ਬਹਾਦਰ ਸਿੰਘ ਦੁੱਲੇਵਾਲਾ ਤੇ ਗੋਰਾ ਕਾਂਗੜ ਸਮੇਤ ਵੱਡੀ ਗਿਣਤੀ ਪਿੰਡਾਂ ਦੇ ਲੋਕ ਹਾਜ਼ਰ ਸਨ।

## ਗੁਰੂ ਨਾਨਕ ਨੈਸ਼ਨਲ ਕਾਲਜ 'ਚ ਰਾਸ਼ਟਰੀ ਖੇਡ ਦਿਵਸ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਤੇ ਐੱਨ.ਐੱਸ. ਐੱਸ. ਯੂਨਿਟ ਵੱਲੋਂ ਸਾਂਝੇ ਤੌਰ 'ਤੇ ਰਾਸ਼ਟਰੀ ਖੇਡ ਦਿਵਸ ਮਨਾਇਆ ਗਿਆ। ਕਾਰਜਕਾਰੀ ਪ੍ਰਿੰਸੀਪਲ ਅਤੇ ਡੀਨ ਆਫ਼ ਸਪੋਰਟਸ ਡਾ. ਨਿਰਲੇਪ ਕੌਰ ਨੇ ਦੱਸਿਆ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹਾਕੀ ਖਿਡਾਰੀ ਮੇਜਰ ਧਿਆਨ ਚੰਦ ਦੇ ਜਨਮ ਦਿਵਸ ਦੇ ਮੌਕੇ ਰਾਸ਼ਟਰੀ ਖੇਡ ਦਿਵਸ ਮਨਾਉਂਦਿਆਂ ਕਾਲਜ ਦੇ ਖੇਡ ਦੇ ਮੈਦਾਨ ਵਿੱਚ ਵਾਲੀਵਾਲ ਦੇ ਮੈਚ ਦਾ ਆਯੋਜਨ ਕੀਤਾ ਗਿਆ। ਮੈਚ ਸ਼ੁਰੂ ਕਰਨ ਤੋਂ ਪਹਿਲਾਂ ਸਰੀਰਕ ਸਿੱਖਿਆ ਵਿਭਾਗ ਦੇ ਪ੍ਰਾਧਿਆਪਕ ਪ੍ਰੋ. ਮਨਿੰਦਰ ਸਿੰਘ ਨੇ ਵਿਦਿਆਰਥੀ ਖਿਡਾਰੀਆਂ ਨੂੰ ਰਾਸ਼ਟਰੀ ਖੇਡ ਦਿਵਸ ਬਾਰੇ ਜਾਣਕਾਰੀ ਦਿੱਤੀ। ਡੀਨ ਐਕਸਟੈਂਸ਼ਨ ਐਕਟੀਵਿਟੀਜ਼ ਡਾ. ਲਵਲੀਨ ਬੈਂਸ ਦੀ ਅਗਵਾਈ ਵਿੱਚ ਕਰਾਏ ਗਏ ਇਸ ਮੈਚ ਦੇ ਆਯੋਜਨ ਵਿੱਚ ਐੱਨ.ਐੱਸ.ਐੱਸ. ਪ੍ਰੋਗਰਾਮ ਅਫ਼ਸਰ ਡਾ. ਗੁਰਪ੍ਰੀਤ ਸਿੰਘ ਅਤੇ ਪ੍ਰੋ. ਮਨਿੰਦਰ ਸਿੰਘ ਨੇ ਵਿਸ਼ੇਸ਼ ਭੂਮਿਕਾ ਅਦਾ ਕੀਤੀ।ਇਸ ਮੈਚ ਦੇ ਸਫ਼ਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਅਤੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਸਮੁੱਚੀ ਟੀਮ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਮੁਬਾਰਕਬਾਦ ਦਿੱਤੀ।

## ਹੜ੍ਹ ਪੀੜਤ ਪਰਵਾਰਾਂ ਨੂੰ ਮੁਆਵਜ਼ਾ ਰਾਸ਼ੀ ਦਿਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਚਨਬੱਧ : ਪ੍ਰਮੋਦ ਸਿੰਗਲਾ



**ਬੁਢਲਾਡਾ (ਅਸ਼ੋਕ ਲਾਕੜਾ)** ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਦੀਆਂ ਹਦਾਇਤਾਂ 'ਤੇ ਹੜ੍ਹਾਂ ਕਾਰਨ ਹੋਏ ਘਰਾਂ ਅਤੇ ਫ਼ਸਲਾਂ ਦੇ ਨੁਕਸਾਨ ਦੇ ਮੁਆਵਜ਼ੇ ਲਈ ਹੜ੍ਹ ਪੀੜਤ ਪਰਵਾਰਾਂ ਤੋਂ ਬੈਂਕ ਖਾਤੇ ਅਤੇ ਹੋਰ ਲੋੜੀਂਦੇ ਦਸਤਾਵੇਜ਼ ਪ੍ਰਾਪਤ ਕਰਕੇ ਅਗਲੇਰੀ ਕਾਰਵਾਈ ਕਰਨ ਹਿਤ ਵੱਖ-ਵੱਖ ਪਿੰਡਾਂ ਵਿੱਚ ਕੈਂਪ ਲਾਏ ਜਾ ਰਹੇ ਹਨ। ਐਸ.ਡੀ.ਐਮ. ਸ੍ਰੀ ਪ੍ਰਮੋਦ ਸਿੰਗਲਾ ਨੇ ਪਿੰਡਾਂ ਵਿੱਚ ਲੱਗੇ ਕੈਂਪਾਂ ਵਿੱਚ ਸ਼ਿਰਕਤ ਕਰਨ ਮੌਕੇ ਦਿੱਤੀ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਲਈ ਵਚਨਬੱਧ ਹੈ, ਜਿਸ ਲਈ ਪ੍ਰਸ਼ਾਸਨਿਕ ਅਧਿਕਾਰੀ ਜੁਟੇ ਹੋਏ ਹਨ। ਉਨ੍ਹਾਂ ਦੱਸਿਆ ਕਿ ਮੁਆਵਜ਼ੇ ਲਈ ਹੜ੍ਹ ਪੀੜਤ ਲੋਕਾਂ ਪਾਸੋਂ ਉਨ੍ਹਾਂ ਦੀ ਬੈਂਕ ਖਾਤੇ ਦੀ ਜਾਣਕਾਰੀ ਇਕੱਤਰ ਕਰਨ ਵਿੱਚ ਮੁਸ਼ਕਲ ਪੇਸ਼ ਆ ਰਹੀ ਸੀ, ਜਿਸ ਕਾਰਨ ਪਿੰਡ ਪੱਧਰ 'ਤੇ ਹੀ ਤਹਿਸੀਲਦਾਰ ਤੇ ਪਟਵਾਰੀਆਂ ਦੀ ਰਹਿਨੁਮਾਈ ਹੇਠ ਸਬ ਡਵੀਜ਼ਨ ਬੁਢਲਾਡਾ ਦੇ ਪਿੰਡ ਰਿਓਂਦ ਕਲਾਂ, ਬੀਰੇਵਾਲਾ ਡੋਗਰਾ, ਚੱਕ ਅਲੀਸ਼ੇਰ, ਭਾਵਾ ਤੇ ਗੋਰਖ਼ਨਾਥ ਵਿਖੇ ਕੈਂਪਾਂ ਦਾ ਆਯੋਜਨ ਕੀਤਾ ਗਿਆ ਹੈ।

ਐਸ.ਡੀ.ਐਮ. ਸ੍ਰੀ ਪ੍ਰਮੋਦ ਸਿੰਗਲਾ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਹੜ੍ਹ ਪੀੜਤ ਲੋਕਾਂ ਨੂੰ ਮੁਆਵਜ਼ਾ ਦਿਵਾਉਣ ਲਈ ਉਨ੍ਹਾਂ ਪਾਸੋਂ ਲੋੜੀਂਦੀ ਸੂਚਨਾ ਤੇ ਦਸਤਾਵੇਜ਼ ਪ੍ਰਾਪਤ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਹੜ੍ਹਾਂ ਕਾਰਨ ਹੋਏ ਘਰਾਂ ਦੇ ਨੁਕਸਾਨ ਦੇ ਮੁਆਵਜ਼ੇ ਦੀ ਰਾਸ਼ੀ ਪੀੜਤ ਪਰਵਾਰਾਂ ਦੇ ਬੈਂਕ ਖਾਤਿਆਂ ਵਿੱਚ ਪਾ ਦਿੱਤੀ ਜਾਵੇਗੀ, ਜਦਕਿ ਫ਼ਸਲੀ ਨੁਕਸਾਨ ਦੇ ਮੁਆਵਜ਼ੇ ਦੀ ਰਾਸ਼ੀ ਵੀ ਆਉਣ ਵਾਲੇ ਇਕ ਦੋ ਦਿਨਾਂ ਤੱਕ ਹੜ੍ਹ ਪੀੜਤ ਪਰਵਾਰਾਂ ਨੂੰ ਮਿਲ ਜਾਵੇਗੀ।

## ਭਾਕਿਯੂ ਉਗਰਾਹਾਂ ਵੱਲੋਂ ਨਸ਼ਿਆਂ ਖਿਲਾਫ ਦਰਜਨਾਂ ਪਿੰਡਾਂ 'ਚ ਚੇਤਨਾ ਮਾਰਚ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੀ ਅਗਵਾਈ ਹੇਠ ਪਿੰਡ ਵਜੀਦਕੇ ਕਲਾਂ ਤੋਂ ਜਥੇਬੰਦੀ ਦੇ ਆਗੂਆਂ ਤੇ ਵਰਕਰਾਂ ਦਾ ਮੋਟਰਸਾਈਕਲ ਕਾਫਲਾ ਨਸ਼ਿਆਂ ਦੇ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਸੰਬੰਧੀ ਚੇਤਨਾ ਮਾਰਚ ਪਿੰਡ ਅਮਲਾ ਸਿੰਘ ਵਾਲਾ, ਭੱਦਲਵੱਡ, ਕਰਮਗੜ੍ਹ, ਨੰਗਲ, ਗੁਰਮ, ਗੁੰਮਟੀ, ਹਮੀਦੀ, ਵਜੀਦਕੇ ਖੁਰਦ, ਵਜੀਦਕੇ ਕਲਾਂ ਤੇ ਚੁਹਾਨਕੇ ਕਲਾਂ ਆਦਿ ਦਰਜਨਾਂ ਪਿੰਡਾਂ 'ਚ ਪਹੁੰਚਿਆ । ਇਸ ਸਮੇਂ ਜੱਜ ਸਿੰਘ ਗਹਿਲ, ਰਾਜਿੰਦਰ ਸਿੰਘ ਵਜੀਦਕੇ, ਗੁਰਦੀਪ ਸਿੰਘ ਖਾਲਸਾ ਨੇ ਕਿਹਾ ਕਿ ਨਸ਼ਿਆਂ ਨੂੰ ਰੋਕਣ ਲਈ ਇਹ ਚੇਤਨਾ ਮਾਰਚ ਕੀਤਾ ਗਿਆ ਤੇ ਸਾਡੇ ਨੌਜਵਾਨ ਮੁੰਡੇ ਤੇ ਕੁੜੀਆਂ ਚਿੱਟੇ ਵਰਗੇ ਭੈੜੇ ਨਸ਼ੇ ਦੀ ਦਲਦਲ 'ਚ ਧੱਸ ਚੁੱਕੇ ਹਨ ਤੇ ਨਸ਼ਿਆਂ ਕਾਰਨ ਬਹੁਤ ਸਾਰੇ ਘਰ ਤਬਾਹ ਹੋ ਚੁੱਕੇ ਹਨ। ਪਰ ਨਸ਼ਿਆਂ ਨੂੰ ਰੋਕਣ ਲਈ ਪੰਜਾਬ ਸਰਕਾਰ ਤੇ ਪੁਲਸ ਪ੍ਰਸਾਸਨ ਫੇਲ੍ਹ ਹੋ ਕੇ ਰਹਿ ਗਿਆ ਹੈ। ਹਰ ਤਰ੍ਹਾਂ ਦੇ ਨਸ਼ੇ ਦਿਨੋ ਦਿਨ ਘਰ ਘਰ ਤਕ ਪਹੁੰਚ ਰਹੇ ਹਨ ।ਉਨ੍ਹਾਂ ਕਿਹਾ ਕਿ ਸਾਡੇ ਨੌਜਵਾਨ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਰੁਜ਼ਗਾਰ ਨਹੀਂ ਮਿਲ ਰਿਹਾ,ਜਿਸ ਕਰਕੇ ਉਹ ਨਸ਼ਿਆਂ ਦਾ ਸਹਾਰਾ ਲੈਂਦੇ ਹਨ। ਇਸ ਮੌਕੇ ਰਣਜੋਧ ਸਿੰਘ, ਗੁਰਚਰਨ ਸਿੰਘ, ਗਗਨਦੀਪ ਸਿੰਘ, ਚੈਂਚਲ ਸਿੰਘ, ਹਰਚਰਨ ਸਿੰਘ, ਮੱਖਣ ਸਿੰਘ, ਜਗਦੇਵ ਸਿੰਘ,ਬਲਜਿੰਦਰ ਸਿੰਘ ਆਦਿ ਹਾਜ਼ਰ ਸਨ।

## 3 ਕੁਇੰਟਲ 98 ਕਿਲੋ ਭੁੱਕੀ ਚੂਰਾ ਪੋਸਤ ਤੇ 500 ਗ੍ਰਾਮ ਅਫ਼ੀਮ ਸਮੇਤ 4 ਕਾਬੂ



**ਖੰਨਾ/ਪਾਇਲ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**- ਅਵਨੀਤ ਕੌਂਡਲ, ਆਈ.ਪੀ.ਐੱਸ, ਸੀਨੀਅਰ ਪਲਿਸ ਕਪਤਾਨ ਵੱਲੋਂ ਨਸ਼ਾ ਤਸਕਰਾਂ ਦੇ ਖਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਡਾ. ਪ੍ਰਗਿਆ ਜੈਨ, ਆਈ.ਪੀ.ਐੱਸ. ਕਪਤਾਨ ਪੁਲਿਸ (ਆਈ) ਦੀ ਅਗਵਾਈ ਹੇਠ ਰਾਜੇਸ਼ ਕੁਮਾਰ ਸ਼ਰਮਾ, ਉਪ ਕਪਤਾਨ ਪੁਲਿਸ ਖੰਨਾ, ਸ਼੍ਰੀ ਨਿਖਿਲ ਗਰਗ, ਉਪ ਕਪਤਾਨ ਪੁਲਸ ਪਾਇਲ, ਟੈਕਨੀਕਲ ਸੈੱਲ ਖੰਨਾ, ਸਪੈਸ਼ਲ ਬ੍ਰਾਂਚ ਖੰਨਾ, ਥਾਣਾ ਮਲੌਦ ਤੇ ਥਾਣਾ ਸਦਰ ਖੰਨਾ ਦੀ ਟੀਮ ਨੇ 02 ਵੱਖ-ਵੱਖ ਮੁਕੱਦਮਿਆਂ ਵਿੱਚ 04 ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 03 ਕੁਇੰਟਲ 98 ਕਿੱਲੋ ਭੁੱਕੀ ਚੂਰਾ ਪੋਸਤ ਤੇ 500 ਗ੍ਰਾਮ ਅਫ਼ੀਮ ਬਰਾਮਦ ਕੀਤੀ ਗਈ ਹੈ। ਬੀਤੇ ਦਿਨੀਂ ਮੁੱਖ ਅਫ਼ਸਰ ਥਾਣਾ ਮਲੋਦ ਸਮੇਤ ਪੁਲਸ ਪਾਰਟੀ ਬਾ-ਸਿਲਸਿਲਾ ਗਸ਼ਤ, ਚੈਕਿੰਗ ਸ਼ੱਕੀ ਪੁਰਸ਼ਾ ਦੇ ਸਬੰਧ ਵਿੱਚ ਜਗੇੜਾ ਮੇਨ ਰੋਡ ਵਿਖੇ ਮੌਜੂਦ ਸੀ ਤਾਂ ਪੁਲਸ ਪਾਰਟੀ ਨੇ ਇੱਕ ਕਾਰ ਵਰਨਾ ਰੰਗ ਚਿੱਟਾ ਨੰਬਰ ਪੀ ਬੀ-23 ਵਾਈ-0440 ਜੋ ਮਲੇਰਕੋਟਲਾ ਸਾਈਡ ਤੋਂ ਕੁੱਪ ਕਲਾਂ ਵੱਲ ਨੂੰ ਆ ਰਹੀ ਸੀ, ਸ਼ੱਕ ਦੇ ਬਿਨਾਹ 'ਤੇ ਰੋਕਿਆ ਗਿਆ। ਕਾਰ ਵਿੱਚ ਸਵਾਰ ਵਿਅਕਤੀਆਂ ਦੀ ਪੁੱਛਗਿੱਛ ਕਰਨ ਤੇ ਉਨ੍ਹਾਂ ਨੇ ਆਪਣਾ ਨਾਂਅ ਯੂਸਫ ਮਸੀਹ ਵਾਸੀ ਮੁੱਲਾਂਪੁਰ ਸਾਦਿਕਪੁਰ, ਥਾਣਾ ਬੱਸੀ ਪਠਾਣਾ, ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਗੋਗੋ ਦੇਵੀ ਵਾਸੀ ਪਿੰਡ ਖਤੌਲੀ, ਥਾਣਾ ਜੁਲਕਾ, ਜ਼ਿਲ੍ਹਾ ਪਟਿਆਲਾ ਦੱਸਿਆ। ਉਕਤ ਦੋਸ਼ੀਆਂ ਵੱਲੋਂ ਆਪਣੀ ਚੈਕਿੰਗ ਕਿਸੇ ਜੀ.ਓ ਅਫ਼ਸਰ ਦੀ ਮੌਜੂਦਗੀ ਵਿੱਚ ਕਰਨ ਦੀ ਸਹਿਮਤੀ ਪ੍ਰਗਟਾਉਣ 'ਤੇ ਮੌਕੇ ਪਰ ਡੀ.ਐਸ.ਪੀ ਨਿਖਿਲ ਗਰਗ, ਸਬ ਡਿਵੀਜ਼ਨ ਪਾਇਲ ਨੂੰ ਬੁਲਾ ਕੇ ਉਕਤ ਵਿਅਕਤੀਆਂ ਤੇ ਕਾਰ ਦੀ ਤਲਾਸ਼ੀ ਕਾਨੂੰਨ ਅਨੁਸਾਰ ਅਮਲ ਵਿੱਚ ਲਿਆਂਦੀ ਗਈ। ਚੈਕਿੰਗ ਮੌਕੇ ਕਾਰ ਵਿੱਚ 01 ਕੁਇੰਟਲ 50 ਕਿੱਲੋ ਭੁੱਕੀ ਚੂਰਾ ਪੋਸਤ ਬਰਾਮਦ ਹੋਈ।

ਇਸੇ ਤਰ੍ਹਾਂ ਚੈਕਿੰਗ ਦੌਰਾਨ ਸ਼ੱਕੀ ਪੁਰਸ਼ਾ ਦੇ ਸਬੰਧ ਵਿੱਚ ਦਹੇੜੂ ਪੁਲ ਹੇਠਾਂ ਮੌਜੂਦ ਸੀ ਤਾਂ ਪੁਲਸ ਪਾਰਟੀ ਨੇ ਇੱਕ ਟਰੱਕ ਨੰਬਰ ਪੀ ਬੀ 13 ਜ਼ੈੱਡ 9130, ਜੋ ਖੰਨਾ ਤੋਂ ਲੁਧਿਆਣਾ ਸਾਈਡ ਨੂੰ ਆ ਰਹੀ ਸੀ, ਨੂੰ ਸ਼ੱਕ ਦੀ ਬਿਨ੍ਹਾ 'ਤੇ ਰੋਕਿਆ ਗਿਆ। ਟਰੱਕ ਵਿੱਚ ਸਵਾਰ ਵਿਅਕਤੀਆਂ ਦੀ ਪੁੱਛਗਿੱਛ ਕਰਨ 'ਤੇ ਉਨ੍ਹਾਂ ਨੇ ਆਪਣਾ ਨਾਂਅ ਸੁਖਵਿੰਦਰ ਸਿੰਘ ਉਰਫ ਲਾਡੀ ਪੁੱਤਰ ਵਾਸੀ ਪਿੰਡ ਸਹੋਲੀ ਥਾਣਾ ਭਾਦਸੋਂ ਜ਼ਿਲ੍ਹਾ ਪਟਿਆਲਾ, ਗੁਰਪ੍ਰੀਤ ਸਿੰਘ ਉਰਫ ਸੋਚੀ ਵਾਸੀ ਕੁੱਲਗਰਾਂ ਥਾਣਾ ਨੰਗਲ ਡੈਮ ਜ਼ਿਲ੍ਹਾ ਰੋਪੜ ਦੱਸਿਆ। ਟਰੱਕ ਵਿੱਚੋਂ 02 ਕੁਇੰਟਲ 48 ਕਿੱਲੋ ਭੁੱਕੀ ਚੂਰਾ ਪੋਸਤ, 500 ਗ੍ਰਾਮ ਅਫੀਮ ਬ੍ਰਾਮਦ ਹੋਈ।

## ਰਾਸ਼ਟਰੀ ਖੇਡ ਦਿਵਸ ਮੌਕੇ 'ਰਨ ਫਾਰ ਫਨ' ਆਯੋਜਤ



**ਮੋਗਾ (ਅਮਰਜੀਤ ਬੱਬਰੀ)** ਐੱਸ.ਡੀ ਕਾਲਜ ਫਾਰ ਵਿਮਨ ਵਿਖੇ ਫ਼ਿਜ਼ੀਕਲ ਐਜੂਕੇਸ਼ਨ ਵਿਭਾਗ, ਐਨ.ਐੱਸ.ਐੱਸ ਤੇ ਐਨ.ਸੀ.ਸੀ ਯੂਨਿਟ ਵੱਲੋਂ ਆਜ਼ਾਦੀ ਕਾ ਅੰਮ੍ਰਿਤ ਮਹਾਂਉਤਸਵ ਨੂੰ ਸਮਰਪਤ ਰਾਸ਼ਟਰੀ ਖੇਡ ਦਿਵਸ ਮੌਕੇ ਰਨ ਫਾਰ ਫਨ ਈਵੈਂਟ ਦਾ ਆਯੋਜਨ ਕੀਤਾ ਗਿਆ। ਕਾਲਜ ਪਿੰਸੀਪਲ ਡਾ. ਨੀਨਾ ਅਨੇਜਾ ਨੇ ਸਾਰਿਆਂ ਨੂੰ ਰਾਸ਼ਟਰੀ ਖੇਡ ਦਿਵਸ ਦੀ ਵਧਾਈ ਦਿੰਦਿਆਂ ਦੱਸਿਆ ਕਿ ਹਰ ਸਾਲ 29 ਅਗਸਤ ਨੂੰ ਰਾਸ਼ਟਰੀ ਖੇਡ ਦਿਵਸ ਮਨਾਇਆ ਜਾਂਦਾ ਹੈ। ਇਹ ਦਿਵਸ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ ਜਨਮ ਦਿਨ ਯਾਦ ਵਿੱਚ ਮਨਾਇਆ ਜਾਂਦਾ ਹੈ।

ਪ੍ਰਿੰਸੀਪਲ ਤੇ ਪ੍ਰਬੰਧਕ ਕਮੇਟੀ ਦੇ ਸਕੱਤਰ ਸ੍ਰੀ ਅਸ਼ੋਕ ਗਰਗ ਨੇ ਰਨ ਫਾਰ ਫਨ ਈਵੈਂਟ ਲਈ ਗੀਤਾ ਭਵਨ ਚੌਕ ਤੋਂ ਕਾਲਜ ਕੈਂਪਸ ਤੱਕ ਵਿਦਿਆਰਥਣਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਰਨ ਫਾਰ ਫਨ ਈਵੈਂਟ ਵਿੱਚ ਪਹਿਲਾਂ ਸਥਾਨ ਮਿਸ ਖੁਸ਼ੀ (ਬੀ.ਏ-2) ਨੇ ਦੂਜਾ ਸਥਾਨ ਮਿਸ ਵੰਸ਼ਿਕਾ (ਬੀ.ਸੀ.ਏ-1) ਨੇ ਤੇ ਤੀਜਾ ਸਥਾਨ ਮਿਸ ਅਮਨਦੀਪ ਕੌਰ (ਬੀ.ਏ-3) ਨੇ ਪ੍ਰਾਪਤ ਕੀਤਾ।

ਜੇਤੂ ਵਿਦਿਆਰਥਣਾਂ ਨੂੰ ਟਰਾਫ਼ੀ ਤੇ ਭਾਗੀਦਾਰ ਵਿਦਿਆਰਥਣਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਕਾਲਜ ਵਿੱਚ ਸੈਲਫ਼ੀ ਪੁਆਇੰਟ ਵੀ ਸਥਾਪਤ ਕੀਤਾ ਗਿਆ, ਜਿੱਥੇ ਵਿਦਿਆਰਥਣਾਂ ਨੇ ਰਾਸ਼ਟਰੀ ਖੇਡ ਦਿਵਸ ਦੇ ਕੱਟ ਆਊਟ ਨਾਲ ਫੋਟੋਆਂ ਕਲਿੱਕ ਕੀਤੀਆਂ। ਈਵੈਂਟ ਦਾ ਆਯੋਜਨ ਮਿਸਿਜ ਨਮਿਤਾ ਬਰਮਨ (ਮੁਖੀ ਫ਼ਿਜ਼ੀਕਲ ਐਜੂਕੇਸ਼ਨ ਵਿਭਾਗ), ਡਾ. ਬਲਜੀਤ ਕੌਰ ਅਤੇ ਲੈਫਟੀਨੈਂਟ ਰਮਨਪ੍ਰੀਤ ਕੌਰ ਵੱਲੋਂ ਕੀਤਾ ਗਿਆ। ਇਸ ਮੌਕੇ ਸਟਾਫ਼ ਮੈਂਬਰ ਵੀ ਹਾਜ਼ਰ ਸਨ।

# ਮਿਸ਼ਨ ਮੋਹਾਲੀ ਗ੍ਰੀਨ ਨੂੰ ਹਰ ਪਾਸਿਓਂ ਭਰਵਾਂ ਹੁੰਗਾਰਾ



**ਐਸ.ਏ.ਐਸ.ਨਗਰ,(ਗੁਰਜੀਤ ਬਿੱਲਾ)-** ਮਿਸ਼ਨ ਗ੍ਰੀਨ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਮੋਹਾਲੀ ਗ੍ਰੀਨ ਰੈਲੀ ਨੇ ਅੱਜ ਸਮਾਜ ਦੇ ਸਾਰੇ ਵਰਗਾਂ ਦਾ ਭਾਰੀ ਸਮਰਥਨ ਹਾਸਲ ਕੀਤਾ। ਗੈਰ ਸਰਕਾਰੀ ਸੰਗਠਨਾਂ, ਵਿਦਿਆਰਥੀਆਂ, ਐਨ ਸੀ ਸੀ ਕੈਡਿਟਾਂ, ਸੀ ਆਰ ਪੀ ਐਫ ਦੇ ਕਰਮਚਾਰੀਆਂ ਦੇ ਸਹਿਯੋਗ ਨਾਲ ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਦੀ ਵਿਲੱਖਣ ਪਹਿਲਕਦਮੀ ਨੂੰ ਹਰੀ ਝੰਡੀ ਦਿਖਾਉਣ ਤੋਂ ਪਹਿਲਾਂ ਪੰਜਾਬ ਦੇ ਜੰਗਲਾਤ ਅਤੇ ਜੰਗਲੀ ਜੀਵ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਇਹ ਰੈਲੀ ਮੁਹਾਲੀ ਤੋਂ ਸ਼ੁਰੂ ਹੋ ਕੇ ਸੂਬੇ ਭਰ ਵਿੱਚ ਮਿਸ਼ਨ ਗਰੀਨ ਨੂੰ ਲੈ ਕੇ ਜਾਵੇਗੀ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਸਰਕਾਰ ਨੇ ਸਾਲ ਦੌਰਾਨ ਸੂਬੇ ਭਰ ਵਿੱਚ 1.25 ਕਰੋੜ ਬੂਟੇ ਲਗਾਉਣ ਦੀ ਪਹਿਲਕਦਮੀ ਕੀਤੀ ਹੈ ਅਤੇ ਹੁਣ ਤੱਕ 80 ਫੀਸਦੀ ਟੀਚਾ ਪੂਰਾ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਵੱਲੋਂ ਸਰਕਾਰੀ ਟਿਊਬਵੈੱਲਾਂ 'ਤੇ ਘੱਟੋ-ਘੱਟ ਤਿੰਨ ਬੂਟੇ (ਤ੍ਰਿਵੇਣੀ) ਲਗਾਉਣ ਦੀ ਮੁਹਿੰਮ ਵੀ ਸ਼ੁਰੂ ਕੀਤੀ ਗਈ ਹੈ ਅਤੇ ਹੋਰਨਾਂ ਨੂੰ ਵੀ ਅਜਿਹਾ ਕਰਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਨੈਸ਼ਨਲ ਹਾਈਵੇਅ ਨੂੰ ਹਰਿਆ ਭਰਿਆ ਗਰੀਨ ਫੀਲਡ ਹਾਈਵੇਅ ਬਣਾਉਣ ਲਈ ਪੰਜਾਬ ਦੇ ਚਾਰ ਮੁੱਖ ਮਾਰਗਾਂ ਨੂੰ ਦੋਵੇਂ ਪਾਸੇ ਪੌਦੇ ਲਗਾਉਣ ਲਈ ਚੁਣਿਆ ਗਿਆ ਹੈ। ਉਨ੍ਹਾਂ ਨੇ ਜਲਵਾਯੂ ਪਰਿਵਰਤਨ ਅਤੇ ਗਲੋਬਲ ਵਾਰਮਿੰਗ ਦਾ ਮੁਕਾਬਲਾ ਕਰਨ ਲਈ ਹਰੀ ਛਤਰੀ ਵਿੱਚ ਵਾਧੇ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਵਾਤਾਵਰਨ ਅਤੇ ਰੁੱਖਾਂ ਦੀ ਮਹੱਤਤਾ ਨੂੰ ਉਜਾਗਰ ਕਰਨ ਲਈ ਗੁਰੂ ਨਾਨਕ ਦੇਵ ਜੀ ਅਤੇ ਕਵੀ ਸ਼ਿਵ ਕੁਮਾਰ ਬਟਾਲਵੀ ਦੇ ਹਵਾਲੇ ਵੀ ਦਿੱਤੇ। ਉਨ੍ਹਾਂ ਸਰਕਾਰੀ ਕਾਲਜ ਮੁਹਾਲੀ ਫੇਜ਼ 6 ਦੇ ਵਿਹੜੇ ਵਿੱਚ ਬੂਟੇ ਲਗਾਏ। ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਰੋਜ਼ ਗਾਰਡਨ, 3ਬੀ1, ਮੋਹਾਲੀ ਵਿਖੇ ਬੂਟੇ ਲਗਾਏ। ਉਨ੍ਹਾਂ ਮੋਹਾਲੀ ਜ਼ਿਲ੍ਹੇ ਵੱਲੋਂ ਗ੍ਰੀਨ ਮੋਹਾਲੀ ਰੈਲੀ ਕੱਢਣ ਦੇ ਕਦਮ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਨੂੰ ਹਰਿਆ ਭਰਿਆ ਬਣਾਉਣ ਲਈ ਸਾਨੂੰ ਮਿਸ਼ਨ ਮੋਡ 'ਤੇ ਕੰਮ ਕਰਨ ਦੀ ਲੋੜ ਹੈ। ਇਸ ਮਿਸ਼ਨ ਤਹਿਤ ਹਰੇਕ ਹਲਕੇ ਵਿੱਚ 50,000 ਬੂਟੇ ਲਗਾਉਣ ਦਾ ਟੀਚਾ ਸਫਲਤਾਪੂਰਵਕ ਪੂਰਾ ਕੀਤਾ ਗਿਆ ਹੈ। ਉਨ੍ਹਾਂ ਕਿਸਾਨਾਂ ਨੂੰ ਹਰਿਆਵਲ ਨੂੰ ਉਤਸ਼ਾਹਿਤ ਕਰਨ ਲਈ ਆਪਣੇ ਟਿਊਬਵੈੱਲਾਂ 'ਤੇ 10-10 ਰੁੱਖ ਲਗਾਉਣ ਦੀ ਵੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਉਹ ਅੱਜ ਰੋਜ ਗਾਰਡਨ ਵਿਖੇ ਆਪਣੇ ਹੱਥੀਂ ਲਗਾਏ ਗਏ ਬੂਟਿਆਂ ਦੀ ਮਾਸਿਕ ਦੌਰਾ ਕਰਕੇ ਬਾਕਾਇਦਾ ਸੰਭਾਲ ਕਰਨਗੇ। ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਪ੍ਰਭਜੋਤ ਕੌਰ ਨੇ ਬੋਗਨਵਿਲੇ ਗਾਰਡਨ, ਫੇਜ਼ 4, ਮੁਹਾਲੀ ਵਿਖੇ ਰੈਲੀ ਦੀ ਨਿਰੰਤਰਤਾ ਵਿੱਚ ਬੂਟੇ ਵੀ ਲਗਾਏ। ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਚੇਅਰਮੈਨ ਡਾ. ਸੰਨੀ ਸਿੰਘ ਆਹਲੂਵਾਲੀਆ ਜੋ ਕਿ ਮੋਹਾਲੀ ਗ੍ਰੀਨ ਰੈਲੀ ਦਾ ਹਿੱਸਾ ਵੀ ਸਨ, ਨੇ ਕਿਹਾ ਕਿ ਮਿਸ਼ਨ ਗ੍ਰੀਨ ਮੋਹਾਲੀ ਨੂੰ ਯਕੀਨੀ ਤੌਰ 'ਤੇ ਹਰ ਵਰਗ ਦਾ ਸਮਰਥਨ ਮਿਲੇਗਾ। ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਗਮਾਡਾ ਵਿਖੇ ਰੈਲੀ ਵਿੱਚ ਸ਼ਾਮਲ ਹੋ ਕੇ ਬੂਟੇ ਵੀ ਲਗਾਏ ਅਤੇ ਵਿਦਿਆਰਥੀਆਂ ਅਤੇ ਨਾਗਰਿਕਾਂ ਨੂੰ ਰੁੱਖਾਂ ਦੀ ਮਹੱਤਤਾ ਪ੍ਰਤੀ ਜਾਗਰੂਕ ਕਰਨ ਲਈ ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਸੈਕਟਰ 78 ਦੇ ਬਹੁਮੰਤਵੀ ਖੇਡ ਕੰਪਲੈਕਸ ਵਿਖੇ ਮੁਹਾਲੀ ਗ੍ਰੀਨ ਰੈਲੀ ਦੀ ਸਮਾਪਤੀ ਮੌਕੇ ਮੁਹਾਲੀ ਦੇ ਵਿਧਾਇਕ ਕੁਲਵੰਤ ਸਿੰਘ ਨੇ ਭਾਗ ਲੈਣ ਵਾਲਿਆਂ ਨੂੰ ਵੱਧ ਤੋਂ ਵੱਧ ਰੁੱਖ ਲਗਾ ਕੇ ਵਾਤਾਵਰਨ ਦੀ ਸੰਭਾਲ ਕਰਨ ਦਾ ਪ੍ਰਣ ਲਿਆ। ਉਨ੍ਹਾਂ ਬਹੁਮੰਤਵੀ ਖੇਡ ਕੰਪਲੈਕਸ ਕੰਪਲੈਕਸ ਦੇ ਅਹਾਤੇ ਵਿੱਚ ਸਮਾਪਤੀ ਮੌਕੇ ਬੂਟੇ ਵੀ ਲਗਾਏ। ਇਸ ਮੌਕੇ ਮੁੱਖ ਵਣਪਾਲ ਪਹਾੜੀ ਇਲਾਕੇ ਨਿਧੀ ਸ੍ਰੀਵਾਸਤਵਾ ਵੀ ਮੌਜੂਦ ਸਨ।

## ਤੇਜ਼ ਰਫ਼ਤਾਰ ਟਿੱਪਰ ਹੇਠ ਆਉਣ ਕਾਰਨ ਇਕ ਦੀ ਮੌਤ ਦੂਜਾ ਗੰਭੀਰ ਜ਼ਖ਼ਮੀ



**ਭਲਾਣ - (ਹਰਭਜਨ ਢਿੱਲੋਂ)**- ਬੀਤੀ ਰਾਤ ਸੰਤੋਖਗੜ੍ਹ ਨਾਨਗਰਾਂ ਮੁੱਖ ਸੜਕ 'ਤੇ ਸੁਖਸਾਲ ਮਾਰਕੀਟ ਵਿਖੇ ਤੇਜ ਰਫਤਾਰ ਟਿੱਪਰ ਨੇ ਚਾਰ ਨੌਜਵਾਨਾਂ ਨੂੰ ਦਰੜ ਦਿੱਤਾ। ਜਿਸ ਵਿੱਚ ਇੱਕ ਵਿਅਕਤੀ ਦੀ ਮੌਤ ਤੇ ਇੱਕ ਗੰਭੀਰ ਜਖਮੀ ਹੋ ਗਿਆ ਅਤੇ ਦੋ ਵਿਅਕਤੀਆਂ ਦੇ ਮਾਮੂਲੀ ਸੱਟਾਂ ਲੱਗੀਆਂ। ਹਾਦਸੇ ਵਿਚ ਸਤੀਸ਼ ਕੁਮਾਰ ਪੁੱਤਰ ਗੁਰਦਾਸ ਰਾਮ ਪਿੰਡ ਦਿਆਪੁਰ ਦੀ ਮੌਤ ਹੋ ਗਈ, ਹਰਦੀਪ ਸਿੰਘ ਉਰਫ ਮਨੀ ਪੁੱਤਰ ਬਖਸ਼ੀਸ਼ ਸਿੰਘ ਪਿੰਡ ਸੁਖਸਲ ਗੰਭੀਰ ਜਖਮੀ ਹੋ ਗਿਆ ਜਿਸ ਨੂੰ ਪੀ ਜੀ ਆਈ ਚੰਡੀਗੜ੍ਹ ਇਲਾਜ ਲਈ ਲਿਜਾਇਆ ਗਿਆ। ਇਸ ਹਾਦਸੇ ਤੋਂ ਗੁੱਸੇ ਹੋਏ ਪਰਵਾਰਕ ਮੈਂਬਰਾਂ ਨੇ ਹਲਕਾ ਵਾਸੀਆਂ ਦੇ ਸਹਿਯੋਗ ਨਾਲ ਸੁਖਸਾਲ ਮੁੱਖ ਸੜਕ 'ਤੇ ਧਰਨਾ ਲਗਾ ਦਿੱਤਾ। ਜਿਸ ਕਾਰਨ ਕਈ ਕਿਲੋਮੀਟਰ ਲੰਬਾ ਜਾਮ ਲੱਗਣ 'ਤੇ ਹਰਕਤ ਵਿੱਚ ਆਈ ਨੰਗਲ ਪੁਲਸ ਨੇ ਲੋਕਾਂ ਨੂੰ ਬਦਲਵੇਂ ਰਾਹ ਰਾਹੀਂ ਅਪਨੀ ਮੰਜਿਲ ਲਈ ਭੇਜਿਆ। ਲੋਕ ਨਾਨਗਰਾਂ ਵਿਖੇ ਧਰਨਾ ਲਾਉਣ ਲਈ ਚੱਲੇ ਤਾਂ ਪੁਲਸ ਨੇ ਜਬਰੀ ਰੋਕ ਲਿਆ ਤੇ ਐਡਵੋਕੇਟ ਵਿਸ਼ਾਲ ਸੈਣੀ, ਵੀਰ ਸਿੰਘ ਬੜਵਾ, ਰਣਵੀਰ ਸਿੰਘ ਰੰਧਾਵਾ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ। ਪਰ ਲੋਕਾਂ ਨੇ ਬਦਲਵੇਂ ਰਾਹ ਰਾਹੀਂ ਜਾ ਕੇ ਨਾਨਗਰਾਂ ਧਰਨਾ ਲਗਾ ਹੀ ਦਿੱਤਾ। ਹਨ। ਇਸ ਮੌਕੇ ਮ੍ਰਿਤਕ ਦੇ ਪਰਵਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੇ ਪੰਚ, ਸਰਪੰਚ, ਮੋਹਤਵਰ ਪਤਵੰਤੇ ਹਾਜਰ ਸਨ।

## ਸਰਪੰਚ ਮਨਜੀਤ ਸਿੰਘ ਰਾਜਪੁਰ ਭਾਈਆਂ ਸਨਮਾਨਤ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਰਾਜਪੁਰ ਭਾਈਆਂ ਵਿਖੇ ਜਥੇਦਾਰ ਸਰਪੰਚ ਮਨਜੀਤ ਸਿੰਘ ਰਾਜਪੁਰ ਭਾਈਆਂ ਨੂੰ ਮੁਹੱਲਾ ਵਾਸੀਆਂ ਵੱਲੋਂ ਪਿੰਡ ਦੀਆਂ ਨਵੀਆਂ ਗਲੀਆਂ ਬਣਾਉਣ ਤੇ ਸਨਮਾਨਿਤ ਕੀਤਾ। ਇਸ ਮੌਕੇ ਬਾਬਾ ਕੇਵਲ ਰਾਮ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਜਥੇਦਾਰ ਸਰਪੰਚ ਮਨਜੀਤ ਸਿੰਘ ਰਾਜਪੁਰ ਭਾਈਆਂ ਨੇ ਪਿੰਡ ਦੇ ਵਿਕਾਸ ਕਾਰਜਾਂ ਲਈ ਦਿਲ ਖੋਲ੍ਹ ਕੇ ਸੇਵਾ ਕੀਤੀ ਹੈ। ਉਨ੍ਹਾਂ ਦੱਸਿਆ ਕਿ ਜਥੇਦਾਰ ਸਰਪੰਚ ਮਨਜੀਤ ਸਿੰਘ ਰਾਜਪੁਰ ਭਾਈਆਂ ਨੇ ਪੀਣ ਵਾਲੇ ਪਾਣੀ ਦਾ ਟਿਊਬਵੈੱਲ ਅਤੇ ਵੱਖ ਵੱਖ ਮੁਹੱਲਿਆਂ ਦੀਆਂ ਗਲੀਆਂ ਬਣਾ ਕੇ ਦਿੱਤੀਆਂ ਹਨ। ਇਸ ਮੌਕੇ ਜਥੇਦਾਰ ਸਰਪੰਚ ਮਨਜੀਤ ਸਿੰਘ ਰਾਜਪੁਰ ਭਾਈਆਂ ਦਾ ਪਿੰਡ ਦੇ ਵਿਕਾਸ ਕਾਰਜਾਂ ਵਿਚ ਵਿਸੇਸ ਸਹਿਯੋਗ ਦੇਣ ਤੇ ਧੰਨਵਾਦ ਕੀਤਾ ਗਿਆ। ਮੌਕੇ ਮੁਹੱਲਾ ਵਾਸੀਆਂ ਨੇ ਜੱਥੇਦਾਰ ਸਰਪੰਚ ਮਨਜੀਤ ਸਿੰਘ ਰਾਜਪੁਰ ਭਾਈਆਂ, ਬੀਬੀ ਜਸਵਿੰਦਰ ਕੌਰ ਰਾਜਪੁਰ ਭਾਈਆਂ ਦਾ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਮੀਤ ਸਿੰਘ, ਬਾਬਾ ਕੇਵਲ ਰਾਮ, ਕ੍ਰਿਪਾਲ ਸਿੰਘ, ਸੁਰਜੀਤ ਸਿੰਘ, ਭਾਈ ਸੁਰਿੰਦਰ ਸਿੰਘ, ਹਰਵਿੰਦਰ ਸਿੰਘ ਆਦਿ ਹਾਜਰ ਸਨ।

## ਪੰਡਿਤ ਜੇ ਆਰ ਬਹੁਤਕਨੀਕੀ ਕਾਲਜ 'ਚ ਲੱਗਾ ਸਟੈਮ ਸੈੱਲ ਰਜਿਸਟ੍ਰੇਸ਼ਨ ਕੈਂਪ

**ਹੁਸ਼ਿਆਰਪੁਰ,: (ਓ ਪੀ ਰਾਣਾ )**-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੇ ਨਿਰਦੇਸ਼ਾਂ 'ਤੇ ਪੰਡਿਤ ਜੇ.ਆਰ. ਬਹੁਤਕਨੀਕੀ ਕਾਲਜ 'ਚ ਚੌਥਾ ਸਟੈਮ ਸੈੱਲ ਰਜਿਸਟ੍ਰੇਸ਼ਨ ਕੈਂਪ



ਆਯੋਜਿਤ ਕੀਤਾ ਗਿਆ। ਇਸ ਕੈਂਪ ਵਿਚ ਕਾਲਜ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਜਾਣਕਾਰੀ ਦਿੰਦੇ ਹੋਏ ਪ੍ਰੋਜੈਕਟ ਦੇ ਕਨਵੀਨਰ ਨਰੇਸ਼ ਗੁਪਤਾ ਨੇ ਦੱਸਿਆ ਕਿ ਅਰਜੁਨ ਵੀਰ ਫਾਊਂਡੇਸ਼ਨ ਦੇ ਜਸਲੀਨ ਗਰਚਾ ਨੇ ਵਿਦਿਆਰਥੀਆਂ ਨੂੰ ਸਟੈਮ ਸੈੱਲ ਰਜਿਸਟ੍ਰੇਸ਼ਨ ਪ੍ਰੋਜੈਕਟ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਕਿਸ ਤਰ੍ਹਾਂ ਰਜਿਸਟ੍ਰੇਸ਼ਨ ਰਾਹੀਂ ਕਿਸੇ ਵੀ ਜ਼ਰੂਰਮੰਦ ਬਿਮਾਰ ਵਿਅਕਤੀ ਨੂੰ ਸਿਹਤਮੰਦ ਕਰਨ ਵਿਚ ਆਪਣਾ ਯੋਗਦਾਨ ਦੇ ਸਕਦੇ ਹਨ। ਇਸ ਦੌਰਾਨ ਕਾਲਜ ਦੇ 160 ਵਿਦਿਆਰਥੀਆਂ ਅਤੇ ਸਟਾਫ਼ ਨੇ ਸਟੈਮ ਸੈੱਲ ਦਾਨ ਲਈ ਰਜਿਸਟ੍ਰੇਸ਼ਨ ਕਰਵਾਇਆ।

ਪ੍ਰੋਜੈਕਟ ਕਨਵੀਨਰ ਨੇ ਸਟੈਮ ਸੈੱਲ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਕਾਲਜ ਅਧਿਆਪਕਾਂ ਵਲੋਂ ਚਲਾਏ ਗਏ ਜਾਗਰੂਕਤਾ ਅਭਿਆਨ ਦੇ ਚੱਲਦਿਆਂ ਬਹੁਤ ਸਾਰੇ ਵਿਦਿਆਰਥੀਆਂ ਨੇ ਸਟੈਮ ਸੈੱਲ ਦਾਨ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਲਈ ਆਪਣੇ ਆਪ ਨੂੰ ਰਜਿਸਟਰਡ ਕਰਵਾਇਆ ਅਤੇ ਆਪਣੇ ਮੂੰਹ ਦੇ ਸਵੈਬ ਦੇ ਨਮੂਨੇ ਦਿੱਤੇ। ਨਰੇਸ਼ ਗੁਪਤਾ ਨੇ ਦੱਸਿਆ ਕਿ ਲੋਕਾਂ ਨੂੰ ਜਾਨਲੇਵਾ ਬਿਮਾਰੀਆਂ ਤੋਂ ਬਚਾਉਣ ਲਈ ਜ਼ਿਲ੍ਹੇ ਵਿਚ ਅਰਜੁਨਵੀਰ ਫਾਊਂਡੇਸ਼ਨ ਨਾਲ ਮਿਲ ਕੇ ਜ਼ਿਲ੍ਹਾ ਪ੍ਰਸ਼ਾਸਨ ਸਟੈਮ ਸੈੱਲ ਯੋਜਨਾ 'ਤੇ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸਟੈਮ ਸੈੱਲ ਥਰੈਪੀ ਬਲੱਡ ਕੈਂਸਰ, ਥੈਲੇਸੀਮੀਆ, ਜੈਨੇਟਿਕ ਡਿਸਆਰਡਰ ਵਰਗੀਆਂ ਕਈ ਜਾਨਲੇਵਾ ਬਿਮਾਰੀਆਂ ਲਈ ਕਾਫੀ ਕਾਰਗਰ ਹੈ ਅਤੇ ਇਸ ਥਰੈਪੀ ਦੀ ਵਰਤੋਂ ਨਾਲ ਇਨ੍ਹਾਂ ਜਾਨਲੇਵਾ ਬਿਮਾਰੀਆਂ ਦਾ ਇਲਾਜ ਸੰਭਵ ਹੈ। ਇਸ ਮੌਕੇ 'ਤੇ ਸਰਬਤ ਦਾ ਭਲਾ ਟਰੱਸਟ ਤੋਂ ਆਗਿਆ ਪਾਲ ਸਿੰਘ ਸਾਹਨੀ, ਪ੍ਰਿੰਸੀਪਲ ਸੰਦੀਪ ਕੁਮਾਰ, ਫਾਰਮੇਸੀ ਇੰਚਾਰਜ ਜਸਵੰਤ ਕੌਰ, ਪਲਾਸਟਿਕ ਟੈਕਨਾਲੋਜੀ ਦੇ ਵਿਭਾਗ ਪ੍ਰਮੁੱਖ ਰਾਜੇਸ਼ ਧੀਮਾਨ ਤੋਂ ਇਲਾਵਾ ਕਾਲਜ ਦਾ ਹੋਰ ਸਟਾਫ਼ ਵੀ ਮੌਜੂਦ ਸੀ।

## ਚਰਖੀ ਦਾਦਰੀ 'ਚ ਸਰਕਾਰੀ ਮੈਡੀਕਲ ਕਾਲਜ ਸਥਾਪਤ ਹੋਵੇਗਾ : ਅਨਿਲ ਵਿਜ

**ਚੰਡੀਗੜ੍ਹ, (ਗਰਗ)**- ਹਰਿਆਣਾ ਦੇ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਹਰਿਆਣਾ ਬਜਟ ਸੈਸ਼ਨ 2022-23 ਦੌਰਾਨ ਮੁੱਖ ਮੰਤਰੀ ਨੇ ਜ਼ਿਲ੍ਹਾ ਚਰਖੀ ਦਾਦਰੀ ਵਿਚ ਸਰਕਾਰੀ ਮੈਡੀਕਲ ਕਾਲਜ ਸਥਾਪਤ ਕਰਨ ਦਾ ਐਲਾਨ ਕੀਤਾ ਸੀ। ਵਿਭਾਗ ਸਰਕਾਰੀ ਮੈਡੀਕਲ ਕਾਲਜ ਦੀ ਸਥਾਪਨਾ ਲਈ ਭੂਮੀ ਦੇ ਚੋਣ ਦੀ ਪ੍ਰਕ੍ਰਿਆ ਹੈ। ਭੂਮੀ ਚੋਣ ਕੀਤੇ ਹੋਣ ਦੇ ਬਾਅਦ ਪਰਿਯੋਜਨਾ 'ਤੇ ਕਾਰਵਾਈ ਸ਼ੁਰੂ ਕਰਵਾ ਦਿੱਤੀ ਜਾਵੇਗੀ। ਵਿਜ ਨੇ ਇਹ ਜਾਣਕਾਰੀ ਇੱਥੇ ਹਰਿਆਣਾ ਵਿਧਾਨ ਸਭਾ ਸੈਸ਼ਨ ਦੌਰਾਨ ਇਕ ਸੁਆਲ ਦੇ ਜਵਾਬ ਵਿਚ ਦਿੱਤੀ। ਉਨ੍ਹਾ ਦੱਸਿਆ ਕਿ ਭਿਵਾਨੀ ਮਹੇਂਦਰਗੜ੍ਹ ਦੇ ਸਾਂਸਦ ਧਰਮਬੀਰ ਸਿੰਘ ਨਾਲ 9 ਮਈ 2022 ਨੂੰ ਇਕ ਪ੍ਰਸਤਾਵ ਪਾਸ ਹੋਇਆ ਹੈ ਕਿ ਗ੍ਰਾਮ ਪੰਚਾਇਤ ਬਿਰਹੀ ਕਲਾਂ ਇਸ ਪਰਿਯੋਜਨਾ ਤਹਿਤ 102 ਏਕੜ ਭੂਮੀ ਫਰੀ ਦੇਣ ਨੂੰ ਤਿਆਰ ਹਨ। ਇਸੇ ਤਰ੍ਹਾ ਬਾਡੜਾ ਦੀ ਵਿਧਾਇਕ ਨੈਨਾ ਸਿੰਘ ਚੌਟਾਲਾ ਤੋਂ 10 ਅਗਸਤ, 2022 ਨੂੰ ਇਕ ਪ੍ਰਸਤਾਵ ਪਾਸ ਹੋਇਆ ਹੈ ਕਿ ਗ੍ਰਾਮ ਸਭਾ ਘਸੌਲਾ ਨੇ ਇਸ ਪਰਿਯੋਜਨਾ ਲਈ 102 ਏਕੜ ਪੰਚਾਇਤ ਭੂਮੀ ਫਰੀ ਦੇਣ ਦਾ ਪ੍ਰਸਤਾਵ ਪਾਸ ਕੀਤਾ ਹੈ। ਉਨ੍ਹਾ ਦੱਸਿਆ ਕਿ ਇਸ ਸੰਬੰਧ ਵਿਚ ਕਮੇਟੀ ਬਣਾ ਦਿੱਤੀ ਗਈ ਹੈ ਅਤੇ ਜਲਦੀ ਹੀ ਮੁਆਇਨਾ ਕਰ ਕੇ ਉਪਯੁਕਤ ਥਾਂ ਮਿਲਣ 'ਤੇ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ।

## *ਪਹਿਲੀ ਵਾਰ ਤਿੰਨ ਵਿਧਾਇਕਾਂ ਨੂੰ ਮਿਲਿਆ ਸਦਨ ਦੀ ਕਾਰਵਾਈ 'ਚ ਸਰਗਰਮ ਭਾਗੀਦਾਰਤਾ ਲਈ ਉੱਤਮ ਪੁਰਸਕਾਰ*

**ਚੰਡੀਗੜ੍ਹ, ( ਗਰਗ)** ਹਰਿਆਣਾ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦਾ ਅਖੀਰੀ ਦਿਨ ਉਸ ਸਮੇਂ ਯਾਦਗਾਰ ਬਣ ਗਿਆ ਜਦੋਂ ਸਾਲ 1966 ਵਿਚ ਹਰਿਆਣਾ ਗਠਨ ਦੇ ਬਾਅਦ ਪਹਿਲੀ ਵਾਰ ਤਿੰਨ ਵਿਧਾਇਕਾਂ ਨੂੰ ਸਦਨ ਦੀ ਕਾਰਵਾਈ ਵਿਚ ਸਰਗਰਮ ਭਾਗੀਦਾਰਤਾ ਤੇ ਲੋਕਹਿਤ ਦੇ ਮੁੱਦੇ ਚੁੱਕਣ ਲਈ ਉੱਤਮ ਵਿਧਾਇਕ ਵਜੋਂ ਪੁਰਸਕ੍ਰਿਤ ਕੀਤਾ ਗਿਆ। ਵਿਧਾਨ ਸਭਾ ਸੀਵਰਕ ਗਿਆਨਚੰਦ ਗੁਪਤਾ ਤੇ ਮੁੱਖ ਮੰਤਰੀ ਮਨੋਹਰ ਲਾਲ ਦੀ ਪਹਿਲ 'ਤੇ ਉੱਤਮ ਵਿਧਾਇਕ ਪੁਰਸਕਾਰਾਂ ਦੀ ਪਰੰਪਰਾ ਸ਼ੁਰੂ ਕੀਤੀ ਗਈ। ਇਸ ਤੋਂ ਪਹਿਲਾਂ ਦੋ ਵਿਧਾਇਕਾਂ ਨੂੰ ਹੀ ਪੁਰਸਕ੍ਰਿਤ ਕੀਤਾ ਜਾਂਦਾ ਸੀ। ਇਸ ਸੈਸ਼ਨ ਤੋਂ ਤਿੰਨ ਵਿਧਾਇਕਾਂ ਨੂੰ ਪੁਰਸਕਾਰ ਦੇਣ ਦੀ ਇਕ ਨਵੀਂ ਰਵਾਇਤ ਦੀ ਸ਼ੁਰੂਆਤ ਕੀਤੀ ਹੈ। ਪੁਰਸਕਾਰ ਸਵਰੂਪ ਸ਼ਾਲ, ਸ਼ੋਭਾ ਪੱਤਰ, ਵਿਧਾਨ ਸਭਾ ਦਾ ਸਮ੍ਰਿਤੀ ਚਿੰਨ੍ਹ ਤੇ ਕ੍ਰਮਵਾਰ ਇਕ ਲੱਖ 1 ਹਜ਼ਾਰ ਰੁਪਏ, 71 ਹਜ਼ਾਰ ਰੁਪਏ ਅਤੇ 51 ਹਜ਼ਾਰ ਰੁਪਏ ਦੀ ਰਕਮ ਪ੍ਰਦਾਨ ਕੀਤੀ ਗਈ। ਸਾਰੇ ਵਿਧਾਇਕਾਂ ਨੇ ਸਦਨ ਦੇ ਨੇਤਾ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ, ਡਿਪਟੀ ਮੁੱਖ ਮੰਤਰੀ ਸ੍ਰੀ ਦੁਸ਼ਯੰਤ ਚੌਟਾਲਾ, ਵਿਧਾਨਸਭਾ ਸਪੀਕਰ ਸ੍ਰੀ ਗਿਆਨਚੰਦ ਗੁਪਤਾ, ਨੇਤਾ ਵਿਰੋਧੀ ਧਿਰ ਸ੍ਰੀ ਭੁਪੇਂਦਰ ਸਿੰਘ ਹੁਡਾ ਸਮੇਤ ਚੋਣ ਕਮੇਟੀ ਦੇ ਮੈਂਬਰਾਂ ਦਾ ਧੰਨਵਾਦ ਪ੍ਰਗਟਾਇਆ ਜਿਨ੍ਹਾਂ ਨੇ ਇਸ ਪੁਰਸਕਾਰ ਲਈ ਉਨ੍ਹਾਂ ਦੇ ਨਾਂਅ ਦੀ ਚੋਣ ਕੀਤੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕਿਸੇ ਵੀ ਜਨਪ੍ਰਤੀਨਿਧੀ ਲਈ ਇਹ ਇਕ ਯਾਦਗਾਰ ਮੌਕਾ ਹੁੰਦਾ ਹੈ ਜਦੋਂ ਸਦਨ ਵਿਚ ਉਨ੍ਹਾਂ ਨੂੰ ਉੱਤਮ ਵਿਧਾਇਕ ਵਜੋਂ ਯਾਦ ਕੀਤਾ ਜਾਂਦਾ ਹੈ। ਇਸ ਨਾਲ ਹੋਰ ਮੈਂਬਰਾਂ ਦੇ ਲਈ ਵੀ ਇਕ ਪ੍ਰੇਰਨਾ ਮਿਲਦੀ ਹੈ।

## *ਨਸ਼ੇੜੀ ਪੁੱਤਾਂ ਵੱਲੋਂ ਮਾਂ ਦੀ ਕੁੱਟ-ਕੁੱਟ ਕੇ ਹੱਤਿਆ, ਦੋਵੇਂ ਗ੍ਰਿਫਤਾਰ*

**ਜਲੰਧਰ (ਸੁਰਿੰਦਰ ਕੁਮਾਰ )**- ਜਲੰਧਰ 'ਚ ਨਸ਼ੇੜੀ ਪੁੱਤਾਂ ਵੱਲੋਂ ਮਾਂ ਦੀ ਕੁੱਟ-ਕੁੱਟ ਕੇ ਹੱਤਿਆ ਕਰਨ ਦੀ ਖਬਰ ਸਾਹਮਣੇ ਆਈ ਹੈ। ਥਾਣਾ ਨੰਬਰ 6 ਅਧੀਨ ਪੈਂਦੇ ਆਬਾਦਪੁਰਾ ਦੀ ਗਲੀ ਨੰਬਰ 4 'ਚ ਮੰਗਲਵਾਰ ਸਵੇਰੇ ਨਸ਼ੇੜੀ ਪੁੱਤਰਾਂ ਵੱਲੋਂ ਆਪਣੀ ਮਾਂ ਦੀ ਬੇਰਹਿਮੀ ਨਾਲ ਕੁੱਟਮਾਰ ਕਰ ਕੇ ਹੱਤਿਆ ਕਰ ਦਿੱਤੀ ਗਈ। ਮ੍ਰਿਤਕਾ ਦੀ ਪਛਾਣ ਰਮੇਸ਼ ਰਾਣੀ ਵਜੋਂ ਹੋਈ ਹੈ। ਪੁਲਸ ਨੇ ਮ੍ਰਿਤਕਾ ਦੇ ਪੁੱਤਰਾਂ ਪੱਪੀ ਤੇ ਰਾਕੇਸ਼ ਨੂੰ ਗ੍ਰਿਫਤਾਰ ਕਰ ਲਿਆ ਹੈ। ਲਾਸ਼ ਕਬਜ਼ੇ 'ਚ ਲੈ ਕੇ ਸਿਵਲ ਹਸਪਤਾਲ ਪੋਸਟਮਾਰਟਮ ਲਈ ਭੇਜ ਦਿੱਤੀ ਗਈ ਹੈ।

ਜਾਣਕਾਰੀ ਅਨੁਸਾਰ ਰਮੇਸ਼ ਰਾਣੀ ਨੂੰ ਉਨ੍ਹਾਂ ਦਾ ਰਿਸ਼ਤੇਦਾਰ ਜ਼ਖ਼ਮੀ ਹਾਲਤ 'ਚ ਹਸਪਤਾਲ ਲੈ ਕੇ ਗਿਆ ਸੀ। ਮੁਹੱਲਾ ਵਾਸੀਆਂ ਵੱਲੋਂ ਉਸ ਦੇ ਪੁੱਤਰਾਂ ਨੂੰ ਪੁੱਛੇ ਜਾਣ ਤੋਂ ਬਾਅਦ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਮਾਂ ਸਵੇਰੇ ਪੌੜੀਆਂ ਤੋਂ ਡਿੱਗ ਗਈ ਸੀ। ਹਸਪਤਾਲ ਜਾ ਕੇ ਰਮੇਸ਼ ਰਾਣੀ ਦੀ ਮੌਤ ਹੋ ਗਈ ਤਾਂ ਮਾਮਲਾ ਪੁਲਸ ਕੋਲ ਪੁੱਜਾ। ਪੁਲਸ ਨੇ ਆਸ-ਪਾਸ ਦੇ ਲੋਕਾਂ ਤੋਂ ਜਾਣਕਾਰੀ ਹਾਸਲ ਕੀਤੀ ਤਾਂ ਪਤਾ ਲੱਗਾ ਕਿ ਦੋਵੇਂ ਭਰਾ ਅਕਸਰ ਹੀ ਆਪਣੀ ਮਾਂ ਦੀ ਕੁੱਟਮਾਰ ਕਰਦੇ ਰਹਿੰਦੇ ਸਨ ਤੇ ਨਸ਼ੇ ਦੇ ਆਦੀ ਹਨ। ਪੁਲਸ ਨੇ ਦੋਵਾਂ ਨੂੰ ਹਿਰਾਸਤ 'ਚ ਲੈ ਲਿਆ ਹੈ

## ਟੋਇਟਾ ਕਿਰਲੋਸਕਰ ਨੇ ਆਲ ਨਿਊ ਟੋਇਟਾ ਰੂਮੀਅਨ ਲਈ ਕੀਤੀ ਬੁਕਿੰਗ ਸ਼ੁਰੂ

**ਜਲੰਧਰ** : ਟੋਇਟਾ ਕਿਰਲੋਸਕਰ ਮੋਟਰ (ਟੀ ਕੇ ਐੱਮ) ਨੇ ਆਪਣੀ ਨਵੀਂ ਪੇਸ਼ਕਸ਼ ਦਾ ਆਲ ਨਿਊ (ਪੂਰੀ ਤਰ੍ਹਾਂ ਨਵੀਂ) ਟੋਇਟਾ ਰੂਮੀਅਨ ਦੀ ਕੀਮਤ ਅਤੇ ਬੁਕਿੰਗ ਦਾ ਅਧਿਕਾਰਤ ਤੌਰ 'ਤੇ ਬੁਕਿੰਗ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਨੂੰ ਇਸ ਮਹੀਨੇ (23 ਅਗਸਤ) ਦੇ ਸ਼ੁਰੂ ਵਿੱਚ ਲਾਂਚ ਕੀਤਾ ਗਿਆ ਸੀ।

ਇਸ ਨਾਲ ਲੋਕਾਂ ਵਿੱਚ ਕਾਫ਼ੀ ਉਤਸ਼ਾਹ ਪੈਦਾ ਹੋਇਆ। ਉਮੀਦ ਕੀਤੀ ਜਾ ਰਹੀ ਹੈ ਕਿ ਇਹ ਬੇਮਿਸਾਲ, ਕੰਪੈਕਟ ਬੀ-ਐੱਮ ਪੀ ਵੀ ਆਪਣੇ ਬੇਜੋੜ ਥਾਂ ਅਤੇ ਅਰਾਮ, ਸ਼ਾਨਦਾਰ ਬਾਲਣ ਕੁਸ਼ਲਤਾ, ਸਟਾਈਲਿਸ਼ ਅਤੇ ਪ੍ਰੀਮੀਅਮ ਬਾਹਰੀ ਡਿਜ਼ਾਈਨ ਦੇ ਨਾਲ ਨਵੇਂ ਬੈਂਚਮਾਰਕ ਸਥਾਪਤ ਕਰੇਗੀ। ਟੀ ਕੇ ਐੱਮ ਦੀ ਨਵੀਂ ਪੇਸ਼ਕਸ਼ 10,29,000 ਰੁਪਏ ਤੋਂ 13,68,000 ਰੁਪਏ ਦੀ ਆਕਰਸ਼ਕ ਐਕਸ-ਸ਼ੋਰੂਮ ਕੀਮਤ 'ਤੇ ਉਪਲਬਧ ਹੋਵੇਗੀ ਅਤੇ ਡਿਲਿਵਰੀ 8 ਸਤੰਬਰ ਤੋਂ ਸ਼ੁਰੂ ਹੋਣ ਦੀ ਉਮੀਦ ਹੈ। ਇਸ ਦੀ ਸ਼ੁਰੂਆਤ 10,29,000 ਰੁਪਏ ਤੋਂ ਹੁੰਦੀ ਹੈ। ਆਲ ਨਿਊ ਟੋਇਟਾ ਰੂਮੀਅਨ ਬੁੱਕ ਕਰਨ ਵਾਲੇ ਗਾਹਕਾਂ ਨੂੰ ਵਾਹਨਾਂ ਦੀ ਡਿਲਵਰੀ 8 ਸਤੰਬਰ ਤੋਂ ਸ਼ੁਰੂ ਹੋਵੇਗੀ।

## ਸੁੱਰਖਿਆ ਜਵਾਨਾਂ ਦੇ ਗੁੱਟ 'ਤੇ ਰੱਖੜੀ ਬੰਨ੍ਹ ਕੇ ਭੈਣਾਂ ਮਾਣ ਮਹਿਸੂਸ ਕਰ ਰਹੀਆਂ : ਵਿਜੇ ਸਾਂਪਲਾ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਦੇਸ਼ ਦੀ ਸੁਰੱਖਿਆ ਲਈ ਜਾਨਾਂ ਵਾਰਨ ਵਾਲੇ ਪਰਵਾਰਾਂ ਦਾ ਸਮਾਜ ਹਮੇਸ਼ਾ ਰਿਣੀ ਰਹੇਗਾ। ਭੈਣਾਂ ਸਰਹੱਦੀ ਸੁਰੱਖਿਆ ਬਲਾਂ ਦੇ ਗੁੱਟ 'ਤੇ ਰੱਖੜੀ ਬੰਨ੍ਹ ਕੇ ਮਾਣ ਮਹਿਸੂਸ ਕਰ ਰਹੀਆਂ ਹਨ। ਉਪਰੋਕਤ ਸ਼ਬਦ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਸਾਬਕਾ ਕੌਂਸਲਰ ਨੀਤੀ ਤਲਵਾੜ ਦੀ ਪ੍ਰਧਾਨਗੀ ਹੇਠ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਨੂੰ ਰੱਖੜੀ ਬੰਨ੍ਹਣ ਦੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਹੇ। ਵਿਜੇ ਸਾਂਪਲਾ ਨੇ ਕਿਹਾ ਕਿ ਪਿਛਲੇ 14 ਸਾਲਾਂ ਤੋਂ ਹਰ ਸਾਲ ਨੀਤੀ ਤਲਵਾੜ ਆਪਣੀਆਂ ਸਹੇਲੀਆਂ ਨਾਲ ਮਿਲ ਕੇ ਇਨ੍ਹਾਂ ਭਰਾਵਾਂ ਨੂੰ ਰੱਖੜੀ ਬੰਨ੍ਹਦੀ ਹੈ ਅਤੇ ਇਹ ਰਿਸ਼ਤਾ ਬੇਸ਼ੱਕ ਖ਼ੂਨ ਦਾ ਨਹੀਂ ਪਰ ਮਾਤ ਭੂਮੀ ਦਾ ਕਰਜ਼ਾ ਚੁਕਾ ਰਹੇ ਇਨ੍ਹਾਂ ਭਰਾਵਾਂ ਦੀ ਲੰਬੀ ਉਮਰ ਦੀ ਕਾਮਨਾ ਕਰਕੇ ਇਹ ਖ਼ੂਨ ਦੇ ਰਿਸ਼ਤੇ ਨਾਲ ਵੀ ਜ਼ਿਆਦਾ ਮਹੱਤਵਪੂਰਨ ਹੈ। ਸਮਾਗਮ ਨੂੰ ਸੰਬੋਧਨ ਕਰਦਿਆਂ ਯੁਵਕ ਵਿਕਾਸ ਬੋਰਡ ਦੇ ਸਾਬਕਾ ਚੇਅਰਮੈਨ ਸੰਜੀਵ ਤਲਵਾੜ ਨੇ ਕਿਹਾ ਕਿ ਇਕ ਸੈਨਿਕ ਹਰ ਭਾਰਤੀ ਲਈ ਉਸ ਦਾ ਰੋਲ ਮਾਡਲ ਹੁੰਦਾ ਹੈ, ਕਿਉਂਕਿ ਇਹ ਬਹਾਦਰ ਸੈਨਿਕ ਆਪਣੀ ਜਾਨ ਕੁਰਬਾਨ ਕਰਨ ਲਈ ਤਿਆਰ ਬਰ ਤਿਆਰ ਰਹਿੰਦੇ ਹਨ, ਉਹ ਸਾਡੇ ਨੌਜਵਾਨਾਂ ਲਈ ਰੋਲ ਮਾਡਲ ਹਨ। ਇਸ ਮੌਕੇ ਨੀਤੀ ਤਲਵਾੜ ਨੇ ਕਿਹਾ ਕਿ ਪੁਰਾਤਨ ਸਮੇਂ ਤੋਂ ਹੀ ਬੁਰਾਈ ਨੂੰ ਖਤਮ ਕਰਨ ਲਈ ਸਾਨੂੰ ਭਾਰਤ ਦੀਆਂ ਸੂਰਬੀਰਾਂ ਔਰਤਾਂ ਦੀਆਂ ਕਹਾਣੀਆਂ ਕਿਸੇ ਆਦਿ ਪੜ੍ਹਨ ਅਤੇ ਸੁਣਨ ਨੂੰ ਮਿਲਦੇ ਰਹੇ ਹਨ। ਪਰ ਵਰਤਮਾਨ ਸਮੇਂ ਵਿਚ ਵੀ ਮਾਂ ਦੁਰਗਾ ਦੇ ਦੇ ਰੂਪ ਵਿੱਚ ਕੁੱਝ ਮਹਿਲਾਵਾਂ ਸੀਮਾ ਸੁਰਖਿਆ ਬਲ ਵਿੱਚ ਦੁਸ਼ਮਣਾਂ ਤੋਂ ਦੇਸ਼ ਦੀਆਂ ਸਰਹੱਦਾਂ ਦੀ ਰੱਖਿਆ ਕਰਨ ਲਈ ਸਖਤ ਠੰਡ ਅਤੇ ਝੁਲਸਾ ਦੇਣ ਵਾਲੀ ਗਰਮੀ ਵਿੱਚ ਸੀਮਾ ਤੇ ਦਿਨ ਰਾਤ ਪਹਿਰਾ ਦੇ ਰਹੀਆਂ ਹਨ। ਨੀਤੀ ਤਲਵਾੜ ਨੇ ਕਿਹਾ ਕਿ ਰੱਖੜੀ ਦੇ ਪਵਿੱਤਰ ਧਾਗੇ ਦੇ ਨਾਲ-ਨਾਲ ਅਸੀਂ ਆਪਣੇ ਭਰਾਵਾਂ ਦੇ ਗੁੱਟ 'ਤੇ ਦੇਸ਼ ਦੀ ਰੱਖਿਆ ਕਰਨ ਦੀ ਕਸਮ ਦਾ ਧਾਗਾ ਵੀ ਬੰਨ੍ਹਿਆ ਹੈ। ਇਸ ਮੌਕੇ ਕੈਂਪਸ ਕਮਾਂਡੈਂਟ ਆਜਾਦ ਸਿੰਘ ਮਲਿਕ ਨੇ ਸਾਰੀਆਂ ਭੈਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਲੋਕ ਦੇਸ਼ ਦੇ ਵੱਖ-ਵੱਖ ਕੋਨਿਆ ਤੋਂ ਵੱਖ ਵੱਖ ਜਗ੍ਹਾ 'ਤੇ ਆਪਣੀ ਮਾਤ ਭੂਮੀ ਦੀ ਰੱਖਿਆ ਲਈ ਤਾਇਨਾਤ ਹਾਂ ਅਤੇ ਇਹ ਵੀ ਹੈ ਕਿ ਤਿਉਹਾਰਾਂ ਦੇ ਦਿਨਾਂ ਵਿੱਚ ਹਰ ਸੈਨਿਕ ਨੂੰ ਪਰਵਾਰ ਦੀ ਘਾਟ ਮਹਿਸੂਸ ਹੁੰਦੀ ਹੈ, ਪਰ ਦੇਸ਼ ਵਾਸੀਆਂ ਵੱਲੋਂ ਦਿੱਤਾ ਗਿਆ ਇਹ ਪਿਆਰ ਸਾਨੂੰ ਹਮੇਸ਼ਾ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਪ੍ਰੇਰਨਾ ਦਿੰਦਾ ਹੈ।

ਉਹਨਾਂ ਨੇ ਕਿਹਾ ਕਿ ਨੀਤੀ ਤਲਵਾੜ ਵੱਲੋਂ ਪਿਛਲੇ 14 ਸਾਲਾਂ ਤੋਂ ਜੋ ਰਿਸ਼ਤਾ ਬੀਐਸਐਫ ਦੇ ਨਾਲ ਬਣਾਇਆ ਹੈ, ਇਹ ਇਸੇ ਤਰ੍ਹਾਂ ਹੀ ਅੱਗੇ ਚੱਲਦਾ ਰਹੇਗਾ। ਸਮਾਗਮ ਵਿੱਚ ਅਸ਼ਵਨੀ ਓਹਰੀ, ਪ੍ਰਿਆ ਸੈਣੀ, ਸਰਬਜੀਤ ਕੌਰ, ਸ਼ਿਵਮ ਓਹਰੀ, ਰਾਕੇਸ਼ ਸਹਾਰਨ, ਭੁਪਿੰਦਰ ਸਿੰਘ, ਊਸ਼ਾ ਕਿਰਨ ਸੂਦ, ਮੁਸਕਾਨ ਪਰਾਸ਼ਰ ਆਦਿ ਵੀ ਹਾਜਰ ਸਨ।

## ਆਮ ਆਦਮੀ ਕਲੀਨਿਕ ਗੜ੍ਹਾ 'ਚ ਸਭ ਤੋਂ ਵੱਧ ਮਰੀਜ਼ਾਂ ਨੇ ਕਰਵਾਇਆ ਇਲਾਜ

**ਜਲੰਧਰ, ( ਸ਼ੈਲੀ ਐਲਬਰਟ )**-ਜ਼ਿਲ੍ਹੇ ਵਿੱਚ 55 ਆਮ ਆਦਮੀ ਕਲੀਨਿਕਾਂ ਵਲੋਂ 15 ਅਗਸਤ 2022 ਤੋਂ 28 ਅਗਸਤ 2023 ਤੱਕ 2.97 ਲੱਖ ਮਰੀਜ਼ਾਂ ਦਾ ਇਲਾਜ ਕਰਨ ਦੇ ਨਾਲ-ਨਾਲ 52307 ਡਾਇਗਨੌਸਟਿਕ ਲੈਬ ਟੈਸਟ ਕੀਤੇ ਗਏ ਹਨ।

ਇਨ੍ਹਾਂ 55 ਆਮ ਆਦਮੀ ਕਲੀਨਿਕਾਂ ਵਿਚੋਂ ਇਸ ਸਾਲ 14 ਅਗਸਤ ਨੂੰ 17 ਨਵੇਂ ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ ਕੀਤੇ ਗਏ ਜਿਨ੍ਹਾਂ ਦਾ 9032 ਮਰੀਜ਼ਾਂ ਵਲੋਂ ਲਾਭ ਉਠਾਇਆ ਗਿਆ ਹੈ ਅਤੇ ਇਸ ਦੇ ਨਾਲ ਹੀ ਇਨ੍ਹਾਂ ਨਵੇਂ ਆਮ ਆਦਮੀ ਕਲੀਨਿਕਾਂ ਵਿੱਚ ਹੁਣ ਤੱਕ 2020 ਲੈਬ ਟੈਸਟ ਵੀ ਕੀਤੇ ਜਾ ਚੁੱਕੇ ਹਨ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਇਨ੍ਹਾਂ ਆਮ ਆਦਮੀ ਕਲੀਨਿਕਾਂ ਵਲੋਂ ਸਿਹਤ ਦੇ ਖੇਤਰ ਵਿੱਚ ਲਿਆਂਦੀ ਗਈ ਵੱਡੀ ਤਬਦੀਲੀ ਵੇਖਣ ਨੂੰ ਮਿਲ ਰਹੀ ਹੈ ਅਤੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਬਿਨ੍ਹਾਂ ਕਿਸੇ ਕੀਮਤ ਦੇ ਮਿਆਰੀ ਸਿਹਤ ਸਹੂਲਤਾਂ ਹਾਸਿਲ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਲੋਕਾਂ ਵਲੋਂ ਆਮ ਆਦਮੀ ਕਲੀਨਿਕਾਂ ਨੂੰ ਭਰਵਾਂ ਹੁੰਗਾਰਾ ਦਿੱਤਾ ਗਿਆ ਹੈ ਜਿਸ ਸਦਕਾ ਸਰਕਾਰੀ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਗਿਣਤੀ ਘਟੀ ਹੈ। ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਪੇਪਰਲੈਸ ਪ੍ਰਣਾਲੀ ਰਾਹੀਂ ਮਰੀਜ਼ਾਂ ਦਾ ਇਲਾਜ ਕਰਨ ਨਾਲ ਮਰੀਜ਼ਾਂ ਸਬੰਧੀ ਅਸਲ ਜਾਣਕਾਰੀ ਇਕੱਤਰ ਕਰਨ ਅਤੇ ਕਿਸੇ ਖਾਸ ਇਲਾਕੇ ਦੀ ਸਥਿਤੀ ਜਾਣਨ ਲਈ ਬਹੁਤ ਮਦਦਗਾਰ ਸਾਬਿਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਆਉਂਦੇ ਕੁਝ ਮਹੀਨਿਆਂ ਦੌਰਾਨ ਅਜਿਹੇ ਹੋਰ ਅਤਿ ਆਧੁਨਿਕ ਕਲੀਨਿਕ ਖੋਲ੍ਹੇ ਜਾਣਗੇ। 17 ਨਵੇਂ ਆਮ ਆਦਮੀ ਕਲੀਨਿਕਾਂ ਵਿੱਚ ਆਉਣ ਵਾਲੇ ਮਰੀਜ਼ਾਂ ਸਬੰਧੀ ਜਾਣਕਾਰੀ ਦਿੰਦਿਆਂ ਸਾਰੰਗਲ ਨੇ ਦੱਸਿਆ ਕਿ ਆਮ ਆਦਮੀ ਕਲੀਨਿਕ ਗੜ੍ਹਾ ਦੀ ਓ.ਪੀ.ਡੀ. ਵਿੱਚ ਸਭ ਤੋਂ ਵੱਧ 827 ਮਰੀਜ਼ਾਂ ਵਲੋਂ ਇਲਾਜ ਕਰਵਾਇਆ ਗਿਆ ਹੈ। ਦਾਦਾ ਕਲੋਨੀ ਦੇ ਆਮ ਆਦਮੀ ਕਲੀਨਿਕ ਵਿੱਚ 738 ਮਰੀਜ਼ਾਂ, ਦੋਮੋਰੀਆ ਪੁੱਲ 717, ਰੇਰੂ ਪਿੰਡ 708 ਮਰੀਜ਼ਾਂ ਵਲੋਂ ਸਿਹਤ ਸਹੂਲਤਾਂ ਦਾ ਲਾਭ ਉਠਾਇਆ ਗਿਆ ਹੈ।

## ਪਿੰਡ ਦੇ ਵਿਕਾਸ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ : ਇੰਦਰਜੀਤ ਕੌਰ ਮਾਨ



**ਕਾਲਾ ਸੰਘਿਆਂ (ਮਨਜੀਤ ਮਾਨ)** - ਪਿੰਡਾਂ ਵਿੱਚ ਹੋ ਰਹੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ ਤੇ ਪਿੰਡਾਂ ਵਿੱਚ ਪੰਚਾਇਤਾਂ ਨੂੰ ਗ੍ਰਾਂਟਾਂ ਦੀ ਕੋਈ ਵੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਅੱਜ ਇਥੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਨਕੋਦਰ ਦੀ ਵਿਧਾਇਕਾ ਬੀਬੀ ਇੰਦਰਜੀਤ ਕੌਰ ਮਾਨ ਨੇ ਪਿੰਡ ਚੂਹੜ ਜ਼ਿਲ੍ਹਾ ਜਲੰਧਰ ਵਿਖੇ 20 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਪੰਚਾਇਤ ਘਰ ਦੀ ਇਮਾਰਤ ਦਾ ਉਦਘਾਟਨ ਕਰਨ ਮੌਕੇ ਕਹੇ। ਇਸ ਮੌਕੇ ਮੈਡਮ ਇੰਦਰਜੀਤ ਕੌਰ ਮਾਨ ਨੇ 10 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਪਿੰਡ ਦੀ ਫਿਰਨੀ ਦੇ ਕੰਮਾਂ ਦੀ ਸ਼ੁਰੂਆਤ ਕੀਤੀ ਤੇ ਮੈਡਮ ਮਾਨ ਨੇ ਹੋਰ ਪਿੰਡ ਦੇ ਅਧੂਰੇ ਪਏ ਵਿਕਾਸ ਦੇ ਕਾਰਜਾਂ ਨੂੰ ਅੱਗੇ ਤੋਰਨ ਲਈ 21 ਲੱਖ ਰੁਪਏ ਦੀ ਗ੍ਰਾਂਟ ਹੋਰ ਦੇਣ ਦਾ ਐਲਾਨ ਕੀਤਾ। ਮੈਡਮ ਮਾਨ ਨੇ ਹੋਰ ਕਿਹਾ ਕਿ ਆਪ ਸਰਕਾਰ ਪੰਜਾਬ ਸੂਬੇ ਨੂੰ ਇੱਕ ਨਕਸ਼ੇ ਕਦਮਾਂ 'ਤੇ ਲੈ ਕੇ ਆਵੇਗੀ ਤੇ ਪੰਜਾਬ ਸੂਬਾ ਇੱਕ ਨਕਸ਼ੇ ਵਜੋਂ ਉੱਭਰ ਕੇ ਸਾਹਮਣੇ ਆਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਚਾਇਤੀ ਰਾਜ ਦੇ ਐਕਸੀਅਨ ਪਰਮਜੀਤ ਸਿੰਘ, ਐਸ ਡੀ ਓ ਲਖਵਿੰਦਰ ਸਿੰਘ, ਹਰਦੇਵ ਸਿੰਘ ਔਜਲਾ, ਭੁਵਨੇਸ਼ ਕੰਡਾ ਮੈਂਬਰ ਬਲਾਕ ਸੰਮਤੀ, ਜਤਿੰਦਰ ਟਾਹਲੀ, ਸਰਪੰਚ ਰਜਨੀਸ਼ ਗੌਤਮ, ਰਮਨਦੀਪ ਮੈਂਬਰ ਪੰਚਾਇਤ, ਰਮਨਦੀਪ ਕੌਰ ਮੈਂਬਰ ਪੰਚਾਇਤ, ਸੀਮਾ ਸ਼ਰਮਾ ਮੈਂਬਰ ਪੰਚਾਇਤ, ਨਰਿੰਦਰ ਸ਼ਰਮਾ, ਵਿਜੇ ਕੁਮਾਰ, ਬਲਵੀਰ ਸਿੰਘ ਕੰਗ ਸਰਪੰਚ ਕੰਗ ਸਾਹਿਬ ਰਾਏ, ਮਨੀ ਸਿੰਘ, ਬਾਬਾ ਜੈਪਾਲ ਸਾਬਕਾ ਸਰਪੰਚ ਪਿੰਡ ਚੂਹੜ, ਪ੍ਰਦੀਪ ਕੁਮਾਰ ਬਿੱਟੂ, ਗੁਰਜੰਟ ਸਿੰਘ ਗਿੱਲ ਤੋਂ ਇਲਾਵਾ ਹੋਰ ਆਗੂ ਵੀ ਇਸ ਮੌਕੇ ਹਾਜ਼ਰ ਸਨ।

## ਰੋਹਿਤ ਤੇ ਪੂਨਮ ਨੇ ਸਪੈਸ਼ਲ ਬੱਚਿਆਂ ਨਾਲ ਮਨਾਈ ਸ਼ਾਦੀ ਦੀ 25ਵੀਂ ਵਰ੍ਹੇਗੰਢ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾਂ ਹੁਸ਼ਿਆਰਪੁਰ ਵਿਖੇ ਸ਼੍ਰੀਮਾਨ ਰੋਹਿਤ ਕੁਮਾਰ ਅਤੇ ਸ਼੍ਰੀਮਤੀ ਪੂਨਮ ਨੇ ਸਪੈਸ਼ਲ ਬੱਚਿਆਂ ਦੇ ਨਾਲ ਆਪਣੀ ਵਿਆਹ ਦੀ 25ਵੀਂ ਵਰ੍ਹੇਗੰਢ ਮਨਾਈ। ਸਪੈਸ਼ਲ ਬੱਚਿਆਂ ਨੇ ਪੌਦਾ ਭੇਟ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ। ਬੱਚਿਆਂ ਦੇ ਨਾਲ ਕੇਕ ਕੱਟਿਆ। ਸਪੈਸ਼ਲ ਬੱਚਿਆਂ, ਸਟਾਫ, ਸੁਸਾਇਟੀ ਦੇ ਮੈਂਬਰ ਅਤੇ ਡਿਪਲੋਮਾ ਵਿਦਿਆਰਥੀਆਂ ਦੇ ਲਈ ਲੰਗਰ ਦਾ ਪ੍ਰਬੰਧ ਕੀਤਾ। ਇਸ ਮੌਕੇ 31000/- ਰੁਪਏ ਦੀ ਰਾਸ਼ੀ ਦਾ ਚੈਕ ਸਕੂਲ ਨੂੰ ਭੇਂਟ ਕੀਤਾ। ਆਸ਼ਾਦੀਪ ਵੈਲਫੇਅਰ ਦੇ ਪ੍ਰਧਾਨ ਸੀ.ਏ. ਤਰਨਜੀਤ ਸਿੰਘ ਨੇ ਦੱਸਿਆ ਕਿ ਸ਼੍ਰੀ ਰੋਹਿਤ ਕੁਮਾਰ ਜੀ ਅੰਬੇ ਐਗਰੋ ਇੰਡਸਟਰੀ, ਮੁਕੇਰੀਆਂ (ਰਾਈਸ ਸ਼ੈਲਟਰ ਆੱਨਰ) ਹਨ। ਇਸ ਮੌਕੇ ਤੇ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਸਕੱਤਰ ਹਰਬੰਸ ਸਿੰਘ, ਹਰਮੇਸ਼ ਤਲਵਾੜ, ਮਲਕੀਤ ਸਿੰਘ ਮਹੇਰੂ, ਰਾਮ ਆਸਰਾ, ਹਰੀਸ਼ ਠਾਕੁਰ ਕੋਰਸ ਕੋਆਰਡੀਨੇਟਰ ਵਰਿੰਦਰ ਕੁਮਾਰ, ਵਾਈਸ ਪ੍ਰਿੰਸੀਪਲ ਸ਼੍ਰੀਮਤੀ ਇੰਦੂ ਬਾਲਾ, ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਮੁਫਤ ਮੈਡੀਕਲ ਕੈਂਪ 2 ਨੂੰ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਵੱਲੋ ਹੜ੍ਹ ਪੀੜਤਾਂ ਲਈ ਮੁਫਤ ਮੈਡੀਕਲ ਕੈਂਪ 2ਸਤੰਬਰ ਨੂੰ ਲਗਾਇਆ ਜਾ ਰਿਹਾ ਹੈ। ਇਸ ਮੌਕੇ ਸੰਸਥਾ ਦੇ ਮੁਖੀ ਜਥੇਦਾਰ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹੜ੍ਹ ਪੀੜਤਾਂ ਲਈ ਮੁਫਤ ਮੈਡੀਕਲ ਕੈਂਪ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਅਜਨੋਹਾ ਵੱਲੋਂ ਅਤੇ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਜ਼ਿਲ੍ਹਾ ਤਰਨਤਾਰਨ ਦੇ ਹਲਕਾ ਪੱਟੀ ਦੇ ਪਿੰਡਾਂ ਵਿੱਚ 2 ਸਤੰਬਰ ਦਿਨ ਸ਼ਨੀਵਾਰ ਨੂੰ ਮੁਫਤ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੰਸਥਾ ਦੀ ਟੀਮ ਅਤੇ ਡਾਕਟਰਾਂ ਦੇ ਨਾਲ 2 ਸਤੰਬਰ ਸਵੇਰੇ 7 ਵਜੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲਾਬੋਰਟਰੀ ਪਿੰਡ ਨਰੂੜ ਤੋਂ ਗੁਰੂ ਸਾਹਿਬ ਜੀ ਤੋਂ ਆਗਿਆ ਲੈ ਕੇ ਰਵਾਨਾ ਹੋਵੇਗੀ । ਉਨ੍ਹਾਂ ਸੰਗਤਾਂ ਨੂੰ ਨੇਕ ਕਾਰਜਾਂ ਵਿੱਚ ਸਹਿਯੋਗ ਦੀ ਅਪੀਲ ਕੀਤੀ। ਫੋਟੋ ਕੈਪਸ਼ਨ -ਸੰਸਥਾ ਦੇ ਮੁਖੀ ਜਥੇਦਾਰ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ।

## ਸ੍ਰੀ ਮਨੀ ਮਹੇਸ਼ ਵਿਖੇ ਹੋਣ ਵਾਲੇ 20ਵੇਂ ਸਲਾਨਾ ਭੰਡਾਰੇ ਲਈ ਭੇਜੀ ਲੰਗਰ ਸਮੱਗਰੀ



**ਟਾਂਡਾ ਉੜਮੁੜ ( ਓਂਕਾਰ ਸਿੰਘ, ਜਸਵਿੰਦਰ ਸੰਧੂ )**

ਸ੍ਰੀ ਮਨੀ ਮਹੇਸ ਵਿਖੇ ਹੋਣ ਵਾਲੇ 20ਵੇਂ ਸਲਾਨਾ ਭੰਡਾਰੇ ਲਈ ਟਾਂਡਾ ਦੀ ਸੰਗਤ ਨੇ ਹਰ ਹਰ ਮਹਾਦੇਵ ਦੇ ਜੈਕਾਰਿਆਂ ਨਾਲ ਲੰਗਰ ਸਮੱਗਰੀ ਨੂੰ ਰਵਾਨਾ ਕੀਤਾ। ਸ਼ਿਵ ਸਕਤੀ ਮਹਾਸੰਘ ਦੀ ਧਾਰਮਿਕ ਸੰਸਥਾ ਵੱਲੋਂ ਵਰਿੰਦਰ ਕੁਮਾਰ ਸਿੰਗਲਾ ਦੀ ਯਾਦ ਨੂੰ ਸਮਰਪਿਤ ਭੰਡਾਰਾ 28 ਅਗਸਤ 23 ਤੋਂ ਸ੍ਰੀ ਰਾਧਾ ਅਸਟਮੀ ਤੱਕ ਮਨਾਇਆ ਜਾਵੇਗਾ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਨਗਰ ਕੌਂਸਲ ਟਾਂਡਾ ਦੇ ਸਾਬਕਾ ਪ੍ਰਧਾਨ ਹਰੀ ਕ੍ਰਿਸਨ ਸੈਣੀ ਨੇ ਦੱਸਿਆ ਕਿ ਟਾਂਡਾ ਦੇ ਸ਼ਿਵ ਭਗਤਾਂ ਵੱਲੋਂ ਹਰ ਸਾਲ ਇਹ ਸਮੱਗਰੀ ਇਕੱਠੀ ਕਰਕੇ ਭੇਜੀ ਜਾਂਦੀ ਹੈ। ਇਸ ਮੌਕੇ ਅਸ਼ੋਕ ਵਰਮਾ, ਗਿੰਨੀ ਅਰੋੜਾ ਬਲਜੀਤ ਰਾਏ, ਅਰੁਣ ਟੰਡਨ, , ਬੌਬੀ ਕਪੂਰ, ਸਾਹਿਲ ਕੌਂਸਲ, ਦੀਪੂ ਮਹਿਤਾ, ਪੰਕਜ ਸਚਦੇਵਾ, ਪ੍ਰਮੋਦ ਕੁਮਾਰ, , ਮੁਨੀਸ ਕੁਮਾਰ, ਈਸਾਨ ਸਰਮਾ ਮਾਸਟਰ ਵਿਨੋਦ ਸੈਣੀ, , ਕੁੱਟੂ ਸਿਆਲ, ਕਾਲਾ ਮੰਗਲ, ਜੱਸੀ. ਸੋਨੂੰ ਖੰਨਾ ਅਤੇ ਹੋਰ ਬਹੁਤ ਸਾਰੇ ਸ਼ਿਵ ਭਗਤ ਮੌਜੂਦ ਸਨ।

## ਸੀ ਪੀ ਆਈ (ਐੱਮ ਐਲ) ਨਿਊ ਡੈਮੋਕਰੇਸੀ ਵੱਲੋਂ ਆਰ ਐੱਸ ਐੱਸ-ਭਾਜਪਾ ਦੀ ਨਫ਼ਰਤੀ ਮੁਹਿੰਮ ਦੀ ਨਿੰਦਾ

**ਜਲੰਧਰ (ਨ ਜ਼ ਸ) )** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੀ ਸੂਬਾ ਕਮੇਟੀ ਵੱਲੋਂ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਸੂਬਾਈ ਆਗੂ ਕਾਮਰੇਡ ਅਜਮੇਰ ਸਿੰਘ ਨੇ ਕਿਹਾ ਕਿ ਆਰ.ਐਸ.ਐਸ.-ਭਾਜਪਾ ਵੱਲੋਂ ਫੈਲਾਏ ਜਾ ਰਹੇ ਨਫ਼ਰਤੀ ਪ੍ਰਚਾਰ ਦੇ ਸਿੱਟੇ ਵਜੋਂ ਵਾਪਰੀਆਂ ਘਟਨਾਵਾਂ ਨੇ ਹਰ ਸੰਵੇਦਨਸ਼ੀਲ ਮਨ ਨੂੰ ਝੰਜੋੜ ਕੇ ਰੱਖ ਦਿੱਤਾ ਹੈ, ਜਿਸਦੀ ਚਰਚਾ ਅਖ਼ਬਾਰਾਂ ਵਿੱਚ ਹੋ ਰਹੀ ਹੈ। ਯੂਪੀ ਦੇ ਮੁਜੱਫਰਪੁਰ ਜ਼ਿਲ੍ਹੇ 'ਚ ਇੱਕ ਮੁਸਲਿਮ ਬੱਚੇ ਦੇ ਪਹਾੜਾ ਯਾਦ ਨਾ ਕਰਨ ਕਰਕੇ ਅਧਿਆਪਕਾ ਵੱਲੋਂ ਬਹੁਗਿਣਤੀ ਭਾਈਚਾਰੇ ਨਾਲ ਸਬੰਧਿਤ ਸਹਿਪਾਠੀਆਂ ਦੁਆਰਾ ਥੱਪੜ ਮਰਵਾਏ ਜਾਣ, ਮੱਧ ਪ੍ਰਦੇਸ਼ ਦੇ ਸਾਗਰ ਜ਼ਿਲ੍ਹੇ ਵਿੱਚ ਦਲਿਤ ਭਾਈਚਾਰੇ ਦੇ ਇੱਕ ਨੌਜਵਾਨ ਨੂੰ ਕੁੱਟ-ਕੁੱਟ ਕੇ ਜਾਨੋਂ ਮਾਰ ਦੇਣ, ਮਹਾਂਰਾਸ਼ਟਰ ਦੇ ਅਹਿਮਦਗੜ੍ਹ ਜ਼ਿਲ੍ਹੇ ਵਿੱਚ ਚੋਰੀ ਦੇ ਸ਼ੱਕ ਵਿੱਚ 20 ਸਾਲਾਂ ਦੇ ਚਾਰ ਦਲਿਤ ਨੌਜਵਾਨਾਂ ਨੂੰ ਦਰੱਖਤ ਨਾਲ ਪੁੱਠਾ ਟੰਗ ਕੇ ਡੰਡਿਆਂ ਨਾਲ ਕੀਤੀ ਮਾਰਕੁੱਟ, ਪ੍ਰਚਾਰੀ ਜਾ ਰਹੀ ਨਫ਼ਰਤ ਦਾ ਹੀ ਸਿੱਟਾ ਹੈ। ਇਸਤੋਂ ਪਹਿਲਾਂ ਇੱਕ ਪੁਲੀਸ ਮੁਲਾਜ਼ਮ ਵੱਲੋਂ ਇੱਕ ਗੱਡੀ ਵਿੱਚ ਤਿੰਨ ਮੁਸਲਮਾਨ ਮੁਸਾਫ਼ਿਰਾਂ ਨੂੰ ਚੁਣ-ਚੁਣ ਕੇ ਨਿਸ਼ਾਨਾ ਬਣਾਇਆ ਗਿਆ। ਰੋਕਣ ਵਾਲੇ ਪੁਲੀਸ ਮੁਲਾਜ਼ਮਾਂ ਨੂੰ ਵੀ ਗੋਲੀ ਮਾਰ ਦਿੱਤੀ ਗਈ। ਹਰਿਆਣੇ ਦੇ ਨੂਹ ਜ਼ਿਲ੍ਹੇ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਮੁਸਲਮਾਨ ਬਹੁਸੰਮਤੀ ਵਾਲੇ ਖੇਤਰ ਵਿੱਚ ਬਿਨਾਂ ਇਜਾਜ਼ਤ ਲਿਆਂ ਆਰ.ਐਸ.ਐਸ.-ਭਾਜਪਾ ਵੱਲੋਂ ਯਾਤਰਾ ਕੱਢਣੀ, ਮਸਜਿਦ ਅੰਦਰ ਵੜ ਕੇ ਇਮਾਮ ਦਾ ਕਤਲ ਕੀਤਾ ਗਿਆ। ਬਿਹਾਰ ਦੇ ਚੰਪਾਰਨ ਜ਼ਿਲ੍ਹੇ ਵਿੱਚ ਵੀ ਇਹੀ ਵਰਤਾਰਾ ਵਾਪਰਿਆ। ਆਸਾਮ 'ਚ ਇਸਾਈਆਂ ਦੇ ਗਿਰਜਾ ਘਰਾਂ ਦੀ ਸਾੜਫੂਕ ਕੀਤੀ ਗਈ। ਸੜ ਰਹੇ ਮਨੀਪੁਰ ਦੀ ਚਰਚਾ ਦੇਸ਼-ਵਿਦੇਸ਼ ਵਿੱਚ ਹੋ ਚੁੱਕੀ ਹੈ ਅਤੇ ਹੋਰ ਰਹੀ ਹੈ।

ਮੋਦੀ-ਸ਼ਾਹ ਵੱਲੋਂ ਚੋਣਾਂ ਤੋਂ ਪਹਿਲਾਂ ਵੋਟਾਂ ਦੇ ਧਰੁਵੀਕਰਨ ਲਈ ਸਮਾਜ ਵਿੱਚ ਪਾੜਾ ਪਾਉਣ ਦੀਆਂ ਲਗਾਤਾਰ ਸਾਜਿਸ਼ਾਂ ਹੋ ਰਹੀਆਂ ਹਨ। ਧਾਰਮਿਕ ਆਗੂਆਂ ਵੱਲੋਂ ਮੁਸਲਮਾਨਾਂ ਨੂੰ ਕਤਲ ਕਰਨ ਦੇ ਐਲਾਨਾਂ ਦੇ ਬਾਵਜੂਦ ਉਹਨਾਂ ਦੇ ਖਿਲਾਫ਼ ਕੋਈ ਕਾਰਵਾਈ ਨਹੀਂ ਹੋ ਰਹੀ। ਭਾਈਚਾਰਕ ਸਾਂਝ ਬਨਾਉਣ ਅਤੇ ਸਮਾਜਿਕ ਏਕਤਾ ਲਈ ਆਵਾਜ਼ ਉਠਾਉਣ ਵਾਲਿਆਂ ਨੂੰ ਅਰਬਨ ਨਕਸਲ, ਟੁਕੜੇ-ਟੁਕੜੇ ਗੈਂਗ ਅਤੇ ਪੱਥਰਬਾਜ ਕਹਿਕੇ ਉਹਨਾਂ ਦੇ ਖਿਲਾਫ਼ ਨਫ਼ਰਤ ਫੈਲਾਈ ਜਾ ਰਹੀ ਹੈ। ਉਹਨਾਂ ਵਿੱਚੋਂ ਕੁੱਝ ਨੂੰ ਜੇਲ੍ਹਾਂ ਵਿੱਚ ਵੀ ਬੰਦ ਕੀਤਾ ਹੋਇਆ ਹੈ। ਮੁਜੱਫਰਪੁਰ ਘਟਨਾ 'ਚ ਥੱਪੜ ਮਾਰੇ ਜਾਣ ਵਾਲੇ ਬੱਚੇ ਦੀ ਪਛਾਣ ਕਰਨ ਵਾਲੇ ਆਰਟ ਨਿਊਜ਼ ਦੇ ਮੁਹੰਮਦ ਜੁਬੈਰ ਖਿਲਾਫ਼ ਐਫ.ਆਈ.ਆਰ. ਦਰਜ ਕਰ ਦਿੱਤੀ ਗਈ ਹੈ। ਉਹਨਾਂ ਨੇ ਇਨਸਾਫਪਸੰਦ, ਧਰਮ-ਨਿਰਪੱਖ, ਜਮਹੂਰੀ ਅਤੇ ਇਨਕਲਾਬੀ ਸ਼ਕਤੀਆਂ ਨੂੰ ਆਰ.ਐਸ.ਐਸ.-ਭਾਜਪਾ ਦੀਆਂ ਇਹਨਾਂ ਫ਼ਿਰਕੂ ਤੇ ਨਫ਼ਰਤੀ ਚਾਲਾਂ ਦੇ ਵਿਰੁੱਧ ਇੱਕਜੁੱਟ ਹੋਣ ਦੀ ਅਪੀਲ ਕੀਤੀ।

## ਪਿੰਡ ਆਧੀ ਦੇ ਨੌਜੁਆਨ ਦੀ ਸੜਕ ਹਾਦਸੇ 'ਚ ਮੌਤ



ਕਾਲਾ ਸੰਘਿਆਂ (ਮਨਜੀਤ ਮਾਨ )- ਰੋਟੀ ਰੋਜ਼ੀ ਦੀ ਖਾਤਰ ਸਾਢੇ ਕੁ ਪੰਜ ਸਾਲ ਪਹਿਲਾਂ ਅਮਰੀਕਾ ਗਏ ਤਹਿਸੀਲ ਨਕੋਦਰ ਦੇ ਪਿੰਡ ਆਧੀ ਦੇ ਨੌਜੁਆਨ ਦੀ ਇੱਕ ਸੜਕ ਹਾਦਸੇ ਵਿੱਚ ਦਰਦਨਾਕ ਮੌਤ ਹੋ ਗਈ। ਇਸ ਮੌਕੇ ਪੀੜਤ ਪਰਵਾਰ ਨੇ ਰੋਂਦਿਆਂ ਵਿਲਕਦਿਆਂ ਦੱਸਿਆ ਕਿ ਉਨ੍ਹਾਂ ਨੇ ਆਪਣੇ ਇਕਲੌਤੇ ਪੁੱਤਰ ਨੂੰ ਚਾਵਾਂ ਲਾਡਾਂ ਨਾਲ ਅਮਰੀਕਾ ਭੇਜਿਆ ਸੀ ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਸੀ ਕਿ ਹੁਣ ਉਨ੍ਹਾਂ ਦਾ ਪੁੱਤਰ ਇੰਡੀਆ ਕਦੇ ਵੀ ਨਹੀਂ ਆਵੇਗਾ। ਪੀੜਤ ਪਰਵਾਰ ਨੇ ਹੋਰ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਇੰਦਰਪਾਲ ਸਿੰਘ ਅਮਰੀਕਾ ਵਿੱਚ ਟਰਾਲਾ ਚਲਾਉਂਦਾ ਸੀ ਤੇ ਉਨ੍ਹਾਂ ਦੇ ਪੁੱਤਰ ਦੇ ਟਰਾਲੇ ਦੀ ਕਿਸੇ ਹੋਰ ਟਰਾਲੇ ਨਾਲ ਜ਼ਬਰਦਸਤ ਟੱਕਰ ਹੋ ਗਈ ਜਿਸ ਦੌਰਾਨ ਇੰਦਰਪਾਲ ਸਿੰਘ ਦੀ ਦਰਦਨਾਕ ਮੌਤ ਹੋ ਗਈ। ਮ੍ਰਿਤਕ ਇੰਦਰਪਾਲ ਸਿੰਘ ਨੇ ਹਾਦਸਾ ਵਾਪਰਨ ਤੋਂ ਪਹਿਲਾਂ ਇੰਡੀਆ ਆਪਣੇ ਮਾਤਾ ਪਿਤਾ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ ਸੀ। ਮ੍ਰਿਤਕ ਇੰਦਰਪਾਲ ਸਿੰਘ ਆਪਣੇ ਪਿੱਛੇ ਆਪਣੇ ਮਾਤਾ ਪਿਤਾ ਤੇ ਵੱਡੀ ਭੈਣ ਨੂੰ ਰੋਂਦਿਆਂ ਵਿਲਕਦਿਆਂ ਛੱਡ ਗਿਆ।

## ਰਾਸ਼ਟਰੀ ਖੇਡ ਦਿਵਸ ਮੌਕੇ 'ਸਪੋਰਟਜ਼ ਫਾਰ ਲੋਕਤੰਤਰ ਦੀ ਸਪੋਰਟ' ਖੇਡ ਮੇਲੇ ਦਾ ਆਯੋਜਨ



**ਐਸ.ਏ.ਐਸ ਨਗਰ (ਗੁਰਜੀਤ ਬਿੱਲਾ)**- ਮੁੱਖ ਚੋਣ ਅਫਸਰ ਪੰਜਾਬ ਵੱਲੋਂ ਜ਼ਿਲ੍ਹਾ ਚੋਣ ਅਫਸਰ ਮੋਹਾਲੀ ਦੇ ਸਹਿਯੋਗ ਨਾਲ ਸਰਕਾਰੀ ਬਹੁਤਕਨੀਕੀ ਕਾਲਜ ਮੋਹਾਲੀ (ਖੂਨੀਮਾਜਰਾ) ਵਿਖੇ 'ਸਪੋਰਟਜ਼ ਫਾਰ ਲੋਕਤੰਤਰ ਦੀ ਸਪੋਰਟ' ਖੇਡ ਮੇਲੇ ਦਾ ਆਯੋਜਨ ਕੀਤਾ ਗਿਆ। ਇਸ ਖੇਡ ਮੇਲੇ ਦੌਰਾਨ ਬੈਡਮਿੰਟਨ, ਟੇਬਲ ਟੈਨਿਸ, ਸ਼ਤਰੰਜ, ਕੁਇਜ਼ ਅਤੇ ਰੰਗੋਲੀ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਵੱਖ-ਵੱਖ ਕਾਲਜਾਂ ਦੇ 200 ਤੋਂ ਵਧੇਰੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਖੇਡ ਮੇਲੇ ਵਿੱਚ ਵਿਪੁਲ ਉਜਵਲ ਵਧੀਕ ਮੁੱਖ ਚੋਣ ਅਫਸਰ ਪੰਜਾਬ ਵੱਲੋਂ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ ਗਈ ਅਤੇ ਵਧੀਕ ਜ਼ਿਲ੍ਹਾ ਚੋਣ ਅਫਸਰ ਕਮ ਏ.ਡੀ.ਸੀ ਜਨਰਲ ਐਸ.ਏ.ਐਸ ਨਗਰ ਵਿਰਾਜ ਐਸ ਤਿੜਕੇ ਨੇ ਪ੍ਰਧਾਨਗੀ ਕੀਤੀ। ਇਸ ਮੌਕੇ ਵਿਪੁਲ ਉਜਵਲ ਨੇ ਨੌਜਵਾਨਾਂ ਨੂੰ ਲੋਕਤੰਤਰ ਦੇ ਮਹਾਂ ਉਤਸਵ ਵਿੱਚ ਵੋਟਰ ਵਜੋਂ ਰਜਿਸਟਰਡ ਹੋਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਿਰਾਜ ਐਸ ਤਿੜਕੇ ਨੇ ਦੱਸਿਆ ਕਿ ਜਿੱਥੇ ਖਿਡਾਰੀਆਂ ਨੇ ਵੱਖ-ਵੱਖ ਖੇਡਾਂ ਵਿੱਚ ਜੌਹਰ ਦਿਖਾਏ ਅਤੇ ਉਥੇ ਹੀ ਵੋਟਰ ਰਜਿਸਟਰੇਸ਼ਨ ਕੈਂਪ ਦੌਰਾਨ 200 ਤੋਂ ਵੱਧ ਯੋਗ ਵੋਟਰਾਂ ਨੇ ਰਜਿਸਟਰੇਸ਼ਨ ਕਰਵਾਈ। ਇਹ ਕੈਂਪ ਐਸ.ਡੀ.ਐਮ ਖਰੜ ਰਵਿੰਦਰ ਸਿੰਘ ਦੀ ਦੇਖ ਰੇਖ ਵਿੱਚ ਆਯੋਜਿਤ ਕੀਤਾ ਗਿਆ। ਕਾਲਜ ਪ੍ਰਿੰਸੀਪਲ ਰਾਜੀਵ ਪੁਰੀ ਵੱਲੋਂ ਵਧੀਕ ਮੁੱਖ ਚੋਣ ਅਫਸਰ ਨੂੰ ਇਹ ਵਿਸ਼ਵਾਸ ਦਿਵਾਇਆ ਗਿਆ ਕਿ ਲੋਕਤੰਤਰ ਦੇ ਮਹਾਕੁੰਭ ਨੂੰ ਕਾਲਜ ਵੱਲੋਂ ਪੂਰਨ ਸਹਿਯੋਗ ਕੀਤਾ ਜਾਵੇਗਾ ਅਤੇ ਜ਼ਿਲ੍ਹੇ ਦੇ ਸਮੂਹ ਤਕਨੀਕੀ ਸਿੱਖਿਆ ਅਦਾਰਿਆਂ ਦੇ ਯੋਗ ਵੋਟਰਾਂ ਦਾ 100 ਫੀਸਦੀ ਪੰਜੀਕਰਨ (ਰਜਿਸਟ੍ਰੇਸ਼ਨ) ਕਰਵਾਉਣ ਦਾ ਉਪਰਾਲਾ ਕੀਤਾ ਜਾਵੇਗਾ। ਜ਼ਿਲ੍ਹਾ ਨੋਡਲ ਅਧਿਕਾਰੀ ਸਵੀਪ ਪ੍ਰੋ. ਗੁਰਬਖਸ਼ੀਸ਼ ਸਿੰਘ ਅੰਟਾਲ ਨੇ ਦੱਸਿਆ ਕਿ ਮੇਲੇ ਦਾ ਆਯੋਜਨ ਕਰਨ ਦਾ ਮੁੱਖ ਮਕਸਦ ਵਿਦਿਆਰਥੀਆਂ ਵਿੱਚ ਲੋਕਤੰਤਰ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ । ਇਸ ਮੌਕੇ ਸਟੇਟ ਸਵੀਪ ਕੰਸਲਟੈਂਟ ਮਨਪ੍ਰੀਤ ਸਿੰਘ ਅਨੇਜਾ, ਆਈ.ਕੇ.ਜੀ.ਪੀ.ਟੀ.ਯੂ ਮੋਹਾਲੀ ਕੈਂਪਸ-2 ਦੇ ਡਾਇਰੈਕਟਰ ਨੀਲਕੰਠ ਗਰੋਵਰ, ਤਹਿਸੀਲਦਾਰ ਸੰਜੇ ਕੁਮਾਰ, ਤਹਿਸੀਲਦਾਰ ਖਰੜ ਜਸਵਿੰਦਰ ਸਿੰਘ ਅਤੇ ਸੁਰਿੰਦਰ ਕੁਮਾਰ ਚੋਣ ਕਾਨੂੰਗੋ ਨੇ ਇਸ ਮੇਲੇ ਨੂੰ ਸਫਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਇਸ ਦ ਰਾਨ ਮੁੱਖ ਮਹਿਮਾਨ ਵਿਪੁਲ ਉਜਵਲ ਵੱਲੋਂ ਵੱਖ-ਵੱਖ ਖੇਡਾਂ ਦੇ ਜੇਤੂਆਂ ਨੂੰ ਮੈਡਲ, ਟੀ-ਸ਼ਰਟ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।

## ਭੋਗਪੁਰ ਸ਼ਹਿਰ 'ਚ ਸੀਵਰੇਜ਼ ਦਾ ਕੰਮ ਹੋਵੇਗਾ ਜਲਦ ਪੂਰਾ : ਭੱਟੀ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਭੋਗਪੁਰ ਸ਼ਹਿਰ ਵਾਸੀਆਂ ਦੀ ਪਿਛਲੇ ਕਾਫੀ ਸਾਲਾ ਦੀ ਸ਼ਹਿਰ ਵਿਚ ਸੀਵਰੇਜ ਪਾਉਣ ਦੀ ਮੰਗ ਹੋਈ ਪੂਰੀ। ਆਮ ਆਦਮੀ ਪਾਰਟੀ ਆਦਮਪੁਰ ਦੇ ਹਲਕਾ ਇੰਚਾਰਜ ਜੀਤ ਲਾਲ ਭੱਟੀ ਨੇ ਗੱਲਬਾਤ ਦੌਰਾਨ ਦੱਸਿਆ ਪਿਛਲੇ ਕਾਫੀ ਦਿਨਾ ਤੋਂ ਸਹਿਰ ਵਿੱਚ ਸੀਵਰੇਜ਼ ਦਾ ਕੰਮ ਸੁਰੂ ਕਰ ਦਿੱਤਾ ਗਿਆ ਹੈ। ਅੱਜ ਉਨ੍ਹਾਂ ਵੱਲੋਂ ਸੀਵਰੇਜ਼ ਦੇ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ ਗਿਆ ਤੇ ਨਾਲ ਹੀ ਉਹਨਾਂ ਨੇ ਦੱਸਿਆ ਕਿ ਸੀਵਰੇਜ ਦਾ ਕੰਮ ਕਾਫੀ ਤੇਜੀ ਨਾਲ ਚੱਲ ਰਿਹਾ ਹੈ ਅਤੇ ਸ਼ਹਿਰ ਵਿੱਚ ਪਿਛਲੇ ਕਾਫੀ ਸਾਲਾਂ ਤੋਂ ਜੋ ਪਾਣੀ ਦੇ ਨਿਕਾਸੀ ਦੀ ਸਮੱਸਿਆ ਸੀ ਉਹ ਜਲਦ ਖਤਮ ਹੋ ਜਾਵੇਗੀ। ਸ਼ਹਿਰ ਵਾਸੀਆਂ ਨਾਲ ਵੀ ਗੱਲਬਾਤ ਕੀਤੀ ਗਈ ਉਨ੍ਹਾਂ ਨੇ ਜੀਤ ਲਾਲ ਭੱਟੀ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਨ੍ਹਾਂ ਵੱਲੋਂ ਸਾਡੀ ਮੰਗ ਨੂੰ ਪੂਰਾ ਕੀਤਾ ਗਿਆ ਤੇ ਨਾਲ ਹੀ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਪੰਜਾਬ ਸਰਕਾਰ ਦੇ ਕੰਮਾਂ ਤੋਂ ਕਾਫੀ ਖੁਸ਼ ਹਾਂ।

## ਪ੍ਰਿਥਵੀ ਵੈੱਲਫੇਅਰ ਸੋਸਾਇਟੀ ਤੇ ਦ ਇੰਪੀਰੀਅਲ ਸਕੂਲ ਨੇ ਮਨਾਇਆ ਰਾਸ਼ਟਰੀ ਖੇਡ ਦਿਵਸ




**ਆਦਮਪੁਰ (ਪਰਮਜੀਤ ਸਿੰਘ)**:— ਹਾਕੀ ਦੇ ਜਾਦੂਗਰ, ਮੇਜਰ ਧਿਆਨ ਚੰਦ ਦੇ ਜਨਮ ਦਿਨ ਨੂੰ ਸਮਰਪਿਤ 12ਵਾਂ ਰਾਸ਼ਟਰੀ ਖੇਡ ਦਿਵਸ ਦ ਇੰਪੀਰੀਅਲ ਸਕੂਲ ਅਤੇ ਪ੍ਰਿਥਵੀ ਵੈਲਫੇਅਰ ਸੋਸਾਇਟੀ ਵੱਲੋਂ ਸਾਂਝੇ ਤੌਰ 'ਤੇ ਮਨਾਇਆ ਗਿਆ । ਮੁੱਖ ਮਹਿਮਾਨ ਵਜੋਂ ਪਦਮਸ੍ਰੀ ਅਤੇ ਅਰਜੁਨ ਐਵਾਰਡ ਨਾਲ ਸਨਮਾਨਿਤ ਪ੍ਰੇਮ ਚੰਦ ਡੋਗਰਾ ਅਤੇ ਹਾਕੀ ਦੀ ਮਸ਼ਹੂਰ ਖਿਡਾਰੀ ਅਤੇ ਏਸ਼ੀਅਨ ਗੋਲਡ ਮੈਡਲ ਵਿਜੇਤਾ ਸ੍ਰੀਮਤੀ ਸਰੋਜ ਬਾਲਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ । ਸ੍ਰੀਮਤੀ ਬਲਵਿੰਦਰ ਪਾਲ ਕੌਰ ਢਿੱਲੋਂ ( ਪੀ ਪੀ ਆਈ ) ਸ.ਸ.ਸ. ਸਕੂਲ ( ਲੜਕੀਆਂ ) ਭੋਗਪੁਰ ; ਸ੍ਰੀਮਤੀ ਸੋਨੀਆ ( ਲੈਕਚਰਾਰ ) ਸ. ਸ. ਸ. ਸਕੂਲ ਮਸਾਣੀਆਂ ; ਸ੍ਰੀਮਤੀ ਪਵਨ ( ਲੈਕਚਰਾਰ ) ਸ.ਸ.ਸ. ਸਕੂਲ ( ਲੜਕੀਆਂ ) ਖੁਰਦਪੁਰ ; ਕੋਚ ਭਗਵੰਤ ਸਿੰਘ ( ਐਨ ਆਈ ਐਸ : ਪਟਿਆਲਾ) ; ਹਰਦੀਪ ਕੁਮਾਰ ( ਡੀ ਪੀ ਈ ) ਸ. ਹਾਈ ਸਕੂਲ ਮੇਘੋਵਾਲ ; ਗੁਰਿੰਦਰ ਕੁਮਾਰ (ਲੈਕਚਰਾਰ ), ਸ. ਸ. ਸਕੂਲ, ਪੰਡੋਰੀ ਨਿਝਰਾਂ ; ਨਰਿੰਦਰਪਾਲ ਸਿੰਘ ( ਚੀਫ ਕੋਚ : ਸ੍ਰੀ ਗੁਰੂ ਹਰਿਗੋਬਿੰਦ ਸਿੰਘ ਸਾਹਿਬ ਖੇਡ ਅਕੈਡਮੀ, ਪਿੰਡ ਡੱਲੀ ) ; ਬ੍ਰਿਜ ਲਾਲ ( ਲੈਕਚਰਾਰ ) ਸ. ਸ. ਸ. ਸਕੂਲ ਬਿਨਪਾਲਕੇ ; ਗੁਰਚਰਨ ਸਿੰਘ ( ਡੀ ਪੀ ਈ ) ਸ. ਸ. ਸ. ਸਕੂਲ, ਕੰਦੋਲਾ; ਹੀਰਾ ਸਿੰਘ ਜੀ ( ਸਾਬਕਾ ਇੰਸਪੈਕਟਰ : ਸੀ ਆਈ ਐਸ ਐਫ , ਫੁਟਬਾਲ ਕੋਚ ) ; ਖੇਡ ਪ੍ਰੇਮੀ ਸ. ਕੁਲਦੀਪ ਸਿੰਘ ਚਾਹਲ ; ਸ. ਸਰਵਨ ਸਿੰਘ ( ਕਬੱਡੀ : ਕਿੰਗਰਾ ਚੋਵਾਲਾ , ਭੋਗਪੁਰ ) ਵੀ ਇਸ ਮੌਕੇ ਪੁੱਜੇ । ਸੰਸਥਾ ਦੇ ਪ੍ਰਧਾਨ ਹਰਿੰਦਰ ਸਿੰਘ ਅਤੇ ਸਕੂਲ ਦੇ ਚੇਅਰਮੈਨ ਜਗਦੀਸ਼ ਨੇ ਸਮੂਹ ਖੇਡ ਹਸਤੀਆਂ ਅਤੇ ਖੇਡ ਗੁਰੂਆਂ ਨੂੰ ਸਨਮਾਨ ਚਿੰਨ੍ਹ ਭੇਂਟ ਕੀਤੇ । ਵਿਦਿਆਰਥੀਆਂ ਵੱਲੋਂ ਦੇਸ਼ ਪ੍ਰੇਮ ਅਤੇ ਸੱਭਿਆਚਾਰਕ ਗੀਤ ਅਤੇ ਭੰਗੜਾ ਪੇਸ਼ ਕੀਤੇ ਗਏ ।

ਮੁੱਖ ਮਹਿਮਾਨ, ਖੇਡ ਗੁਰੂਆਂ , ਪ੍ਰਬੰਧਕਾਂ ਤੇ ਸਕੂਲ ਸਟਾਫ ਵੱਲੋਂ ਮਿਲ ਕੇ ਭਾਰਤੀ ਹਾਕੀ ਦੇ ਬਣੇ ਫਿਲਮੀ ਗੀਤ , " ਚੱਕ ਦੇ ਇੰਡਿਆ" 'ਤੇ ਭੰਗੜਾ ਪਾਇਆ

31-Aug-PAGE- 9.qxd 8/30/2023 11:01 PM Page 1



# ਰਿਸ਼ਵਤ ਲੈਂਦਾ ਥਾਣਾ ਦਸੂਹਾ ਦਾ ਐੱਸ ਐੱਚ ਓ ਤੇ ਡਰਾਈਵਰ ਕਾਬੂ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**-ਪੰਜਾਬ ਵਿਜੀਲੈਂਸ ਬਿਊਰੋ ਨੇ ਥਾਣਾ ਦਸੂਹਾ ਦੇ ਐਸ.ਐਚ.ਓ. ਬਲਵਿੰਦਰ ਸਿੰਘ (ਇੰਸਪੈਕਟਰ) ਅਤੇ ਉਸਦੇ ਡਰਾਈਵਰ ਏ.ਐਸ.ਆਈ. ਯੋਗਰਾਜ ਨੂੰ 20,000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕੀਤਾ ਹੈ। ਇਸੇ ਦੌਰਾਨ ਵਿਜੀਲੈਂਸ ਨੇ ਉਕਤ ਐਸ.ਐਚ.ਓ. ਦੇ ਘਰ ਦੀ ਤਲਾਸ਼ੀ ਦੌਰਾਨ 60,000 ਰੁਪਏ ਵੀ ਬਰਾਮਦ ਕੀਤੇ ਹਨ। ਵਿਜੀਲੈਂਸ ਵੱਲੋਂ ਇਹਨਾਂ ਮੁਲਜਮਾਂ ਨੂੰ ਬਲਵਿੰਦਰ ਸਿੰਘ ਵਾਸੀ ਪਿੰਡ ਸੈਦੋਵਾਲ ਕਲਾਂ ਜ਼ਿਲ੍ਹਾ ਗੁਰਦਾਸਪੁਰ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਬਲਵਿੰਦਰ ਸਿੰਘ ਨੇ ਸ਼ਿਕਾਇਤ ਦਰਜ ਕਰਵਾਈ ਕਿ ਉਸ ਦੇ ਭਰਾ ਲਖਵਿੰਦਰ ਸਿੰਘ ਅਤੇ ਉਸ ਦੇ ਤਾਏ ਦੇ ਮੁੰਡੇ ਗੁਰਨਾਮ ਸਿੰਘ ਵਿਰੁੱਧ ਥਾਣਾ ਦਸੂਹਾ ਵਿਖੇ 08-07-2023 ਨੂੰ ਆਈ.ਪੀ.ਸੀ ਦੀ ਧਾਰਾ 324, 506 ਅਤੇ 34 ਤਹਿਤ ਦਰਜ ਐਫ.ਆਈ.ਆਰ. ਨੰਬਰ 126 ਵਿੱਚ ਧਾਰਾ 326 ਨਾ ਜੋੜਨ ਬਦਲੇ ਮੁਲਜਮ ਇੰਸਪੈਕਟਰ ਨੇ ਇੱਕ ਲੱਖ ਰੁਪਏ ਰਿਸਵਤ ਮੰਗੀ ਸੀ ਅਤੇ ਸੌਦਾ 50,000 ਰੁਪਏ ਵਿਚ ਤੈਅ ਹੋਇਆ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਮੁਲਜਮ ਐਸ.ਐਚ.ਓ. ਪਹਿਲਾਂ ਹੀ ਉਸ ਕੋਲੋਂ 20 ਹਜਾਰ ਰੁਪਏ ਲੈ ਚੁੱਕਾ ਹੈ ਅਤੇ ਬਕਾਇਆ ਰਿਸ਼ਵਤ ਮੰਗ ਰਿਹਾ ਸੀ।

ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਮੁੱਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਯੂਨਿਟ ਹੁਸ਼ਿਆਰਪੁਰ ਦੀ ਟੀਮ ਨੇ ਟਰੈਪ ਲਗਾ ਕੇ ਐਸ.ਐਚ.ਓ. ਬਲਵਿੰਦਰ ਸਿੰਘ ਅਤੇ ਉਸਦੇ ਡਰਾਈਵਰ ਯੋਗਰਾਜ ਨੂੰ ਸਰਕਾਰੀ ਗਵਾਹਾਂ ਦੀ ਹਾਜਰੀ ਵਿੱਚ ਸ਼ਿਕਾਇਤ ਕਰਤਾ ਤੋਂ 20,000 ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕਰ ਲਿਆ ਹੈ। ਇਸ ਸਬੰਧੀ ਮੁਲਜ਼ਮ ਐਸ.ਐਚ.ਓ. ਅਤੇ ਉਸ ਦੇ ਡਰਾਈਵਰ ਖਿਲਾਫ਼ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 7 ਅਧੀਨ ਥਾਣਾ ਵਿਜੀਲੈਂਸ ਬਿਊਰੋ, ਜਲੰਧਰ ਰੇਂਜ ਵਿਖੇ ਮਿਤੀ 29-08-2023 ਨੂੰ ਐਫ.ਆਈ.ਆਰ. ਨੰ. 21 ਦਰਜ ਕੀਤੀ ਗਈ ਹੈ।

# 3 ਤੋਂ 10 ਸਤੰਬਰ ਤੱਕ ਹੋਣ ਵਾਲੇ ਖੇਡ ਮੇਲਿਆਂ ਦੀਆਂ ਤਿਆਰੀਆਂ ਮੁਕੰਮਲ : ਐੱਸ ਡੀ ਐੱਮ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਉਂਕਾਰ ਸਿੰਘ)**- ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਮਾਨ ਸਰਕਾਰ ਹਰ ਸੰਭਵ ਉਪਰਾਲੇ ਕਰ ਰਹੀ ਹੈ ਅਤੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਵੱਖ-ਵੱਖ ਖੇਡਾਂ ਦੇ ਮੇਲਿਆਂ ਦਾ ਆਯੋਜਨ ਕਰ ਰਹੀ ਹੈ। ਇਸੇ ਕੜੀ ਤਹਿਤ ਤਹਿਸੀਲ ਦਸੂਹਾ ਵਿਖੇ 3 ਸਿਤੰਬਰ ਤੋਂ 10 ਸਤੰਬਰ ਤੱਕ ਚੱਲਣ ਵਾਲੇ ਖੇਡ ਮੇਲਿਆਂ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਅੱਜ ਸਭ ਤਹਿਸੀਲ ਟਾਂਡਾ ਵਿਖੇ ਦਸੂਹਾ ਦੇ ਐਸ.ਡੀ.ਐਮ ਪ੍ਰਦੀਪ ਸਿੰਘ ਬੈਂਸ ਦੀ ਅਗਵਾਈ ਵਿੱਚ ਇੱਕ ਵਿਸੇਸ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਨਾਇਬ ਤਹਿਸੀਲਦਾਰ ਗੁਰਪ੍ਰੀਤ ਸਿੰਘ ਟਾਂਡਾ, ਬੀ.ਡੀ.ਪੀ.ਓ ਮੈਡਮ ਧਾਰਾ ਕੱਕੜ, ਸਰਕਾਰੀ ਕਾਲਜ ਟਾਂਡਾ ਪ੍ਰਿੰਸੀਪਲ ਡਾ. ਸਸੀ ਬਾਲਾ, ਸੰਜੀਵ ਕੁਮਾਰ, ਕੋਚ ਕੁਲਵੰਤ ਸਿੰਘ, ਗੀਡਰ ਰਾਜੇਸ ਕੁਮਾਰ ਤੋਂ ਇਲਾਵਾ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜਰ ਸਨ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਐੱਸ.ਡੀ.ਐਮ ਪ੍ਰਦੀਪ ਸਿੰਘ ਨੇ ਕਿਹਾ ਕਿ ਨੌਜਵਾਨ ਪੀੜੀ ਨੂੰ ਨਸ਼ਿਆਂ ਜਿਹੀਆਂ ਅਲਾਮਤਾਂ ਤੋਂ ਦੂਰ ਕਰਕੇ ਖੇਡਾਂ ਨਾਲ ਜੋੜਨ ਲਈ ਪੰਜਾਬ ਸਰਕਾਰ ਦੇ ਸੁਪਨਿਆਂ ਨੂੰ ਪੂਰਾ ਕਰਨਾ ਹਰ ਸਰਕਾਰੀ ਮੁਲਾਜਮ ਦਾ ਫਰਜ ਬਣਦਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਚਲਾਏ ਗਏ ਖੇਡ ਮੇਲਿਆਂ ਦੀ ਕੜੀ ਤਹਿਤ 3 ਸਤੰਬਰ ਤੋਂ 5 ਸਤੰਬਰ ਤੱਕ ਗਿਆਨੀ ਕਰਤਾਰ ਸਿੰਘ ਮੈਮੋਰੀਅਲ ਸਰਕਾਰੀ ਕਾਲਜ ਟਾਂਡਾ ਅਤੇ 8 ਸਤੰਬਰ ਤੋਂ 10 ਸਤੰਬਰ ਤੱਕ ਆਰਮੀ ਗਰਾਉਂਡ ਦਸੂਹਾ ਤੇ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਗੜ੍ਹਦੀਵਾਲ ਵਿਖੇ ਖੇਡ ਮੇਲੇ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਖੇਡ ਮੇਲਿਆਂ ਵਿਚ ਇਥੈਲੈਟਿਕ, ਖੋ-ਖੋ, ਵਾਲੀਬਾਲ, ਰੱਸਾ ਕੱਸੀ, ਕਬੱਡੀ ਅਤੇ ਫੁੱਟਬਾਲ ਦੇ ਟੂਰਨਾਮੈਂਟ ਕਰਵਾਏ ਜਾ ਰਹੇ ਹਨ, ਜਿਸ ਵਿੱਚ ਵਧੀਆ ਪ੍ਰਦਰਸਨ ਕਰਨ ਵਾਲੇ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਖੇਡ ਮੇਲਿਆਂ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਨੌਜਵਾਨਾਂ ਨੂੰ ਪੁਰਜੋਰ ਅਪੀਲ ਕੀਤੀ ਕਿ ਉਹ ਆਪਣੀ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਵੱਧ ਚੜ ਕੇ ਭਾਗ ਲੈਣ ਇਸ ਨਾਲ ਜਿੱਥੇ ਸਰੀਰ ਤੰਦਰੁਸਤ ਰਹਿੰਦਾ ਹੈ, ਉੱਥੇ ਖਿਡਾਰੀ ਖੇਡਾਂ ਵਿੱਚ ਮੱਲਾਂ ਮਾਰ ਕੇ ਆਪਣੇ ਸਕੂਲ ਤੇ ਮਾਤਾ ਪਿਤਾ ਦਾ ਨਾਂ ਵੀ ਰੋਸਨ ਕਰਦੇ ਹਨ।

# ਮੁਲਾਜ਼ਮ ਜਥੇਬੰਦੀ ਨੂੰ ਸ਼ੌਕ ਨਹੀਂ ਹੈ ਧਰਨੇ ਮੁਜ਼ਾਹਰੇ ਕਰਨ ਦਾ : ਗੌਰਮਿੰਟ ਟੀਚਰਜ਼ ਯੂਨੀਅਨ

**ਫਿਲੌਰ- ( ਨਿਰਮਲ )** ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਨੇ ਸੰਵਿਧਾਨ ਦੇ ਦਾਇਰੇ ਵਿੱਚ ਰਹਿ ਕੇ ਆਪਣੀਆਂ ਜਾਇਜ ਮੰਗਾਂ ਲਈ ਸੰਘਰਸ਼ ਕਰ ਰਹੇ ਕਾਨੂੰਗੋ ਅਤੇ ਪਟਵਾਰੀਆਂ ਪ੍ਰਤੀ ਸੂਬੇ ਮੁੱਖ ਮੰਤਰੀ ਭਗਵੰਤ ਮਾਨ ਦੀ ਧਮਕੀ ਭਰੀ ਟਿੱਪਣੀ ਦਾ ਸਖਤ ਵਿਰੋਧ ਕੀਤਾ ਹੈ । ਇਸ ਸਬੰਧੀ ਜਥੇਬੰਦੀ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ , ਸੂਬਾ ਜਨਰਲ ਸਕੱਤਰ ਗੁਰਬਿੰਦਰ ਸਿੰਘ ਦੇ ਬਿਆਨ ਨੂੰ ਜਾਰੀ ਕਰਦਿਆਂ ਸੂਬਾਈ ਪ੍ਰੈਸ ਸਕੱਤਰ ਸੁਰਜੀਤ ਸਿੰਘ ਮੋਹਾਲੀ ਕਰਨੈਲ ਫਿਲੌਰ ਆਦਿ ਆਗੂਆਂ ਨੇ ਕਿਹਾ ਹੈ ਕਿ ਸੰਘਰਸ਼ੀ ਮੁਲਾਜਮਾਂ ਦੀਆਂ ਕਲਮਾਂ ਖੋਹਣ ਦਾ ਧਮਕੀ ਭਰਿਆ ਬਿਆਨ ਮੰਦਭਾਗਾ ਹੈ ਤੇ ਸੰਵਿਧਾਨਕ ਅਹੁਦੇ ਤੇ ਰਹਿੰਦਿਆਂ ਅਜਿਹੇ ਗੈਰ ਸੰਵਿਧਾਨਕ ਧਮਕੀ ਭਰੇ ਬਿਆਨ ਦੇਣੇ ਇੱਕ ਸੂਬੇ ਦੇ ਮੁੱਖ ਮੰਤਰੀ ਨੂੰ ਸ਼ੋਭਾ ਨਹੀਂ ਦਿੰਦੇ। ਉਨ੍ਹਾਂ ਕਿਹਾ ਕਿ ਇੱਕ ਪਾਸੇ ਤਾਂ ਲੋਕਾਂ ਵਿੱਚ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਆਮ ਆਦਮੀ ਪਾਰਟੀ ਦਾ ਜਨਮ ਅੰਦੋਲਨ ਵਿੱਚੋਂ ਹੋਇਆ ਹੈ ਤੇ ਦੂਸਰੇ ਪਾਸੇ ਅੰਦੋਲਨ ਕਰਨ ਵਾਲਿਆਂ ਦੇ ਅੰਦੋਲਨ ਨੂੰ ਦਬਾਉਣ ਲਈ ਤਾਨਾਸ਼ਾਹੀ ਤਰੀਕੇ ਵਰਤਣਾ ਵੀ ਅੰਦੋਲਨਕਾਰੀਆਂ ਦੇ ਸੰਵਿਧਾਨਕ ਹੱਕਾਂ ਦੀ ਉਲੰਘਣਾ ਹੈ। ਆਗੂਆਂ ਨੇ ਕਿਹਾ ਕਿ ਕਿਸੇ



ਮੁਲਾਜਮ ਜਥੇਬੰਦੀ ਨੂੰ ਸ਼ੌਕ ਨਹੀਂ ਹੈ ਧਰਨੇ ਮੁਜਾਹਰੇ ਕਰਨ ਦਾ, ਜਦਕਿ ਪੰਜਾਬ ਦੀ ਸਰਕਾਰ ਨੇ ਮੁਲਾਜਮਾਂ ਵਿਰੋਧੀ ਨੀਤੀ 'ਤੇ ਚੱਲਦਿਆਂ ਉਹਨਾਂ ਦੇ 37 ਤਰ੍ਹਾਂ ਦੇ ਭੱਤੇ ਕੱਟੇ ਤੇ ਲੰਗੜਾ ਪੇ ਕਮਿਸ਼ਨ ਲਾਗੂ ਕੀਤਾ ਅਤੇ ਡੀ ਏ ਦੇ ਬਕਾਏ ਸਾਲਾਂ ਤੋਂ ਰੋਕੇ ਹੋਏ ਹਨ, ਕੱਚੇ ਮੁਲਾਜਮਾਂ ਨੂੰ ਵਾਅਦਾ ਕਰਕੇ ਪੱਕੇ ਨਹੀਂ ਕੀਤਾ ਜਾ ਰਿਹਾ ਤੇ ਪੁਰਾਣੀ ਪੈਨਸ਼ਨ ਐਲਾਨ ਕਰਨ ਤੋਂ ਬਾਅਦ ਵੀ ਲਾਗੂ ਨਹੀਂ ਕੀਤੀ ਜਾ ਰਹੀ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਪਹਿਲਾਂ ਦੀਆਂ ਸਰਕਾਰਾਂ ਨੇ ਵੀ ਅੰਦੋਲਨਕਾਰੀ ਮੁਲਾਜਮਾਂ ਤੇ ਆਮ ਲੋਕਾਂ ਦੇ ਅੰਦੋਲਨਾਂ ਨੂੰ ਕੁਚਲਣ ਲਈ ਬਹੁਤ ਕਾਲੇ ਕਨੂੰਨ ਲਿਆਂਦੇ ਸਨ ਪਰ ਲੋਕਾਂ ਅੱਗੇ ਨਾ ਉਹ ਕਨੂੰਨ ਟਿਕ ਸਕੇ ਤੇ ਨਾ ਹੀ ਉਹ ਸਰਕਾਰਾਂ ਰਹੀਆਂ। ਪੰਜਾਬ ਸਰਕਾਰ ਨੂੰ ਅੰਦੋਲਨਕਾਰੀ ਮੁਲਾਜਮਾਂ ਦੀਆਂ ਮੰਗਾਂ 'ਤੇ ਹਮਦਰਦੀ ਨਾਲ ਵਿਚਾਰ ਕਰਕੇ ਉਹਨਾਂ ਦਾ ਨਿਪਟਾਰਾ ਗੱਲਬਾਤ ਰਾਹੀਂ ਕਰਨਾ ਚਾਹੀਦਾ ਹੈ । ਇਸ ਸਮੇਂ ਤੀਰਥ ਸਿੰਘ ਬਾਸੀ, ਕੁਲਦੀਪ ਸਿੰਘ ਦੌੜਕਾ, ਮੰਗਲ ਟਾਂਡਾ, ਮਨੋਹਰ ਲਾਲ ਸ਼ਰਮਾ, ਗੁਰਦੀਪ ਬਾਜਵਾ,ਬਲਵਿੰਦਰ ਸਿੰਘ ਭੁੱਟੋ, ਕੁਲਦੀਪ ਸਿੰਘ ਪੂਰੋਵਾਲ, ਗੁਰਪ੍ਰੀਤ ਅੰਮੀਵਾਲ਼, ਜੱਜਪਾਲ ਬਾਜੇਕੇ, ਹਰਿੰਦਰ ਬਰਨਾਲਾ, ਗੁਰਦਾਸ ਮਾਨਸਾ, ਸੁਭਾਸ਼ ਪਠਾਨਕੋਟ, ਸੁਖਚੈਨ ਕਪੂਰਥਲਾ, ਬੋਧ ਰਾਜ, ਪ੍ਰਭਜੀਤ ਸਿੰਘ ਰਸੂਲਪੁਰ, ਦੇਵੀ ਦਿਆਲ, ਸਤਵੰਤ ਸਿੰਘ, ਪ੍ਰਸ਼ਪਿੰਦਰ ਹਰਪਾਲਪੁਰ, ਜਗਜੀਤ ਸਿੰਘ ਮਾਨ, ਸੁੱਚਾ ਸਿੰਘ, ਪਰਮਜੀਤ ਸਿੰਘ ਸ਼ੋਰੇਵਾਲ, ਦਿਲਦਾਰ ਸਿੰਘ ਭੰਡਾਲ਼, ਮਨਜੀਤ ਬਰਾੜ, ਸਰਬਜੀਤ ਬਰਾੜ, ਰਵਿੰਦਰ ਸਿੰਘ ਪੱਪੀ, ਨਰਿੰਦਰ ਸਿੰਘ, ਦਿਲਬਾਗ ਸਿੰਘ ਆਦਿ ਹਾਜਰ ਸਨ।

# ਸ ਸ ਸ ਸਕੂਲ ਘੰਟਾ ਘਰ ਵਿਖੇ ਨੇਤਰ ਦਾਨ ਵਿਸ਼ੇ 'ਤੇ ਸੈਮੀਨਾਰ ਅਤੇ ਪੋਸਟਰ ਮੁਕਾਬਲੇ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਨੇਤਰਦਾਨ ਐਸੋਸੀਏਸਨ ਹੁਸ਼ਿਆਰਪੁਰ ਰਜਿ: ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘੰਟਾ ਘਰ ਵਿਖੇ ਨੇਤਰਦਾਨ ਵਿਸੇ ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਅਤੇ ਪੋਸਟਰ ਮੁਕਾਬਲੇ ਕਰਵਾਏ ਗਏ। ਇਸ ਸੈਮੀਨਾਰ ਵਿੱਚ ਸੰਸਥਾ ਦੇ ਪ੍ਰਧਾਨ ਸ੍ਰੀ ਸੁਰੇਸ ਕਪਾਟੀਆ ਵੱਲੋਂ ਸੰਸਥਾ ਦੀਆਂ ਗਤੀਵਿਧੀਆਂ ਤੇ ਹੁਣ ਤੱਕ ਦੀਆਂ ਪ੍ਰਾਪਤੀਆਂ ਬਾਰੇ ਤਫਸੀਲ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਡਾ: ਗੁਰਬਖਸ ਸਿੰਘ ਸੀਨੀਅਰ ਮੀਤ ਪ੍ਰਧਾਨ ਵੱਲੋਂ ਨੇਤਰਦਾਨ ਕਰਨ ਦੀ ਪੂਰੀ ਪ੍ਰਕਿਰਿਆ ਅਤੇ ਧਿਆਨ ਰੱਖਣ ਯੋਗ ਸਾਵਧਾਨੀਆਂ ਬਾਰੇ ਮੁਕੰਮਲ ਜਾਣਕਾਰੀ ਦਿੱਤੀ। ਸੈਮੀਨਾਰ ਦੌਰਾਨ ਇੰਜੀ: ਬਲਜੀਤ ਸਿੰਘ ਪਨੇਸਰ ਵੱਲੋਂ ਪੁੱਤਲੀ ਦੀ ਹਿਫਾਜਤ ਲਈ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਜਾਣਕਾਰੀ ਦਿੱਤੀ ਗਈ। ਸ: ਹਰਭਜਨ ਸਿੰਘ ਵੱਲੋਂ ਨੇਤਰਾਂ ਦੀ ਬਣਤਰ ਸਬੰਧੀ ਤਕਨੀਕੀ ਜਾਣਕਾਰੀ ਦਿੱਤੀ। ਸੈਮੀਨਾਰ ਦੌਰਾਨ ਸਕੂਲ ਦੇ ਪ੍ਰਿੰਸੀਪਲ ਸ੍ਰੀ ਕਰਮ ਸਰਮਾ ਵੱਲੋਂ ਨੇਤਰਦਾਨ ਸਬੰਧੀ ਆਪਣੇ ਵਿਚਾਰ ਰੱਖੇ ਅਤੇ ਸੰਸਥਾ ਵਿਖੇ ਸੈਮੀਨਾਰ ਕਰਾਉਣ ਲਈ ਨੇਤਰਦਾਨ ਸੰਸਥਾ ਦਾ ਧੰਨਵਾਦ ਕੀਤਾ ।

ਸੈਮੀਨਾਰ ਵਿੱਚ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ ਵੱਲੋਂ ਨੇਤਰਦਾਨ ਅਤੇ ਖੂਨ ਦਾਨ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਵੀ ਖੂਨਦਾਨੀ ਹਨ ਅਤੇ ਹੁਣ ਤੱਕ 65 ਵਾਰ ਖੂਨਦਾਨ ਕਰ ਚੁੱਕੇ ਹਨ। ਇਸ ਮੌਕੇ ਸ੍ਰੀਮਤੀ ਸੰਤੋਸ ਸੈਣੀ ਵੱਲੋਂ ਧੰਨਵਾਦ ਕਰਦੇ ਹੋਏ ਦੱਸਿਆ ਕਿ ਮਿਤੀ 25 ਅਗਸਤ 2023 ਤੋਂ 08 ਸਤੰਬਰ 2023 ਤੱਕ ਨੇਤਰਦਾਨ ਜਾਗਰੂਕਤਾ ਪੰਦਰਵਾੜਾ ਮਨਾਇਆ ਜਾਵੇਗਾ।

ਇਸ ਪੰਦਰਵਾੜੇ ਦਾ ਸਮਾਪਤੀ ਸਮਾਰੋਹ 09 ਸਤੰਬਰ 2023 ਨੂੰ ਮਾਡਲ ਟਾਉਨ ਕਲੱਬ ਹੁਸ਼ਿਆਰਪੁਰ ਵਿਖੇ ਹੋਵੇਗਾ। ਇਸ ਸੈਮੀਨਾਰ ਵਿੱਚ ਇੰਜੀ: ਹੁਸਨ ਲਾਲ, ਸ੍ਰੀਮਤੀ ਸੀਮਾ ਸੈਣੀ ਵਾਈਸ ਪ੍ਰਿੰਸੀਪਲ, ਸ: ਹਰਕਮਲ ਸਿੰਘ ਟੀਚਰ ਅਤੇ ਮਨਜੀਤ ਜੰਡਾਂ ਹਾਜਰ ਸਨ।

# ਪਿੰਡ ਮੌਜੋਮਜਾਰਾ ਠੱਕਰਵਾਲ 'ਚ ਸਮਾਗਮ ਦੌਰਾਨ ਮੁਫਤ ਮੈਡੀਕਲ ਕੈਂਪ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਮੌਜੋਮਜਾਰਾ ਠੱਕਰਵਾਲ ਵਿਖੇ ਡੇਰਾ ਸੰਤਪੁਰੀ ਬ੍ਰਹਮ ਗਿਆਨੀ 108 ਸੰਤ ਬਾਬਾ ਦੂਲਾ ਸਿੰਘ ਦੇ ਤਪ ਅਸਥਾਨ 'ਤੇ ਸਮੂਹ ਨਗਰ ਨਿਵਾਸੀਆਂ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਡੇਰੇ ਵੱਲੋਂ ਸਰਬੱਤ ਦੇ ਭਲੇ ਲਈ ਮਹਾਨ ਗੁਰਮਤਿ ਸਮਾਗਮ ਦੌਰਾਨ ਮੁਫਤ ਮੈਡੀਕਲ ਕੈਂਪ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ ਪ੍ਰਧਾਨ ਨਿਰਮਲਾ ਸੰਤ ਮੰਡਲ ਪੰਜਾਬ ਦੀ ਅਗਵਾਈ ਹੇਠ ਲਗਾਇਆ ਗਿਆ। ਇਸ ਮੌਕੇ ਬਾਬਾ ਸਰਬਜੀਤ ਸਿੰਘ ਸਾਬੀ, ਬਾਬਾ ਗੁਰਪ੍ਰੀਤ ਸਿੰਘ ਗੋਪੀ ਨੇ ਦੱਸਿਆ ਕਿ 3 ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਸੰਤ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ ਪ੍ਰਧਾਨ ਨਿਰਮਲਾ ਸੰਤ ਮੰਡਲ ਪੰਜਾਬ, ਸੰਤ ਬਾਬਾ ਜਸਵੰਤ ਸਿੰਘ ਖੇੜਾ ਠੱਕਰਵਾਲ, ਭਾਈ ਰਣਵੀਰ ਸਿੰਘ, ਭਾਈ ਸਤਨਾਮ ਸਿੰਘ ਸਹਿਗਲ ਆਦਿ ਨੇ ਗੁਰਬਾਣੀ ਗੁਰਇਤਿਹਾਸ, ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ । ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਏ ਪੀ ਐਸ ਆਹਲੂਵਾਲੀਆ ਵੱਲੋਂ ਮੁਫਤ ਹੱਡੀਆਂ ਤੇ ਜੋੜਾਂ ਦੇ ਦਰਦਾਂ ਦਾ ਕੈਂਪ ਲਗਾਇਆ ਗਿਆ। ਇਸ ਮੌਕੇ ਸੰਤ ਬਾਬਾ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ ਨੇ ਡਾਕਟਰਾਂ ਦੀ ਟੀਮ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਸਮਾਗਮ ਦੌਰਾਨ ਬੀਬੀ ਬਲਵੀਰ ਕੌਰ, ਗੁਰਪ੍ਰੀਤ ਸਿੰਘ ਗੋਪੀ, ਸਰਬਜੀਤ ਸਿੰਘ ਸਾਬੀ, ਹਰਜੋਤ ਕੌਰ, ਸਤਵੀਰ ਕੌਰ, ਦਰਸ਼ਨ ਸਿੰਘ ਰਾਜਾ, ਮਾਸਟਰ ਜਸਵਿੰਦਰ ਸਿੰਘ, ਸਰਬਜੀਤ ਸਿੰਘ, ਰਣਵੀਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਕੇਂਦਰੀ ਜੇਲ੍ਹ ਦਾ ਕੀਤਾ ਦੌਰਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**—ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਿਲਬਾਗ ਸਿੰਘ ਜੌਹਲ ਨੇ ਕੇਂਦਰੀ ਜੇਲ੍ਹ ਹੁਸ਼ਿਆਰਪੁਰ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਦੇ ਨਾਲ ਸੀਜੇਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਅਪਰਾਜਿਤਾ ਜੋਸ਼ੀ ਵੀ ਮੌਜੂਦ ਸਨ। ਕੇਂਦਰੀ ਜੇਲ੍ਹ ਵਿੱਚ ਕੌਮੀ ਖੇਡ ਦਿਵਸ ਦੇ ਸਬੰਧ ਵਿੱਚ ਜੇਲ੍ਹ ਦੇ ਕੈਦੀਆਂ ਅਤੇ ਬੰਦੀਆਂ ਦੇ ਕਬੱਡੀ, ਵਾਲੀਬਾਲ ਅਤੇ ਬੈਡਮਿੰਟਨ ਦੇ ਮੈਚ ਕਰਵਾਏ ਗਏ। ਇਨ੍ਹਾਂ ਮੈਚਾਂ ਵਿੱਚ ਕਬੱਡੀ ਵਿੱਚ 40 ਦੇ ਕਰੀਬ, ਵਾਲੀਬਾਲ ਵਿੱਚ 12 ਅਤੇ ਬੈਡਮਿੰਟਨ ਵਿੱਚ 4 ਖਿਡਾਰੀਆਂ ਨੇ ਭਾਗ ਲਿਆ। ਜ਼ਿਲ੍ਹਾ ਤੇ ਸੈਸਨ ਜੱਜ ਨੇ ਦੱਸਿਆ ਕਿ ਇਨ੍ਹਾਂ ਖੇਡ ਮੈਚਾਂ ਨੂੰ ਕਰਵਾਉਣ ਦਾ ਮਕਸਦ ਕੈਦੀਆਂ ਦਾ ਧਿਆਨ ਮਾੜੇ ਕੰਮਾਂ ਤੋਂ ਹਟਾ ਕੇ ਚੰਗੇ ਕੰਮਾਂ ਵੱਲ ਕੇਂਦਰਿਤ ਕਰਨਾ ਹੈ ਤਾਂ ਜੋ ਉਹ ਜੇਲ੍ਹ ਤੋਂ ਬਾਹਰ ਆ ਕੇ ਚੰਗੀ ਜ਼ਿੰਦਗੀ ਬਤੀਤ ਕਰ ਸਕਣ ਅਤੇ ਆਪਣੇ ਪਰਵਾਰ ਦਾ ਚੰਗਾ ਭਵਿੱਖ ਬਣਾ ਸਕਣ । ਉਨ੍ਹਾਂ ਜੇਤੂ ਖਿਡਾਰੀਆਂ ਨੂੰ ਇਨਾਮ ਵੀ ਤਕਸੀਮ ਕੀਤੇ। ਇਸ ਦੌਰਾਨ ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਕੈਦੀਆਂ ਅਤੇ ਬੰਦੀਆਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਗਈਆਂ ਅਤੇ ਬਿਮਾਰ ਕੈਦੀਆਂ ਦੀ ਸਿਹਤ ਸਬੰਧੀ ਜਾਣਕਾਰੀ ਹਾਸਲ ਕੀਤੀ ਗਈ। ਉਨ੍ਹਾਂ ਕੈਦੀਆਂ ਨੂੰ ਦਿੱਤੇ ਜਾਣ ਵਾਲੇ ਖਾਣੇ ਸਬੰਧੀ ਰਸੋਈ ਦਾ ਵੀ ਜਾਇਜ਼ਾ ਲਿਆ। ਇਸ ਮੌਕੇ ਕੇਂਦਰੀ ਜੇਲ੍ਹ ਦੇ ਸੁਪਰਡੈਂਟ ਜੋਗਿੰਦਰ ਪਾਲ, ਡਿਪਟੀ ਸੁਪਰਡੈਂਟ ਅੰਮ੍ਰਿਤਪਾਲ, ਡਿਪਟੀ ਸੁਪਰਡੈਂਟ ਸਤਨਾਮ ਸਿੰਘ ਅਤੇ ਵਾਰੰਟ ਅਫਸਰ ਕੁਲਰਾਜ ਚੰਦ ਵੀ ਹਾਜਰ ਸਨ।

# 17 ਨਵੇਂ ਆਮ ਆਦਮੀ ਕਲੀਨਿਕਾਂ ਦਾ 9032 ਲੋਕਾਂ ਨੇ ਉਠਾਇਆ ਲਾਭ

**ਜਲੰਧਰ (ਸੁਰਿੰਦਰ ਕੁਮਾਰ)**- ਜਲੰਧਰ 'ਚ 55 ਆਮ ਆਦਮੀ ਕਲੀਨਿਕਾਂ ਨੂੰ ਮਿਲੇ ਭਰਵੇਂ ਹੁੰਗਾਰੇ ਨੂੰ ਦੇਖਦਿਆਂ ਸੂਬਾ ਸਰਕਾਰ ਜ਼ਿਲ੍ਹੇ 'ਚ ਲੋਕਾਂ ਦੀਆਂ ਬਰੂਹਾਂ 'ਤੇ ਮੁਫਤ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਅਜਿਹੇ 11 ਹੋਰ ਸਿਹਤ ਕੇਂਦਰ ਖੋਲ੍ਹਣ ਲਈ ਪੂਰੀ ਤਰ੍ਹਾਂ ਤਿਆਰ ਹੈ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਪ੍ਰਧਾਨਗੀ ਹੇਠ ਵੀਡੀਓ ਕਾਨਫਰੰਸਿੰਗ ਰਾਹੀਂ ਹੋਈ ਮੀਟਿੰਗ 'ਚ ਭਾਗ ਲੈਂਦਿਆਂ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ 5ਵੇਂ ਪੜਾਅ 'ਚ 11 ਹੋਰ ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਤ ਕੀਤੇ ਜਾਣਗੇ, ਜਿਸ ਨਾਲ ਜ਼ਿਲ੍ਹੇ 'ਚ ਅਜਿਹੇ ਕਲੀਨਿਕਾਂ ਦੀ ਗਿਣਤੀ 66 ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ 'ਚ 55 ਆਮ ਆਦਮੀ ਕਲੀਨਿਕ ਸਫਲਤਾਪੂਰਵਕ ਕੰਮ ਕਰ ਰਹੇ ਹਨ, ਜਿਨ੍ਹਾਂ ਰਾਹੀਂ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨੇੜੇ ਵਿਸ਼ਵ ਪੱਧਰੀ ਇਲਾਜ ਅਤੇ ਜਾਂਚ ਸਹੂਲਤਾਂ ਮੁਫਤ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਡਿਪਟੀ ਕਮਿਸ਼ਨਰ ਨੇ ਸਿਹਤ ਮੰਤਰੀ ਨੂੰ ਇਹ ਵੀ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਡੇਂਗੂ ਨਾਲ ਨਜਿੱਠਣ ਲਈ 24 ਘੰਟੇ ਕੰਮ ਕਰ ਰਿਹਾ ਹੈ ਅਤੇ ਇਸ ਨੂੰ ਫੈਲਣ ਨੂੰ ਰੋਕਣ ਲਈ ਲਾਰਵਾ ਚੈਕਿੰਗ ਮੁਹਿੰਮ ਪਹਿਲਾਂ ਹੀ ਤੇਜ਼ ਕਰ ਦਿੱਤੀ ਗਈ ਹੈ। । ਉਨ੍ਹਾਂ ਦੱਸਿਆ ਕਿ ਜ਼ਿਆਦਾਤਰ ਘਰਾਂ 'ਚ ਪਹਿਲੀ ਵਾਰ ਲਾਰਵਾ ਮਿਲਿਆ ਸੀ, ਜਿਸ ਲਈ ਉਲੰਘਣਾ ਕਰਨ ਵਾਲਿਆਂ ਨੂੰ ਦੁਬਾਰਾ ਲਾਰਵਾ ਮਿਲਣ 'ਤੇ ਸਖਤ ਕਾਰਵਾਈ ਦੀ ਚਿਤਾਵਨੀ ਦਿੱਤੀ ਗਈ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਡਾ. ਅਮਿਤ ਮਹਾਜਨ, ਸਿਵਲ ਸਰਜਨ ਡਾ. ਰਮਨ ਸ਼ਰਮਾ ਆਦਿ ਵੀ ਮੌਜੂਦ ਸਨ।

# ਕੇ ਐੱਲ ਚਾਂਦ ਟਰੱਸਟ ਨੇ ਲੋੜਵੰਦ ਨੂੰ ਨਕਲੀ ਲੱਤ ਲਗਵਾ ਕੇ ਦਿੱਤਾ ਰੱਖੜੀ ਦਾ ਤੋਹਫ਼ਾ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ )** ਅੰਗਹੀਣਾਂ ਦੀ ਸੇਵਾ ਨੂੰ ਸਮਰਪਿਤ ਕੇ.ਐੱਲ.ਚਾਂਦ ਵੈਲਫੇਅਰ ਟਰੱਸਟ (ਯੂ.ਕੇ.) ਦੀ ਪੰਜਾਬ ਇਕਾਈ ਨੇ ਰੱਖੜ ਪੁੰਨਿਆ ਨੂੰ ਸਮਰਪਿਤ ਪ੍ਰੋਜੈਕਟ ਤਹਿਤ ਸ਼ਿਵਪੁਰੀ ਸ਼ਾਮ ਨਗਰ ਵਿਖੇ ਅਜੇ ਕੁਮਾਰ ਨਾਮ ਦੇ ਲੋੜਵੰਦ ਨੂੰ ਉਸ ਦੀਆਂ ਭੈਣਾਂ ਦੀ ਤਰਫੋਂ ਨਕਲੀ ਲੱਤ ਲਗਵਾ ਕੇ ਰਖੜੀ ਦਾ ਤੋਹਫਾ ਦਿੱਤਾ ਹੈ। ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਚੇਅਰਪਰਸਨ (ਮਾਨਵਤਾਵਾਦੀ) ਲਾਇਨ ਗੁਰਦੀਪ ਸਿੰਘ ਕੰਗ, ਸਮਾਜ ਸੇਵੀ ਤਾਰਾ ਚੰਦ ਚੁੰਬਰ ਅਤੇ ਬਲੱਡ ਬੈਂਕ ਫਗਵਾੜਾ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਨੇ ਟਰੱਸਟ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਲਾਇਨ ਗੁਰਦੀਪ ਸਿੰਘ ਕੰਗ ਨੇ ਕਿਹਾ ਕਿ ਇਹ ਸ਼ਲਾਘਾਯੋਗ ਉਪਰਾਲਾ ਹੈ ਕਿ ਰੱਖੜੀ 'ਤੇ ਇਕ ਭਰਾ ਨੂੰ ਅਜਿਹਾ ਤੋਹਫਾ ਮਿਲਿਆ ਹੈ ਜਿਸ ਨਾਲ ਉਹ ਆਪਣੇ ਪੈਰਾਂ 'ਤੇ ਚੱਲ ਕੇ ਭੈਣਾਂ ਤੋਂ ਰੱਖੜੀ ਬੰਨ੍ਹਵਾਉਣ ਲਈ ਜਾ ਸਕੇਗਾ। ਮਲਕੀਅਤ ਸਿੰਘ ਰਘਬੋਤਰਾ ਅਤੇ ਸਮਾਜ ਸੇਵੀ ਤਾਰਾ ਚੰਦ ਚੁੰਬਰ ਨੇ ਵੀ ਕੇ.ਐਲ. ਚੰਦ ਵੈਲਫੇਅਰ ਟਰੱਸਟ ਵੱਲੋਂ ਅੰਗਹੀਣਾਂ ਦੀ ਕੀਤੀ ਕੀਤੀ ਜਾ ਰਹੀ ਸੇਵਾ ਅਤੇ ਸਹਾਇਤਾ ਨੂੰ ਪ੍ਰੇਰਨਾਦਾਇਕ ਦੱਸਿਆ ਅਤੇ ਕਿਹਾ ਕਿ ਸਾਰੇ ਯੋਗ ਵਿਅਕਤੀਆਂ ਨੂੰ ਆਪੋ-ਆਪਣੀ ਸਮਰਥਾ ਮੁਤਾਬਿਕ ਟਰੱਸਟ ਦਾ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਜੋ ਰਾਜਿੰਦਰ ਕੁਮਾਰ ਬੰਟੀ ਅਤੇ ਉਨ੍ਹਾਂ ਦੀ ਟੀਮ ਲੋਕ ਸੇਵਾ ਦੇ ਇਸ ਨਿਵੇਕਲੇ ਕਾਰਜ ਨੂੰ ਹੋਰ ਵੀ ਤਨਦੇਹੀ ਨਾਲ ਪੂਰਾ ਕਰ ਸਕੇ। ਟਰੱਸਟ ਦੇ ਸੂਬਾ ਕੋਆਰਡੀਨੇਟਰ ਰਾਜਿੰਦਰ ਕੁਮਾਰ ਬੰਟੀ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਅਜੇ ਕੁਮਾਰ ਇੱਕ ਸੜਕ ਹਾਦਸੇ ਵਿੱਚ ਆਪਣੀ ਲੱਤ ਗੁਆ ਚੁੱਕਾ ਸੀ, ਜਿਸ ਕਰਕੇ ਉਸ ਨੂੰ ਤੁਰਨ ਲਈ ਬੈਸਾਖੀਆਂ ਦਾ ਸਹਾਰਾ ਲੈਣਾ ਪੈਂਦਾ ਸੀ। ਪਰਿਵਾਰ ਦੀ ਕਮਜ਼ੋਰ ਆਰਥਿਕ ਹਾਲਤ ਨੂੰ ਦੇਖਦੇ ਹੋਏ ਟਰੱਸਟ ਵੱਲੋਂ ਇਹ ਉਪਰਾਲਾ ਕੀਤਾ ਗਿਆ ਹੈ ਅਤੇ ਘਰੇਲੂ ਰਾਸ਼ਨ ਲਈ ਨਕਦ ਸਹਾਇਤਾ ਵੀ ਦਿੱਤੀ ਗਈ ਹੈ। ਉਨ੍ਹਾਂ ਨੇ ਸਾਰੇ ਪਤਵੰਤੇ ਸੱਜਣਾਂ ਦੇ ਸਹਿਯੋਗ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਅੰਗਹੀਣਾਂ ਦੀ ਮਦਦ ਲਈ ਯਤਨ ਜਾਰੀ ਰੱਖਣ ਦੀ ਗੱਲ ਕਹੀ। ਇਸ ਮੌਕੇ ਟਰੱਸਟ ਦੇ ਸੀਨੀਅਰ ਪ੍ਰਧਾਨ ਸ਼ਿੰਗਾਰਾ ਰਾਮ, ਸਕੱਤਰ ਜਸਵਿੰਦਰ ਸਿੰਘ ਠੇਕੇਦਾਰ ਅਕਾਲਗੜ੍ਹ, ਕੈਸ਼ੀਅਰ ਆਸ਼ਾ ਰਾਣੀ ਚੁੰਬਰ, ਕੈਲਵਿਨ ਚੁੰਬਰ, ਗੁਰਨਾਮ ਪਾਲ ਪ੍ਰਧਾਨ ਗੁਰੂ ਰਵਿਦਾਸ ਮੰਦਰ ਅਕਾਲਗੜ੍ਹ, ਐਡਵੋਕੇਟ ਐੱਸ.ਕੇ. ਅਗਰਵਾਲ, ਚੇਤਨ ਬਾਹੜਮਜਾਰਾ, ਚੰਦਨ ਚੱਕ ਮੰਡੇਰ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

# ਗਾਖਲ-ਸੁਰਜੀਤ ਕੌਮੀ ਖੇਡ ਦਿਵਸ ਹਾਕੀ : ਰੇਲ ਕੋਚ ਫੈਕਟਰੀ ਅਤੇ ਅਲਫ਼ਾ ਹਾਕੀ ਜਲੰਧਰ ਬਣੀਆਂ ਚੈਂਪੀਅਨ



**ਜਲੰਧਰ- (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-:ਲੜਕੀਆਂ ਦੇ ਵਰਗ ਵਿਚ ਤਜ਼ਰਬੇਕਾਰ ਰੇਲ ਕੋਚ ਫੈਕਟਰੀ, ਕਪੂਰਥਲਾ/ ਸੀ.ਆਰ.ਪੀ.ਐੱਫ. ਜਲੰਧਰ ਅਤੇ ਲੜਕਿਆਂ ਦੇ ਵਰਗ ਵਿੱਚ ਨੌਜੁਆਨ ਪਰ ਜਝਾਰੂ ਹਾਕੀ ਜਲੰਧਰ ਦੀਆਂ ਟੀਮਾਂ ਨੇ ਸ਼ਾਨਦਾਰ ਹਾਕੀ ਦਾ ਪ੍ਰਦਰਸ਼ਨ ਕਰਦੇ ਗਾਖਲ-ਸੁਰਜੀਤ ਕੌਮੀ ਖੇਡ ਦਿਵਸ ਹਾਕੀ ਟੂਰਨਾਮੈਂਟ ਜਿੱਤਣ ਦਾ ਮਾਣ ਹਾਸਿਲ ਕੀਤਾ ਹੈ।। ਸਥਾਨਕ ਸੁਰਜੀਤ ਹਾਕੀ ਸਟੇਡੀਅਮ, ਬਲਟਰਨ ਪਾਰਕ ਵਿਖੇ ਖੇਡੇ ਗਏ ਗਾਖਲ ਬ੍ਰਦਰਜ਼ (ਅਮਰੀਕਾ) ਵੱਲੋਂ ਸਪਾਂਸਰ ਕੀਤੇ ਇਸ ਟੂਰਨਾਮੈਂਟ ਦੇ ਫਾਈਨਲ ਵਿੱਚ ਦੇਸ਼ ਦੀਆਂ ਨਾਮੀ ਮਹਿਲਾ ਹਾਕੀ ਟੀਮਾਂ ਸੀ.ਆਰ.ਪੀ.ਐੱਫ. ਜਲੰਧਰ ਅਤੇ ਰੇਲ ਕੋਚ ਫੈਕਟਰੀ ਕਪੂਰਥਲਾ ਦੀਆਂ ਟੀਮਾਂ ਨੇ ਆਪਣੇ ਵਧੀਆ ਖੇਡ ਹੁਨਰ ਅਤੇ ਚੰਗੇ ਤਾਲਮੇਲ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਪਰ ਸਫਲਤਾ ਅਖੀਰ ਰੇਲ ਕੋਚ ਫੈਕਟਰੀ ਨੂੰ ਮਿਲੀ । ਰੇਲ ਕੋਚ ਫੈਕਟਰੀ ਨੇ ਸੀ.ਆਰ.ਪੀ.ਐੱਫ. ਜਲੰਧਰ ਨੂੰ 5-4 ਨਾਲ ਹਰਾਇਆ। ਅੱਧੇ ਸਮੇਂ ਤਕ ਰੇਲ ਕੋਚ ਫੈਕਟਰੀ 1-0 ਨਾਲ ਅੱਗੇ ਖੇਡ ਰਹੀ ਸੀ । ਜੇਤੂ ਰੇਲ ਕੋਚ ਫੈਕਟਰੀ ਲਈ ਐਸ਼ਵਰਿਆ, ਆਰ ਰੇਲਟੇ, ਤਾਨਿਆ ਅਤੇ ਪ੍ਰਿਅੰਕਾ ਨੇ ਗੋਲ ਕੀਤੇ ਜਦਕਿ ਸੀ.ਆਰ.ਪੀ.ਐੱਫ. ਜਲੰਧਰ ਵੱਲੋਂ ਪਿੰਕੀ ਨੇ ਗੋਲ ਕੀਤਾ । ਲੜਕਿਆਂ ਦੇ ਵਰਗ ਵਿੱਚ ਹਾਕੀ ਜਲੰਧਰ ਨੇ ਅਲਫਾ ਹਾਕੀ, ਜਲੰਧਰ ਨੂੰ 4-0 ਨਾਲ ਹਰਾਇਆ। ਹਾਕੀ ਜਲੰਧਰ ਅੱਧੇ ਸਮੇਂ ਤੱਕ 2-0 ਨਾਲ ਅੱਗੇ ਸੀ। ਜੇਤੂਆਂ ਲਈ ਰੋਹਨ ਭੂਸ਼ਨ, ਜੋਬਨ ਪ੍ਰੀਤ ਸਿੰਘ, ਹਰਪ੍ਰੀਤ ਸਿੰਘ ਅਤੇ ਉਤਕਾਸ਼ ਸਿੰਘ ਨੇ ਗੋਲ ਕੀਤੇ। ਇਸ ਤੋਂ ਪਹਿਲਾਂ ਸਵੇਰੇ ਖੇਡੇ ਗਏ ਲੀਗ ਮੈਚਾਂ ਵਿੱਚ ਅਲਫ਼ਾ ਹਾਕੀ ਜਲੰਧਰ ਨੇ ਰਾਊਂਡ ਗਲਾਸ ਜਲੰਧਰ ਨੂੰ 7-5 ਨਾਲ ਜਦਕਿ ਹਾਕੀ ਜਲੰਧਰ ਨੇ ਬਰੇਕੀ ਜਲੰਧਰ ਨੂੰ 5-4 ਨਾਲ ਹਰਾ ਕੇ ਫਾਈਨਲ ਵਿੱਚ ਆਪਣੀ ਥਾਂ ਪੱਕੀ ਕੀਤੀ ਸੀ। ਡਾਕਟਰ ਸੁਨੀਤਾ ਰਿੰਕੂ, ਧਰਮਪਤਨੀ ਸੁਸ਼ੀਲ ਰਿੰਕੂ ਮੈਂਬਰ ਪਾਰਲੀਮੈਂਟ ਜਲੰਧਰ ਨੇ ਲੜਕਿਆਂ ਦੀਆਂ ਟੀਮਾਂ ਨੂੰ ਅਤੇ ਜਸਵਿੰਦਰ ਕੌਰ ਥਿਆੜਾ, ਚੇਅਰਮੈਨ, ਪੰਜਾਬ ਕੰਟੇਨਰ ਅਤੇ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਿਡ ਨੇ ਮਹਿਲਾ ਟੀਮਾਂ ਨੂੰ ਇਨਾਮ ਤਕਸੀਮ ਕੀਤੇ । ਡਾਕਟਰ ਸੁਨੀਤਾ ਰਿੰਕੂ ਨੇ ਮੈਂਬਰ ਪਾਰਲੀਮੈਂਟ ਜਲੰਧਰ ਦੀ ਤਰਫ਼ੋਂ ਸੁਰਜੀਤ ਹਾਕੀ ਸੁਸਾਇਟੀ ਨੂੰ ਆਪਣੇ ਅਖ਼ਤਿਆਰੀ ਫੰਡਾਂ ਵਿਚੋਂ 5.00 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ । ਇਸ ਮੌਕੇ ਉਪਰ ਅੰਮ੍ਰਿਤ ਪਾਲ ਸਿੰਘ, ਚੇਅਰਮੈਨ, ਜ਼ਿਲ੍ਹਾ ਯੋਜਨਾ ਕਮੇਟੀ, ਜਲੰਧਰ, ਨੱਥਾ ਸਿੰਘ ਗਾਖਲ, ਸੁਭਾਸ਼ ਸ਼ਰਮਾ, ਚੈਅਰਮੈਨ ਇੰਪਰੂਵਮੈਂਟ ਟਰੱਸਟ, ਕਰਤਾਰਪੁਰ, ਸੁਰਿੰਦਰ ਸਿੰਘ ਭਾਪਾ, ਰਨਬੀਰ ਸਿੰਘ ਟੁੱਟ, ਰਾਮ ਪ੍ਰਤਾਪ, ਲਖਵਿੰਦਰਪਾਲ ਸਿੰਘ ਖਹਿਰਾ, ਇਕਬਾਲ ਸਿੰਘ ਸੰਧੂ, ਨਰਿੰਦਰ ਪਲ ਸਿੰਘ ਜੱਜ , ਓਲੰਪੀਅਨ ਰਾਜਿੰਦਰ ਸਿੰਘ, ਗੁਰਵਿੰਦਰ ਸਿੰਘ ਗੁੱਲੂ, ਰਮਣੀਕ ਸਿੰਘ ਰੰਧਾਵਾ, ਪ੍ਰਦੀਪ ਕੌਰ, ਵਗੈਰਾ ਹਾਜਰ ਸਨ ।

# ਮਾਲ ਵਿਭਾਗ ਨਾਲ ਸੰਬੰਧਤ ਮੁਸ਼ਕਲਾਂ ਸਬੰਧੀ ਸੁਵਿਧਾ ਕੈਂਪ ਭਲਕੇ



**ਟਾਂਡਾ ਉੜਮੁੜ ( ਓਕਾਰ ਸਿੰਘ, ਜਸਵਿੰਦਰ ਸੰਧੂ)**-ਮਾਲ ਵਿਭਾਗ ਨਾਲ ਸਬੰਧਿਤ ਹਲਕੇ ਦੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਸੁਵਿਧਾ ਕੈਂਪ ਇੱਕ ਸਤੰਬਰ ਨੂੰ ਤਹਿਸੀਲ ਕੰਪਲੈਕਸ ਟਾਂਡਾ ਵਿਖੇ ਲਗਾਇਆ ਜਾਵੇਗਾ। ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਤੇ ਜਸਬੀਰ ਸਿੰਘ ਰਾਜਾ ਦੀ ਅਗਵਾਈ ਵਿੱਚ ਸਵੇਰੇ 9 ਵਜੇ ਤੋਂ 11 ਵਜੇ ਤੱਕ ਲਗਾਏ ਜਾ ਰਹੇ ਇਸ ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਕੇਸ਼ਵ ਸਿੰਘ ਸੈਣੀ ਅਤੇ ਸ਼ਹਿਰੀ ਪ੍ਰਧਾਨ ਜਗਜੀਵਨ ਜੱਗੀ ਤੇ ਕੋਰ ਕਮੇਟੀ ਮੈਂਬਰ ਸੁਖਵਿੰਦਰ ਸਿੰਘ ਅਰੋੜਾ ਨੇ ਦੱਸਿਆ ਕਿ ਕੈਂਪ ਦੌਰਾਨ ਵਿਧਾਇਕ ਜਸਵੀਰ ਸਿੰਘ ਰਾਜਾ ਅਤੇ ਮਾਲ ਵਿਭਾਗ ਨਾਲ ਸੰਬੰਧਿਤ ਵੱਖ-ਵੱਖ ਅਫਸਰ ਲੋਕਾਂ ਦੀਆਂ ਮੁਸ਼ਕਲਾਂ ਸੁਣਦੇ ਹੋਏ ਉਹਨਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਨਗੇ। ਰਾਜਾ ਨੇ ਕਿਹਾ ਕਿ ਹਲਕੇ ਦੇ ਸਬੰਧਤ ਲੋਕ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਕੇ ਸਰਕਾਰ ਵੱਲੋਂ ਦਿੱਤੀ ਜਾ ਰਹੀ ਸਹੂਲਤ ਪ੍ਰਾਪਤ ਕਰਨ।

ਸੂਬਾ ਸਰਕਾਰ ਵੱਲੋਂ ਸਰਕਾਰੀ ਦਫਤਰਾਂ ਵਿੱਚ ਭ੍ਰਿਸ਼ਟਾਚਾਰੀ ਤੇ ਰਿਸ਼ਵਤਖੋਰੀ ਨੂੰ ਰੋਕਣ ਲਈ ਪੂਰੀ ਸ਼ਕਤੀ ਨਾਲ ਕੰਮ ਕੀਤਾ ਜਾ ਰਿਹਾ ਹੈ ਤੇ ਕਿਸੇ ਵੀ ਭਿਸ਼ਟਾਚਾਰੀ ਅਧਿਕਾਰੀ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਰਜਿੰਦਰ ਸਿੰਘ ਮਾਰਸ਼ਲ, ਜਸਵੰਤ ਸਿੰਘ ਬਿੱਟੂ, ਯੂਥ ਆਗੂ ਲਖਵਿੰਦਰ ਸਿੰਘ ਸੇਠੀ, ਸਰਪੰਚ ਜਸਵੀਰ ਸਿੰਘ ਵਿੱਕੀ, ਸਰਬਜੀਤ ਸਿੰਘ ਬਿੱਕੀ, ਬਲਜੀਤ ਸੈਣੀ, ਮਨੀਪਾਲ ਸਿੰਘ, ਗੁਰਦੀਪ ਸਿੰਘ ਹੈਪੀ ਮਨਪ੍ਰੀਤ ਸਿੰਘ ਗੋਲਡੀ ਨਰਵਾਲ ਵੀ ਹਾਜਰ ਸਨ।

# ਰਿਸ਼ਵਤ ਲੈਣ ਦੇ ਦੋਸ਼ 'ਚ ਸਰਕਾਰੀ ਸਕੂਲ ਲੈਕਚਰਾਰ ਗ੍ਰਿਫ਼ਤਾਰ



**ਚੰਡੀਗੜ੍ਹ,(ਗੁਰਜੀਤ ਬਿੱਲਾ)**—ਪੰਜਾਬ ਵਿਜੀਲੈਂਸ ਬਿਊਰੋ ਨੇ ਐਸ.ਏ.ਐਸ.ਨਗਰ ਜ਼ਿਲ੍ਹੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਾਲੜੂ ਵਿਖੇ ਤਾਇਨਾਤ ਲੈਕਚਰਾਰ ਉਮੇਸ ਕੁਮਾਰ ਮੁੰਜਾਲ ਨੂੰ ਪੀ. ਰੰਜਨ ਵਾਸੀ ਨਾਨਕ ਨਗਰੀ ਅਬੋਹਰ (ਫਾਜ਼ਿਲਕਾ) ਤੋਂ 1.16 ਲੱਖ ਰੁਪਏ ਰਿਸ਼ਵਤ ਲੈਂਦਿਆਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਪੀ. ਰੰਜਨ ਨੇ ਸ਼ਿਕਾਇਤ ਦਰਜ ਕਰਵਾਈ ਕਿ ਉਸ ਦੀ ਪਤਨੀ ਪ੍ਰਿਆ ਮਿਗਲਾਨੀ, ਜੋ ਸਰਕਾਰੀ ਅਧਿਆਪਕ ਹੈ, ਫਿਰੋਜ਼ਪੁਰ ਜ਼ਿਲ੍ਹੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੁਸੂਵਾਲ ਵਿਖੇ ਤਾਇਨਾਤ ਸੀ। ਇਹ ਸਕੂਲ ਉਨ੍ਹਾਂ ਦੇ ਘਰ ਤੋਂ ਲਗਭਗ 180 ਕਿਲੋਮੀਟਰ ਦੂਰ ਸੀ। ਉਮੇਸ਼ ਕੁਮਾਰ ਨੇ ਉਸ ਦੀ ਪਤਨੀ ਦੀ ਘਰ ਦੇ ਨੇੜੇ ਬਦਲੀ ਕਰਵਾਉਣ ਲਈ ਉਸ ਨਾਲ ਸੰਪਰਕ ਕੀਤਾ ਸੀ। ਉਹ (ਸ਼ਿਕਾਇਤਕਰਤਾ) 26-10-2021 ਨੂੰ ਉਕਤ ਲੈਕਚਰਾਰ ਨੂੰ ਸ੍ਰੀ ਮੁਕਤਸਰ ਸਾਹਿਬ ਵਿਖੇ ਮਿਲਿਆ ਅਤੇ ਮੁਲਜ਼ਮ ਲੈਕਚਰਾਰ ਨੇ ਬਦਲੀ ਕਰਵਾਉਣ ਬਦਲੇ ਉਸ ਕੋਲੋਂ 2 ਲੱਖ ਰੁਪਏ ਰਿਸ਼ਵਤ ਮੰਗੀ ਸੀ। ਮੁਲਜ਼ਮ ਲੈਕਚਰਾਰ ਨੇ ਸ਼ਿਕਾਇਤਕਰਤਾ ਤੋਂ ਵੱਖ-ਵੱਖ ਮਿਤੀਆਂ 'ਤੇ ਰਿਸ਼ਵਤ ਵਜੋਂ 1.16 ਲੱਖ ਰੁਪਏ ਲਏ ਅਤੇ ਫਿਰ ਰਿਸ਼ਵਤ ਦੀ ਬਾਕੀ ਰਕਮ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਪਰ ਸ਼ਿਕਾਇਤਕਰਤਾ ਵੱਲੋਂ ਰਿਸ਼ਵਤ ਦੀ ਬਾਕੀ ਰਕਮ ਨਾ ਦੇਣ ਕਾਰਨ ਉਸਦੀ ਪਤਨੀ ਦੀ ਬਦਲੀ ਨਾ ਹੋ ਸਕੀ। ਸ਼ਿਕਾਇਤਕਰਤਾ ਨੇ ਦੱਸਿਆ ਕਿ ਪੰਜਾਬ ਸਿੱਖਿਆ ਵਿਭਾਗ ਨੇ 10-06-2022 ਨੂੰ ਆਨਲਾਈਨ ਬਦਲੀਆਂ ਲਈ ਪੋਰਟਲ ਖੋਲ੍ਹਿਆ ਸੀ ਅਤੇ ਦਰਖਾਸਤ ਦੇ ਆਧਾਰ 'ਤੇ ਪ੍ਰਿਆ ਮਿਗਲਾਨੀ ਦੀ ਬਦਲੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੀਟੀਵਾਲਾ ਤਹਿਸੀਲ ਮਲੋਟ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਹੋ ਗਈ ਸੀ ਅਤੇ ਉਸ ਨੇ 16-06-2022 ਨੂੰ ਨਵੇਂ ਤਾਇਨਾਤੀ ਸਥਾਨ 'ਤੇ ਡਿਊਟੀ ਜੁਆਇਨ ਕਰ ਲਈ। ਪਰ ਮੁਲਜਮ ਲੈਕਚਰਾਰ ਨੇ ਰਿਸ਼ਵਤ ਦੀ ਬਾਕੀ ਰਕਮ ਲਈ ਉਨ੍ਹਾਂ ਨੂੰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਇਸ ਉੱਤੇ ਉਨ੍ਹਾਂ ਨੇ ਵਿਜੀਲੈਂਸ ਨੂੰ ਸ਼ਿਕਾਇਤ ਕਰ ਦਿੱਤੀ। ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਬਿਊਰੋ ਯੂਨਿਟ ਫਾਜ਼ਿਲਕਾ ਦੀ ਟੀਮ ਨੇ ਲੈਕਚਰਾਰ ਉਮੇਸ਼ ਕੁਮਾਰ ਮੁੰਜਾਲ ਖਿਲਾਫ਼ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 7 ਅਧੀਨ ਮਿਤੀ 29-08-2023 ਨੂੰ ਥਾਣਾ ਵਿਜੀਲੈਂਸ ਬਿਊਰੋ, ਫਿਰੋਜ਼ਪੁਰ ਰੇਂਜ ਵਿਖੇ ਐਫ.ਆਈ.ਆਰ. ਨੰਬਰ 21 ਤਹਿਤ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

# ਮਹਿਲਾ ਬਜ਼ੁਰਗ ਔਰਤ ਦੀਆਂ ਵਾਲੀਆਂ ਝਪਟ ਕੇ ਦੋਸ਼ੀ ਫਰਾਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਅੱਜ ਜ਼ਿਲ੍ਹਾ ਸੰਘਰਸ਼ ਕਮੇਟੀ ਦੀ ਪ੍ਰਧਾਨਗੀ ਕਰਦੇ ਹੋਏ ਕਰਮਵੀਰ ਬਾਲੀ ਨੇ ਕਿਹਾ ਕਿ ਕਾਨੂੰਨ ਵਿਵਸਥਾ ਦਾ ਜਨਾਜ਼ਾ ਨਿਕਲ ਚੁੱਕਾ ਹੈ। ਕੋਈ ਵੀ ਸਮਾਜ ਵਿਰੋਧੀਆਂ ਤੋਂ ਸੁਰੱਖਿਅਤ ਨਹੀ ਹੈ। ਸਮਾਜ ਵਿਰੋਧੀ ਸ਼ਹਿਰ ਵਿੱਚ ਸਰੇਆਮ ਘੁੰਮ ਰਹੇ ਹਨ, ਜਿੱਥੇ ਚਾਹੁੰਣ ਉਥੇ ਵਾਰਦਾਤ ਨੂੰ ਅੰਜਾਮ ਦੇ ਦਿੰਦੇ ਹਨ। ਬਜਵਾੜਾ ਦੇ ਹਰੀਕ੍ਰਿਸ਼ਨ ਨਗਰ ਵਿਖੇ ਜਦੋਂ ਬਜ਼ੁਰਗ ਮਹਿਲਾ ਖਰੀਦਦਾਰੀ ਕਰਕੇ ਘਰ ਵਾਪਿਸ ਆ ਰਹੀ ਸੀ, ਸਨੈਚਰਾਂ ਵਲੋਂ ਉਸ ਦੀਆਂ ਬਾਲੀਆਂ ਛੀਨਾ ਝੱਪਟੀ ਕਰਕੇ ਭੱਜਣ ਵਿੱਚ ਸਫਲ ਹੋ ਗਏ। ਦੂਜੀ ਵਾਰਦਾਤ ਵਿੱਚ ਤਲਾਕਸ਼ੁਦਾ ਔਰਤ ਤੇ ਉਸ ਦੇ ਪਹਿਲੇ ਪਤੀ ਨੇ ਦੋ ਗੋਲੀਆਂ ਚਲਾਈਆ ਜਿਸ ਨਾਲ ਪ੍ਰੀਤ ਨਗਰ ਵਿੱਚ ਕਰਿਸ਼ਮਾ ਬਾਲ-ਬਾਲ ਬਚ ਗਈ ਅਤੇ ਦੋਸ਼ੀ ਸਰੇਆਮ ਘੁੰਮਦਾ ਰਿਹਾ। ਲੋਕਾਂ ਤੋਂ ਪੁਲਿਸ ਦਾ ਡਰ ਖਤਮ ਹੋ ਚੁੱਕਿਆ ਹੈ ਅਤੇ ਮਨਮਾਨੀ ਕਰ ਰਹੇ ਹਨ। ਮੁੱਖਮੰਤਰੀ ਪੰਜਾਬ ਭਗਵੰਤ ਮਾਨ ਜੀ ਕਹਿੰਦੇ ਹਨ ਕਿ ਖਜਾਨਾ ਭਰਿਆ ਹੋਇਆ ਹੈ ਪਰ ਜਿਸ ਪੁਲਿਸ ਨੇ ਕਾਨੂੰਨ ਵਿਵਸਥਾ ਨੂੰ ਬਹਾਲ ਰੱਖਣਾ ਹੈ, ਉਨਾਂ ਦੀ ਭਰਤੀ ਹੀ ਨਹੀ ਹੋ ਰਹੀ। ਥਾਣਿਆਂ ਵਿੱਚ ਮੁਲਾਜ਼ਿਮ ਘੱਟ ਹੋਣ ਦੀ ਵਜ੍ਹਾ ਨਾਲ ਪੁਲਿਸ ਸਮੇਂ ਤੇ ਘਟਨਾ ਵਾਲੀ ਥਾਂ ਤੇ ਨਹੀਂ ਪਹੁੰਚਦੀ। ਹਾਲਾਤ ਇਸ ਸਮੇਂ ਇਹ ਹਨ ਕਿ ਸਮਾਜ ਵਿਰੋਧੀਆਂ ਦੇ ਕੋਲ ਗੈਰ ਕਾਨੂੰਨੀ ਹਥਿਆਰਾਂ ਦੀ ਭਰਮਾਰ ਹੈ। ਲਾਇਸੈਂਸੀ ਅਸਲਾ ਬਹੁਤ ਘੱਟ ਹੈ। ਤੇਜ਼ਧਾਰ ਹਥਿਆਰ ਰੱਖਣਾ ਤਾਂ ਆਮ ਗੱਲ ਹੋ ਗਈ ਹੈ ਜੋ ਦਿਨ-ਰਾਤ ਸਮਾਜ ਵਿਰੋਧੀ ਅਨਸਰ ਆਪਣੇ ਨਾਲ ਲੈ ਕੇ ਘੁੰਮਦੇ ਹਨ ਅਤੇ ਵਾਰਦਾਤ ਨੂੰ ਅੰਜਾਮ ਦੇ ਰਹੇ ਹਨ। ਸ਼ਰੀਫ ਨਾਗਰਿਕਾਂ ਦਾ ਜੀਊਣਾ ਹਰਾਮ ਹੋ ਗਿਆ ਹੈ। ਚੋਰੀਆਂ, ਡਕੈਤੀਆਂ, ਸਨੈਚਿੰਗ ਨੂੰ ਨਸ਼ੇੜੀ ਅੰਜਾਮ ਦੇ ਰਹੇ ਹਨ ਪੰਜਾਬ ਸਰਕਾਰ ਨਸ਼ੇ ਨੂੰ ਕਾਬੂ ਕਰਨ ਵਿੱਚ ਨਾਕਾਮ ਸਿੱਧ ਹੋ ਰਹੀ ਹੈ। ਕਰਮਵੀਰ ਬਾਲੀ ਨੇ ਮੰਗ ਕੀਤੀ ਕਿ ਕਾਨੂੰਨ ਵਿਵਸਥਾ ਨੂੰ ਸੁਚਾਰੂ ਰੂਪ ਦੇਣ ਦੇ ਲਈ ਬਿਨਾਂ ਕਿਸੀ ਦੇਰੀ ਪੁਲਿਸ ਦੀ ਭਰਤੀ ਕੀਤੀ ਜਾਵੇ। ਇਸ ਮੌਕੇ ਤੇ ਨਵਲ ਕਿਸ਼ੋਰ ਕਾਲੀਆ, ਨਰਿੰਦਰ ਸਿੰਘ, ਜੱਥੇਦਾਰ ਬਲਵੀਰ ਸਿੰਘ, ਨਿਰਮਲ ਸਿੰਘ, ਮਦਨ ਦੱਤਾ, ਹਰੀਮਿੱਤਰ ਆਦਿ ਸ਼ਾਮਿਲ ਹੋਏ।

# ਬਰਸੀ ਮੌਕੇ ਮਹਾਨ ਗੁਰਮਤਿ ਸਮਾਗਮ 2 ਨੂੰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਇਤਿਹਾਸਕ ਪਿੰਡ ਭੁੰਗਰਨੀ ਵਿਖੇ ਬ੍ਰਹਮ ਗਿਆਨੀ 108 ਸੰਤ ਬਾਬਾ ਜੋਤਾ ਸਿੰਘ ਜੀ ਦੀ 44ਵੀਂ ਬਰਸੀ ਮੌਕੇ ਮਹਾਨ ਗੁਰਮਤਿ ਸਮਾਗਮ 02 ਸਤੰਬਰ ਨੂੰ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਮੁੱਖ ਸੇਵਾਦਾਰ ਸਤਨਾਮ ਸਿੰਘ ਪਰਹਾਰ ਨੇ ਦੱਸਿਆ ਕਿ 31 ਅਗਸਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਨ੍ਹਾਂ ਦੇ ਭੋਗ 02 ਸਤੰਬਰ ਨੂੰ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਵਿੱਚ ਭਾਈ ਸੁਖਚੈਨ ਸਿੰਘ ਹੈਡ ਗ੍ਰੰਥੀ ਭੁੰਗਰਨੀ, ਭਾਈ ਸਤਨਾਮ ਸਿੰਘ ਸਹਿਗਲ ਆਦਿ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

# ਪੰਜਾਬ ਦੇ ਹਿੱਤ 'ਚ ਨਹੀਂ ਹੈ ਰਾਸ਼ਟਰਪਤੀ ਰਾਜ... (ਸ਼ਫ਼ਾ 4 ਦੀ ਬਾਕੀ)

ਕਿਸਾਨ ਜਥੇਬੰਦੀਆਂ ਪੰਜਾਬ ਸਰਕਾਰ ਦੇ ਵਿਰੋਧ ਵਿੱਚ ਖੜੀਆਂ ਹੋਈਆਂ ਹਨ, ਕਿਸਾਨਾਂ 'ਤੇ ਥਾਂ-ਥਾਂ ਲਾਠੀਚਾਰਜ ਹੋਇਆ ਹੈ, ਪਰ ਉਨ੍ਹਾਂ ਦੀਆਂ ਮੰਗਾਂ ਪ੍ਰਤੀ ਸਰਕਾਰ ਸੰਜੀਦਾ ਨਹੀਂ। ਹੜ੍ਹਾਂ ਦੀ ਸਥਿਤੀ ਨੂੰ ਕੰਟਰੋਲ ਕਰਨ ਅਤੇ ਮੁਆਵਜ਼ਾ ਦੇਣ ਪ੍ਰਤੀ ਸਰਕਾਰ ਦੀ ਕਾਰਗੁਜ਼ਾਰੀ ਉਤੇ ਵੀ ਸਵਾਲ ਖੜੇ ਹੋ ਰਹੇ ਹਨ। ਸੂਬੇ ਦੀਆਂ ਵਿਰੋਧੀ ਪਾਰਟੀਆਂ ਵੀ ਕਈ ਮਾਮਲਿਆਂ ਅਤੇ ਮੁੱਖ ਮਤਰੀ ਦੇ ਬਾਹਰਲੇ ਸੂਬਿਆਂ ਦੇ ਦੌਰਿਆਂ ਅਤੇ ਬਾਹਰਲੇ ਸੂਬਿਆਂ 'ਚ ਪੰਜਾਬ ਵੱਲੋਂ ਮੁਫਤ ਬਿਜਲੀ ਅਤੇ ਹੋਰ ਸਹੂਲਤਾਂ ਬਾਰੇ ਦਿੱਤੇ ਇਸ਼ਤਿਹਾਰਾਂ ਪ੍ਰਤੀ ਵੀ ਕਿੰਤੂ-ਪ੍ਰੰਤੂ ਕਰਦੀਆਂ ਹਨ।

ਆਖ਼ਿਰ ਸੰਵਿਧਾਨ ਦੀ ਧਾਰਾ 356 ਹੈ ਕੀ ? ਇਸ ਦੀ ਵਰਤੋਂ ਰਾਸ਼ਟਰਪਤੀ ਕਿਹਨਾ ਹਾਲਤਾਂ 'ਚ ਕਰ ਸਕਦਾ ਹੈ। ਸੰਵਿਧਾਨ ਇਸ ਦੀ ਵਿਆਖਿਆ ਕਰਦਾ ਹੈ। ਸੰਵਿਧਾਨ 'ਚ ਦਰਜ ਹੈ ਕਿ ਜੇਕਰ ਵਿਧਾਨ ਸਭਾ ਵਿੱਚ ਰਾਜ ਕਰਦੀ ਪਾਰਟੀ ਆਪਣਾ ਬਹੁਮਤ ਸਾਬਤ ਨਾ ਕਰ ਸਕੇ ਜਾਂ ਸੂਬੇ ਵਿੱਚ ਹੰਗਾਮੀ ਸਥਿਤੀ ਹੋਵੇ, ਵਿਧਾਨ ਸਭਾ ਨੇ ਪੰਜ ਸਾਲ ਪੂਰੇ ਕਰ ਲਏ ਹੋਣ ਅਤੇ ਚੋਣਾਂ ਨਾ ਹੋ ਸਕਦੀਆਂ ਹੋਣ ਤਾਂ ਇਸ ਧਾਰਾ ਦੀ ਵਰਤੋਂ ਰਾਸ਼ਟਰਪਤੀ ਕਰ ਸਕਦਾ ਹੈ। ਰਾਸ਼ਟਰਪਤੀ ਉਸ ਹਾਲਤ ਵਿੱਚ ਵੀ ਇਸ ਦੀ ਵਰਤੋਂ ਕਰ ਸਕਦਾ ਹੈ, ਜਦੋਂ ਸਦਨ ਭਾਵ ਵਿਧਾਨ ਸਭਾ 'ਚ ਰਾਜ ਕਰਦੀ ਪਾਰਟੀ ਦਾ ਬਹੁਮਤ ਅੰਕੜਾ ਹਿੱਲ ਜਾਏ ਜਾਂ ਰਾਜਪਾਲ ਇਹ ਮਹਿਸੂਸ ਕਰੇ ਕਿ ਸੂਬੇ 'ਚ ਰਾਜ ਕਰਦੀ ਪਾਰਟੀ ਸੰਵਿਧਾਨ ਦੇ ਨਿਯਮਾਂ ਮੁਤਾਬਕ ਕੰਮ ਨਹੀਂ ਕਰਦੀ ਜਾਂ ਸੰਵਿਧਾਨ ਦੀ ਮੂਲ ਭਾਵਨਾ ਦੀ ਅਣਦੇਖੀ ਕਰ ਰਹੀ ਹੈ ਤਾਂ ਰਾਸ਼ਟਰਪਤੀ ਰਾਜਪਾਲ ਦੀ ਸਿਫਾਰਸ਼ ਉਤੇ ਰਾਸ਼ਟਰਪਤੀ ਰਾਜ ਲਾਗੂ ਕਰ ਸਕਦਾ ਹੈ। ਪਰ 356 ਧਾਰਾ ਦੇ ਨਾਲ ਸੰਵਿਧਾਨ ਦੀ ਧਾਰਾ 355 ਵੀ ਪੜ੍ਹਨੀ ਪਵੇਗੀ, ਜਿਸ ਵਿੱਚ ਦਰਜ ਹੈ ਕਿ ਰਾਸ਼ਟਰਪਤੀ ਜੇਕਰ ਮਹਿਸੂਸ ਕਰੇ ਕਿ ਕਿਸੇ ਰਾਜ ਵਿੱਚ ਕਾਨੂੰਨ ਵਿਵਸਥਾ ਫੇਲ੍ਹ ਹੋ ਰਹੀ ਹੈ, ਸਰਕਾਰ ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨ ਤੋਂ ਅਸਮਰਥ ਹੈ ਤਾਂ ਉਥੇ ਰਾਜਪਾਲ/ ਰਾਸ਼ਟਰਪਤੀ ਰਾਜ ਲਗਾਇਆ ਜਾ ਸਕਦਾ ਹੈ, ਪਰ ਰਾਸ਼ਟਰਪਤੀ ਰਾਜ ਲਾਗੂ ਕਰਨ ਲਈ ਪਾਰਲੀਮੈਂਟ ਦੇ ਦੋਹਾਂ ਸਦਨਾਂ ਭਾਵ ਲੋਕ ਸਭਾ ਤੇ ਰਾਜ ਸਭਾ ਦੀ ਮਨਜ਼ੂਰੀ ਲੈਣੀ ਪਵੇਗੀ। ਉਪਰੰਤ ਵਿਆਖਿਆ ਦੇ ਮੱਦੇਨਜ਼ਰ ਪੰਜਾਬ 'ਚ ਇਹੋ ਜਿਹੇ ਹਾਲਾਤ ਨਹੀਂ ਹਨ ਕਿ ਰਾਸ਼ਟਰਪਤੀ ਰਾਜ ਲਾਗੂ ਹੋ ਸਕੇ।

ਰਾਸ਼ਟਰਪਤੀ ਰਾਜ ਲਗਾਉਣ ਨਾਲ ਸਰਕਾਰ ਦਾ ਸਿੱਧਾ ਕੰਟਰੋਲ ਅਫ਼ਸਰਸ਼ਾਹੀ ਅਤੇ ਪੁਲਸ ਅਧਿਕਾਰੀਆਂ ਕੋਲ ਹੋਏਗਾ। ਲੋਕ-ਹਿਤੈਸ਼ੀ ਫ਼ੈਸਲੇ ਲੈਣੇ ਦੂਰ ਦੀ ਗੱਲ ਹੋ ਜਾਏਗੀ। ਆਮ ਤੌਰ 'ਤੇ ਅਫ਼ਸਰਸ਼ਾਹੀ ਇਹੋ ਜਿਹੇ ਹਾਲਤਾਂ ਵਿੱਚ ਸਿਆਸੀ ਲੋਕਾਂ ਜਿੰਨੀ ਲੋਕ ਭਲਾਈ ਦੇ ਕਾਰਜਾਂ ਲਈ ਵਰਤੀ ਜਾਂਦੀ ਇੱਛਾ ਸ਼ਕਤੀ ਨਹੀਂ ਰੱਖਦੀ, ਕਿਉਂਕਿ ਉਹਨਾ ਨੇ ਨਾ ਤਾਂ ਲੋਕਾ ਦੀਆਂ ਵੋਟਾਂ ਲੈਣੀਆਂ ਹੁੰਦੀਆਂ ਹਨ ਅਤੇ ਨਾ ਹੀ ਕੋਈ ਵਾਹ-ਵਾਹ ਖੱਟਣੀ ਹੁੰਦੀ ਹੈ। ਇੰਜ ਸੂਬੇ ਦੇ ਲੋਕ ਅਣਗੌਲੇ ਰਹਿ ਜਾਂਦੇ ਹਨ।

ਅੱਜ ਪੰਜਾਬ ਦੇ ਜੋ ਹਾਲਾਤ ਹਨ, ਉਸ ਦੇ ਗਾਡੀਰਾਹ, ਇਹੋ ਜਿਹੇ ਸਿਆਸਤਦਾਨ ਹੀ ਬਣ ਸਕਦੇ ਹਨ, ਜਿਹੜੇ ਪੰਜਾਬ ਨੂੰ ਆਰਥਕ ਮੰਦੀ 'ਚੋਂ ਕੱਢਣ ਯੋਗ ਹੋਣ, ਪੰਜਾਬ ਦੀਆਂ ਸਮੱਸਿਆਵਾਂ ਦੇ ਹੱਲ ਲਈ ਦ੍ਰਿੜ੍ਹ ਇੱਛਾ-ਸ਼ਕਤੀ ਰੱਖਦੇ ਹੋਣ, ਕਿਉਂਕਿ ਪੰਜਾਬ ਦੇ ਲੋਕ ਸਦਾ ਹੀ ਸੱਚ ਦੇ ਪਹਿਰੇਦਾਰ ਰਹੇ ਹਨ ਅਤੇ ਉਹਨਾ ਲੋਕਾਂ ਨਾਲ ਜਜ਼ਬਾਤੀ ਤੌਰ 'ਤੇ ਤੁਰਨ ਤੋਂ ਗੁਰੇਜ਼ ਨਹੀਂ ਕਰਦੇ, ਜਿਨ੍ਹਾਂ ਤੋਂ ਰਤੀ ਭਰ ਵੀ ਉਨ੍ਹਾਂ ਨੂੰ ਹੱਸਦਾ-ਰਸਦਾ-ਵਸਦਾ ਪੰਜਾਬ ਬਣਾਉਣ ਦੀ ਆਸ ਬੱਝਦੀ ਹੈ।

ਰਾਸ਼ਟਰਪਤੀ ਰਾਜ ਕਿਸੇ ਤਰ੍ਹਾਂ ਵੀ ਪੰਜਾਬ ਦੇ ਹਿੱਤ 'ਚ ਨਹੀਂ। ਲੋਕਤੰਤਰੀ ਕਦਰਾਂ-ਕੀਮਤਾਂ ਦੇ ਰਾਖੇ ਪੰਜਾਬੀ ਕਿਸੇ ਵੀ ਚੁਣੀ ਹੋਈ ਸੂਬਾ ਸਰਕਾਰ ਵੀ ਬਰਖਾਸਤਗੀ ਪ੍ਰਵਾਨ ਨਹੀਂ ਕਰਨਗੇ, ਕਿਉਂਕਿ ਉਹ ਦੇਸ਼ ਦੇ ਸੰਘੀ ਢਾਂਚੇ, ਸੂਬਿਆਂ ਨੂੰ ਵੱਧ ਅਧਿਕਾਰ ਦਿੱਤੇ ਜਾਣ, ਇਥੋਂ ਤੱਕ ਕਿ ਸੂਬਿਆਂ ਦੀ ਖੁਦਮੁਖਤਿਆਰੀ ਦੇ ਹਾਮੀ ਹਨ। ਪੰਜਾਬੀ ਹਰ ਉਸ ਜਬਰ ਦੇ ਵਿਰੋਧ ਵਿੱਚ ਖੜਨ ਤੋਂ ਕਦੇ ਵੀ ਨਹੀਂ ਡਰਦੇ, ਜਿਹੜਾ ਉਨ੍ਹਾਂ 'ਤੇ ਜਬਰੀ ਥੋਪ ਦਿੱਤਾ ਜਾਂਦਾ ਹੈ। ਦੇਸ਼ 'ਚ ਲਗਾਈ ਐਮਰਜੈਂਸੀ ਦਾ ਵਿਰੋਧ ਅਤੇ ਕਿਸਾਨਾਂ ਵਿਰੁੱਧ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਉਨ੍ਹਾਂ ਦੀ ਪਹਿਲ ਜੱਗ ਜਾਣੀ ਜਾਂਦੀ ਹੈ।

*# ਸੰਪਰਕ : 98158-02070*

# ਦੇਸ ਰਾਜ ਕਾਲੀ ਦੇ ਵਿਛੋੜੇ 'ਤੇ ਬਾਬਾ ਨਜਮੀ ਵੱਲੋਂ ਦੁੱਖ ਪ੍ਰਗਟ

**ਜਲੰਧਰ (ਨ ਜ਼ ਸ)**-ਸਮਾਜ ਦੇ ਹਕੀਕੀ ਦਰਦਾਂ ਨੂੰ ਲਿਖਣ ਵਾਲੇ ਬੇਬਾਕ ਕਲਮਕਾਰ ਨਿਧੜਕ ਬੁਲਾਰੇ ਦੇਸ ਰਾਜ ਕਾਲੀ ਦੀ ਵਿਦਾਇਗੀ ਸਮੇਂ ਹਰਨਾਮ ਦਾਸ ਪੁਰਾ (ਜਲੰਧਰ) ਸਮਸ਼ਾਨ ਭੂਮੀ 'ਚ ਲਹਿੰਦੇ ਪੰਜਾਬ ਤੋਂ ਜਾਣੇ ਪਹਿਚਾਣੇ ਕਵੀ ਬਾਬਾ ਨਜਮੀ ਦਾ ਫੋਨ ਤੇ ਦਰਦ-ਭਿੱਜਾ ਸੁਨੇਹਾ ਆਇਆ। ਬਾਬਾ ਜੀ ਨੇ ਪਰਿਵਾਰ, ਸਾਕ- ਸਬੰਧੀਆਂ ਅਤੇ ਸੰਗੀ ਸਾਥੀਆਂ ਨਾਲ ਆਪਣੇ ਤੜਫਦੇ ਜਜ਼ਬਾਤ ਸਾਂਝੇ ਕਰਦਿਆਂ ਕਿਹਾ ਕਿ, ਅਜਿਹੇ ਵੇਲੇ ਤੁਰ ਜਾਣ ਵਾਲੇ ਸੱਜਣਾ ਦੀਆਂ ਰਚਨਾਵਾਂ ਅਤੇ ਅਕੀਦਿਆਂ ਨੂੰ ਜ਼ਿੰਦਾ ਰੱਖਣ ਲਈ ਦ੍ਰਿੜ੍ਹ ਇਰਾਦੇ ਦੀ ਲੋੜ ਹੁੰਦੀ ਹੈ। ਦੇਸ ਰਾਜ ਕਾਲੀ ਦੀਆਂ ਧੀਆਂ ਦਾ ਫੋਨ ਤੇ ਵਿਰਲਾਪ ਸੁਣਕੇ ਉਹਨਾਂ ਕਿਹਾ ਕਿ ਅਸੀਂ ਸਭ ਲੇਖਕ, ਕਵੀ ਲੋਕ ਸਮਝ ਸਕਦੇ ਹਾਂ ਕਿ ਕਿਹੋ ਜਿਹੇ ਸਦਮੇ ਵਿੱਚੋਂ ਪਰਿਵਾਰ ਅਤੇ ਤੁਸੀਂ ਸਾਰੇ ਲੰਘ ਰਹੇ ਹੋ। ਜਦੋਂ ਮੈਂ ਕਿਹਾ ਕਿ ਇਹਨੀਂ ਦਿਨੀਂ ਚੜ੍ਹਦਾ ਪੰਜਾਬ, ਚੜ੍ਹਦੇ ਸੂਰਜ,ਅਨੇਕਾਂ ਕਾਰਨਾਂ ਕਰਕੇ ਵਿਦਵਾਨਾਂ ਦੀਆਂ ਅਰਥੀਆਂ ਉਠਾਈਂ ਤੁਰਿਆ ਜਾਂਦਾ ਪ੍ਰਤੀਤ ਹੁੰਦਾ ਹੈ ਤਾਂ ਉਹਨਾਂ ਕਿਹਾ ਕਿ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਦੁੱਖ-ਸੁੱਖ ਸਾਂਝੇ ਕੀਤੇ।

# ਅਕਾਲੀ ਦਲ ਨੇ ਦੋ ਭਰਾਵਾਂ ਵੱਲੋਂ ਖੁਦਕੁਸ਼ੀ ਕਰਨ ਦੇ ਮਾਮਲੇ 'ਚ ਐੱਸ ਐੱਚ ਓ ਤੇ ਹੋਰ ਪੁਲਸ ਅਧਿਕਾਰੀਆਂ ਖਿਲਾਫ ਕੇਸ ਦਰਜ ਕਰਨ ਦੀ ਕੀਤੀ ਮੰਗ

**ਜਲੰਧਰ (ਸੁਰਿੰਦਰ ਕੁਮਾਰ, ਸ਼ੈਲੀ ਐਬਲਰਟ)**-ਸਾਬਕਾ ਮੰਤਰੀ ਤੇ ਸੀਨੀਅਰ ਅਕਾਲੀ ਆਗੂ ਸਰਦਾਰ ਬਿਕਰਮ ਸਿੰਘ ਮਜੀਠੀਆ ਨੇ ਅੱਜ ਮੰਗ ਕੀਤੀ ਕਿ ਦੋ ਭਰਾਵਾਂ ਦੀ ਪੁਲਸ ਥਾਣੇ ਵਿਚ ਕੁੱਟਮਾਰ ਕਰਨ ਤੇ ਦਸਤਾਰ ਲਾਹ ਕੇ ਅਪਮਾਨ ਕਰਨ ਤੋਂ ਬਾਅਦ ਉਨ੍ਹਾਂ ਵੱਲੋਂ ਬਿਆਸ ਦਰਿਆ ਵਿਚ ਛਾਲ ਮਾਰ ਕੇ ਖੁਦਕੁਸ਼ੀ ਕਰਨ ਦੇ ਮਾਮਲੇ ਵਿਚ ਐਸ ਐਚ ਓ ਤੇ ਹੋਰ ਪੁਲਸ ਅਧਿਕਾਰੀਆਂ ਖਿਲਾਫ ਖੁਦਕੁਸ਼ੀ ਲਈ ਉਕਸਾਉਣ ਦਾ ਕੇਸ ਦਰਜ ਕੀਤਾ ਜਾਵੇ। ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੀਨੀਅਰ ਅਕਾਲੀ ਆਗੂ ਨੇ ਕਿਹਾ ਕਿ ਇਹ ਹੈਰਾਨੀ ਵਾਲੀ ਗੱਲ ਹੈ ਕਿ ਪੁਲਸ ਦਾਅਵਾ ਕਰ ਰਹੀ ਹੈ ਕਿ ਸੰਬੰਧਤ ਪੁਲਸ ਥਾਣੇ ਦੇ ਸੀ ਸੀ ਟੀ ਵੀ ਕੈਮਰੇ 15 ਅਗਸਤ ਨੂੰ ਕੰਮ ਨਹੀਂ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਇਹ ਵੀਡੀਓ ਫੁਟੇਜ ਡਲੀਟ ਕਰ ਕੇ ਕੇਸ ਨੂੰ ਕਮਜ਼ੋਰ ਕਰਨ ਦੀ ਸਪਸ਼ਟ ਸਾਜਸ਼ ਰਚੀ ਗਈ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਵੀ ਦੋ ਕੇਸਾਂ ਵਿਚ ਸਪਸ਼ਟ ਹੁਕਮ ਦਿੱਤੇ ਹਨ ਕਿ ਪੁਲਸ ਥਾਣੇ ਦਾ ਚੱਪਾ-ਚੱਪਾ ਸੀ ਸੀ ਟੀ ਵੀ ਕੈਮਰਿਆਂ ਦੀ ਨਿਗਰਾਨੀ ਵਿਚ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਜ਼ਾਦੀ ਦਿਹਾੜੇ 'ਤੇ ਦੇਸ਼ ਤੇ ਸੂਬੇ 'ਚ ਸੁਰੱਖਿਆ ਹੋਰ ਵਧਾਈ ਜਾਂਦੀ ਹੈ, ਉਸ ਦਿਨ ਸੀ ਸੀ ਟੀ ਵੀ ਕੈਮਰੇ ਕੰਮ ਨਾ ਕਰਦੇ ਹੋਣ ਇਹ ਸੰਭਵ ਹੀ ਨਹੀਂ ਹੋ ਸਕਦਾ। ਮਜੀਠੀਆ ਨੇ ਕਿਹਾ ਕਿ ਬਜਾਏ ਮਹਿਲਾ ਵੱਲੋਂ ਆਪਣੇ ਸਹੁਰਿਆਂ ਖਿਲਾਫ ਦਰਜ ਕਰਵਾਈ ਗਈ ਸ਼ਿਕਾਇਤ 'ਤੇ ਕਾਰਵਾਈ ਕਰਨ ਦੇ ਐਸ ਐਚ ਓ ਨਵਦੀਪ ਸਿੰਘ, ਲੇਡੀ ਕਾਂਸਟੇਬਲ ਜੀਵਨਜੋਤ ਕੌਰ ਤੇ ਏ ਐਸ ਆਈ ਬਲਵਿੰਦਰ ਕੁਮਾਰ ਸਮੇਤ ਪੁਲਸ ਸਟਾਫ ਨੇ ਮਾਨਵਜੀਤ ਸਿੰਘ ਢਿੱਲੋਂ ਨਾਲ ਬੇਰਹਿਮੀ ਨਾਲ ਕੁੱਟਮਾਰ ਕੀਤੀ। ਉਸ ਦੀ ਦਸਤਾਰ ਲਾਹ ਸੁੱਟੀ ਗਈ ਤੇ ਉਸ ਨੂੰ ਪੀਣ ਵਾਸਤੇ ਪਾਣੀ ਦੇਣ ਤੋਂ ਵੀ ਇਨਕਾਰ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਜਸ਼ਨਜੀਤ ਸਿੰਘ ਢਿੱਲੋਂ ਆਪਣੇ ਭਰਾ ਮਾਨਵਜੀਤ ਸਿੰਘ ਢਿੱਲੋਂ ਨੂੰ ਇਸ ਤਰੀਕੇ ਜ਼ਲੀਲ ਹੁੰਦਾ ਵੇਖ ਬਰਦਾਸ਼ਤ ਨਾ ਕਰ ਸਕਿਆ ਤੇ ਬਿਆਸ ਦਰਿਆ ਵੱਲ ਚਲਾ ਗਿਆ। ਉਨ੍ਹਾਂ ਕਿਹਾ ਕਿ ਆਪਣੇ ਭਰਾ ਮਾਨਵਜੀਤ ਸਿੰਘ ਢਿੱਲੋਂ ਤੇ ਇਕ ਦੋਸਤ ਵੱਲੋਂ ਮਨਾਏ ਜਾਣ ਤੋਂ ਬਾਅਦ ਵੀ ਉਹ ਨਾ ਮੰਨਿਆ ਤੇ ਅਖੀਰ ਦੋਵਾਂ ਭਰਾਵਾਂ ਨੇ ਬਿਆਸ ਦਰਿਆ ਵਿਚ ਛਾਲ ਮਾਰ ਦਿੱਤੀ। ਉਨ੍ਹਾਂ ਕਿਹਾ ਕਿ ਇਹ ਹੈਰਾਨੀ ਵਾਲੀ ਗੱਲ ਹੈ ਕਿ ਦੋਵਾਂ ਭਰਾਵਾਂ ਦੇ ਪਿਤਾ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਡੀ ਜੀ ਪੀ ਗੌਰਵ ਯਾਦਵ ਨੂੰ ਲਿਖਤੀ ਅਪੀਲ ਕਰ ਕੇ ਇਨਸਾਫ ਮੰਗਿਆ ਪਰ ਦੋਵਾਂ ਨੇ ਮਾਮਲੇ ਵਿਚ ਚੁੱਪੀ ਧਾਰੀ ਹੋਈ ਹੈ। ਮਜੀਠੀਆ ਨੇ ਕਿਹਾ ਕਿ ਪੁਲਸ ਤਾਂ ਦੋਵਾਂ ਭਰਾਵਾਂ ਦੀਆਂ ਲਾਸ਼ਾਂ ਲੱਭਣ ਵਿਚ ਵੀ ਨਾਕਾਮ ਰਹੀ ਹੈ ਤੇ ਪਰਵਾਰ ਨੇ ਆਪ ਗੋਤਾਖੋਰ ਲਾਸ਼ਾਂ ਲੱਭਣ ਵਾਸਤੇ ਲਗਾਏ ਹਨ ਪਰ ਹਾਲੇ ਤੱਕ ਲਾਸ਼ਾਂ ਨਹੀਂ ਮਿਲੀਆਂ। ਉਨ੍ਹਾਂ ਕਿਹਾ ਕਿ ਪੁਲਸ ਹੁਣ ਇਹ ਸਾਬਤ ਕਰਨ ਦਾ ਯਤਨ ਕਰ ਰਹੀ ਹੈ ਕਿ ਲਾਸ਼ਾਂ ਲੱਭ ਨਹੀਂ ਰਹੀਆਂ ਕਿਉਂਕਿ ਜਦੋਂ ਤੱਕ ਲਾਸ਼ਾਂ ਨਹੀਂ ਲੱਭਦੀਆਂ, ਕਿਸੇ ਖਿਲਾਫ ਵੀ ਕਾਰਵਾਈ ਨਹੀਂ ਕੀਤੀ ਜਾ ਸਕਦੀ। ਮਜੀਠੀਆ ਨੇ ਇਹ ਵੀ ਐਲਾਨ ਕੀਤਾ ਕਿ ਉਹ ਜਲੰਧਰ ਦੇ ਕਮਿਸ਼ਨਰ ਆਫ ਪੁਲਸ ਤੇ ਡੀ ਜੀ ਪੀ ਨਾਲ ਮੁਲਾਕਾਤ ਕਰ ਕੇ ਦੋਵਾਂ ਭਰਾਵਾਂ ਵਾਸਤੇ ਨਿਆਂ ਮੰਗਣਗੇ ਤੇ ਜੇਕਰ ਪੁਲਸ ਮਾਮਲੇ ਵਿਚ ਕਾਰਵਾਈ ਕਰਨ ਵਿਚ ਨਾਕਾਮ ਰਹੀ ਤਾਂ ਅਕਾਲੀ ਦਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਪਹੁੰਚ ਕਰੇਗਾ ਤੇ ਪੀੜਤ ਪਰਵਾਰ ਵਾਸਤੇ ਨਿਆਂ ਮੰਗੇਗਾ।

# ਦੋਵਾਂ ਧਿਰਾਂ 'ਚ ਸਿੰਚਾਈ ਲਈ ਪਾਈ ਪਾਈਪ ਲਾਈਨ ਦਾ ਰੇੜਕਾ ਬਰਕਰਾਰ



**ਮਲੋਟ, (ਗੁਰਮੀਤ ਸਿੰਘ ਮੱਕੜ)**-ਲੰਮੇ ਸਮੇਂ ਤੋਂ ਹਲਕੇ ਦੇ ਪਿੰਡ ਕੁਰਾਈਵਾਲਾ ਵਿਚ ਸਿੰਚਾਈ ਲਈ ਪਾਈ ਗਈ ਪਾਈਪ ਲਾਈਨ ਨਾਲ ਰੇੜਕਾ ਦੋ ਧਿਰਾਂ 'ਚ ਬਰਕਰਾਰ ਹੈ। ਇੱਕ ਧਿਰ ਦੀ ਪਿੱਠ 'ਤੇ ਕਿਸਾਨ ਜਥੇਬੰਦੀ ਉਤਰ ਆਈ ਹੈ ਅਤੇ ਨਹਿਰ 'ਤੇ ਰੋਸ ਧਰਨਾ ਲਗਾਇਆ ਹੋਇਆ ਹੈ। ਵਿਭਾਗ ਵੱਲੋਂ ਤਾਜ਼ਾ ਫੈਸਲੇ 'ਤੇ ਇੱਕ ਧਿਰ ਵੱਲੋਂ ਨਰਾਜ਼ਗੀ ਜ਼ਾਹਰ ਕਰਦਿਆਂ ਸਿਆਸੀ ਦਖਲਅੰਦਾਜ਼ੀ ਦੇ ਦੋਸ਼ ਲਗਾਏ ਜਾ ਰਹੇ ਹਨ। ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਸਿੰਘ ਬੂੜ੍ਹਾਗੁੱਜਰ ਨੇ ਦੱਸਿਆ ਕਿ ਮਲੋਟ ਮਾਈਨਰ ਵਿਚੋਂ ਨਿਕਲੇ 24579 ਆਰ ਮੋਘੇ ਦਾ ਪਾਣੀ ਜ਼ਮੀਨ ਨੂੰ ਸਿੰਚਾਈ ਲਈ ਵਰਤਦੇ ਹਨ। ਕਈ ਦਹਾਕੇ ਪਹਿਲਾਂ ਬਣੇ ਪੱਕਾ ਖਾਲ ਦਾ ਕੁਝ ਹਿੱਸਾ ਹੁਣ ਥਾਂ-ਥਾਂ ਤੋਂ ਟੁੱਟ ਚੁੱਕਿਆ ਹੈ ਅਤੇ ਲੰਬਾਈ ਜ਼ਿਆਦਾ ਹੋਣ ਕਰਕੇ ਪਾਣੀ ਥਾਂ-ਥਾਂ ਤੋਂ ਨਿਕਲਣ ਕਰਕੇ ਅਖੀਰ ਵਿਚ ਪੈਂਦੇ 400 ਤੋਂ ਵੱਧ ਰਕਬੇ ਵਿਚ ਪੂਰਾ ਪਾਣੀ ਨਹੀਂ ਪਹੁੰਚਦਾ ਸੀ, ਜਿਸ ਕਰਕੇ ਉਨ੍ਹਾਂ ਨੇ 2015 ਵਿਚ ਪਾਈਪ ਲਾਈਨ ਮੰਨਜ਼ੂਰ ਕਰਵਾ ਕੇ ਪਾਈਪ ਲਾਈਨ ਪਾਈ ਗਈ ਸੀ ਅਤੇ 2018 ਤੋਂ ਪਾਈਪ ਲਾਈਨ ਚਾਲੂ ਕਰਦਿਆਂ ਇੱਕ ਨੱਕਾ ਮਨਜ਼ੂਰ ਕਰਵਾ ਕੇ ਆਪਣੇ ਖੇਤਾਂ ਨੂੰ ਪਾਣੀ ਲਗਾ ਰਹੇ ਹਨ। ਉਨ੍ਹਾਂ ਦੱਸਿਆ ਕਿ ਮੋਘੇ ਦੇ ਮੁੱਢ ਵਿਚ 2010 ਵਿਚ ਨਵੇ ਬਣੇ ਨੌਂ ਇੰਚ ਚੌੜੇ ਖਾਲ 'ਤੇ 300 ਏਕੜ ਦੇ ਲਗਭਗ ਪਾਣੀ ਲੱਗ ਰਿਹਾ ਹੈ ਅਤੇ ਇਸ ਤੋਂ ਅੱਗੇ ਬਣੇ 1985 ਵਿਚ ਬਣੇ ਪੰਜ ਇੰਚ ਚੌੜੇ ਖ਼ਸਤਾ ਹੋ ਚੁੱਕੇ ਖਾਲ ਨੂੰ ਕਿਸਾਨ ਨਵਾਂ ਬਣਾਉਣ ਲਈ ਵਿਭਾਗ ਨੂੰ ਵਾਰ-ਵਾਰ ਬੇਨਤੀ ਕਰ ਚੁੱਕੇ ਹਨ, ਪ੍ਰੰਤੂ ਉਸ ਨੂੰ ਬਣਾਇਆ ਨਹੀਂ ਜਾ ਰਿਹਾ, ਜਿਸ ਕਰਕੇ ਮਜ਼ਬੂਰੀਵੱਸ ਉਨ੍ਹਾਂ ਵੱਲੋਂ ਮੋਘੇ ਦੇ ਮੁੱਢ ਤੋਂ ਮਨਜ਼ੂਰਸ਼ੁਦਾ ਪਾਈਪ ਲਾਈਨ ਪਾਈ ਗਈ ਸੀ।

ਕਿਸਾਨ ਆਗੂਆਂ ਦਾ ਕਹਿਣਾ ਸੀ ਕਿ ਵਿਰੋਧੀ ਧਿਰ ਵੱਲੋਂ ਪਾਈਪ ਲਾਈਨ ਬੰਦ ਕਰਵਾਉਣ ਲਈ ਉਚ ਅਧਿਕਾਰੀਆਂ ਨੂੰ ਦਿੱਤੀਆਂ ਸ਼ਿਕਾਇਤਾਂ ਉਪਰੰਤ ਉਚ ਅਧਿਕਾਰੀਆਂ ਵੱਲੋਂ ਚੱਲ ਰਹੇ ਨੱਕੇ ਨੂੰ ਬੰਦ ਕਰਕੇ ਖ਼ਸਤਾ ਹਾਲਤ ਖਾਲ ਕੋਲੋਂ ਨਵਾਂ ਨੱਕਾ ਰੱਖ ਕੇ ਪਾਈਪ ਲਾਈਨ ਰਾਹੀ ਪਾਣੀ ਲਿਜਾਣ ਦੇ ਆਦੇਸ਼ ਦੇ ਦਿੱਤੇ ਹਨ, ਜਦੋਂਕਿ ਪਾਈਪ ਲਾਈਨ ਪੰਜ ਸਾਲਾਂ ਤੋਂ ਚੱਲ ਰਹੀ ਹੈ। ਕਿਸਾਨ ਆਗੂ ਨੇ ਦੱਸਿਆ ਕਿ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਕੋਲ ਦੋਹਾਂ ਧਿਰਾਂ ਨੂੰ ਬਿਠਾ ਕੇ ਸਮਝੌਤੇ ਲਈ ਕੀਤੀ ਗਈ ਕੋਸ਼ਿਸ਼ ਸਿਰੇ ਨਹੀਂ ਚੜ੍ਹੀ। ਉਨ੍ਹਾਂ ਕਿਹਾ ਕਿ ਇੱਕ ਧਿਰ ਵਲੋਂ ਵੱਖਰੇ ਮੋਘੇ ਦੀ ਮਨਜ਼ੂਰੀ ਲੈਣ ਉਪਰੰਤ ਵਿਰੋਧੀ ਧਿਰ ਨੇ ਮਾਨਯੋਗ ਅਦਾਲਤ ਤੋਂ ਸਟੇਅ ਲੈ ਲਿਆ ਹੈ। ਉਨ੍ਹਾਂ ਕਿਹਾ ਕਿ ਚਾਲੂ ਨੱਕੇ ਨੂੰ ਬੰਦ ਨਹੀ ਹੋਣ ਦਿੱਤਾ ਜਾਵੇਗਾ। ਐਸ.ਡੀ.ਓ. ਅਰਸ਼ਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਜਾਰੀ ਹੁਕਮਾਂ ਨੂੰ ਲਾਗੂ ਕਰਵਾਉਣ ਲਈ ਜ਼ਿਲ੍ਹਾ ਪੁਲਸ ਕੋਲੋਂ ਪੁਲਸ ਸੁਰੱਖਿਆ ਮੰਗੀ ਹੋਈ ਹੈ।

## ਵਿਜ਼ਡਮ ਵਰਲਡ ਸਕੂਲ ਥਾਂਦੇਵਾਲਾ ਵਿਖੇ ਰੱਖੜੀ ਮੇਕਿੰਗ ਮੁਕਾਬਲਾ

**ਮੁਕਤਸਰ (ਸ਼ਮਿੰਦਰਪਾਲ /ਪੂਜਾ )**- ਵਿਜ਼ਡਮ ਵਰਲਡ ਸਕੂਲ ਥਾਂਦੇਵਾਲਾ ਵਿਖੇ ਰੱਖੜੀ ਮੌਕੇ ਵਿਦਿਆਰਥੀਆਂ ਨੇ ਮੁਕਾਬਲੇ ਵਿੱਚ ਭਾਗ ਲਿਆ। ਬੱਚਿਆਂ ਨੇ ਰੰਗ-ਬਰੰਗੀਆਂ ਰੱਖੜੀਆਂ ਸਜਾਉਣ ਅਤੇ ਥਾਲੀਆਂ ਸਜਾਉਣ ਵਿੱਚ ਆਪਣੇ ਆਪ ਨੂੰ ਰੁੱਝੇ ਰੱਖਣ ਦਾ ਉਤਸ਼ਾਹ ਦੇਖਣ ਨੂੰ ਮਿਲਿਆ। ਕਿੰਡਰ ਵਿੰਗ ਦੇ ਛੋਟੇ ਬੱਚਿਆਂ ਨੇ ਵੀ ਰੱਖੜੀਆਂ ਦੇ ਰੰਗ ਬਣਾ ਕੇ ਅਤੇ ਕੁਝ ਰੰਗਦਾਰ ਰੱਖੜੀਆਂ ਤਿਆਰ ਕਰਨ ਵਿੱਚ ਅਧਿਆਪਕਾਂ ਦੀ ਮਦਦ ਕਰਕੇ ਆਪਣਾ ਪ੍ਰਦਰਸ਼ਨ ਕੀਤਾ। ਹੋਰ ਜਮਾਤਾਂ ਨੇ ਆਪਣੇ ਆਪ ਨੂੰ ਰੱਖੜੀ ਡਿਜ਼ਾਈਨ ਕਰਨ ਲਈ ਲਾਇਆ। ਸਕੂਲ ਦੀ ਪ੍ਰਿੰਸੀਪਲ ਐਸ. ਗੋਸਵਾਮੀ ਨੇ ਵਿਦਿਆਰਥੀਆਂ ਨੂੰ ਨਿੱਜੀ ਮੁਆਇਨਾ ਕਰਕੇ ਪ੍ਰੇਰਿਤ ਕੀਤਾ ਅਤੇ ਇਹ ਵੀ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਦੀ ਕਲਾਤਮਕ ਯੋਗਤਾ ਨੂੰ ਸਾਹਮਣੇ ਲਿਆਉਣ ਵਿੱਚ ਸਹਾਈ ਹੁੰਦੀਆਂ ਹਨ। ਵਿਜ਼ਡਮ ਵਰਲਡ ਸਕੂਲ ਨੇ ਰੱਖੜੀ ਦੀਆਂ ਸ਼ੁੱਭਕਾਮਨਾਵਾਂ ਭੇਜੀਆਂ।



# 525ਵੇਂ ਦਿਨ ਵੀ ਧਰਨਾ ਜਾਰੀ !

### ਕੌਮੀ ਕਮਿਸਨ ਦੇ ਆਦੇਸ਼ਾਂ ਦੀ ਹੋ ਰਹੀ ਏ ਅਵੱਗਿਆ : ਕਾਮਰੇਡ ਧਾਲੀਵਾਲ



**ਜਗਰਾਉਂ (ਨਛੱਤਰ ਸੰਧੂ)**-ਪੁਲਸ ਅੱਤਿਆਚਾਰ ਖਿਲਾਫ ਜਗਰਾਉਂ ਥਾਣੇ ਮੂਹਰੇ ਚੱਲ ਰਹੇ ਪੱਕੇ ਮੋਰਚੇ ਦੇ 525ਵੇਂ ਦਿਨ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਝੋਰੜਾਂ, ਕਾਮਰੇਡ ਨਿਰਮਲ ਸਿੰਘ ਧਾਲੀਵਾਲ, ਪ੍ਰਧਾਨ ਗੁਰਚਰਨ ਸਿੰਘ ਰਸੂਲਪੁਰ, ਸਤਿਕਾਰ ਕਮੇਟੀ ਦੇ ਮੁਖੀ ਜਸਪ੍ਰੀਤ ਸਿੰਘ ਢੋਲਨ, ਸੁਖਦੇਵ ਸਿੰਘ ਚਕਰ, ਪ੍ਰਧਾਨ ਮਹਿੰਦਰ ਸਿੰਘ ਬੀ ਏ, ਯੂਥ ਆਗੂ ਨਿਰਮਲ ਸਿੰਘ ਨੀਲਾ ਫੇਰੂਰਾਈ ਨੇ ਦੋਸ਼ ਲਗਾਇਆ ਕਿ ਪੁਲਸ ਅਤੇ ਸਿਵਲ ਅਧਿਕਾਰੀ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦਿੱਲੀ ਦੇ ਆਦੇਸ਼ਾਂ ਦੀ ਉਲੰਘਣਾ ਕਰ ਰਹੇ।

ਉਨ੍ਹਾਂ ਕਿਹਾ ਕਿ ਕੌਮੀ ਕਮਿਸ਼ਨ ਨੇ ਪਿਛਲੇ 5 ਆਦੇਸ਼ਾਂ ਵਿੱਚ ਸਪੱਸ਼ਟ ਕਿਹਾ ਹੈ ਕਿ ਅਨੁਸੂਚਿਤ ਜਾਤੀ ਨਾਲ ਸੰਬੰਧਤ ਮਾਂ-ਧੀ 'ਤੇ ਕੀਤੇ ਪੁਲਸ ਅੱਤਿਆਚਾਰ ਦੇ ਮਾਮਲੇ 'ਚ ਮੁਕੱਦਮੇ ਦੇ ਦੋਸ਼ੀਆਂ ਦੀ ਸੈਕਸ਼ਨ 4 ਅਧੀਨ ਤੁਰੰਤ ਗ੍ਰਿਫਤਾਰੀ ਕੀਤੀ ਜਾਵੇ ਅਤੇ ਪੀੜਤ ਮਾਤਾ ਨੂੰ ਨਿਯਮਾਂ ਅਨੁਸਾਰ ਰੂਲਾਂ ਮੁਤਾਬਕ ਪੈਨਸ਼ਨ ਲਗਾਈ ਜਾਵੇ ਪਰ ਅਧਿਕਾਰੀ ਇਨ੍ਹਾਂ ਆਦੇਸ਼ਾਂ ਦੀ ਸਰੇਆਮ ਉਲੰਘਣਾ ਕਰ ਰਹੇ ਹਨ। ਇੱਕ ਵੱਖਰੇ ਬਿਆਨ 'ਚ ਨਿਰਮਲ ਸਿੰਘ ਧਾਲੀਵਾਲ ਅਤੇ ਮੁਦਈ ਮੁਕੱਦਮਾ ਇਕਬਾਲ ਸਿੰਘ ਰਸੂਲਪੁਰ ਨੇ ਕਿਹਾ ਕਿ ਕੌਮੀ ਕਮਿਸ਼ਨ ਨੇ ਲੰਘੀ 28 ਅਗਸਤ ਨੂੰ ਸੁਣਵਾਈ ਦੌਰਾਨ ਮੌਜੂਦ ਅਧਿਕਾਰੀਆਂ ਨੂੰ ਇਸ ਸੰਬੰਧੀ ਝਾੜ ਪਾਉਂਦਿਆਂ ਹੁਣ ਡੀ ਜੀ ਪੀ ਨੂੰ ਨਿੱਜੀ ਤੌਰ 'ਤੇ ਤਲਬ ਕੀਤਾ ਹੈ। ਆਗੂਆਂ ਨੇ ਕੌਮੀ ਕਮਿਸ਼ਨ ਦੇ ਆਦੇਸ਼ਾਂ ਅਨੁਸਾਰ ਇੱਕ ਪੀੜਤ ਪਰਵਾਰ ਦੇ ਮੈਂਬਰ/ਪੀੜਤਾ ਸੁਰਿੰਦਰ ਕੌਰ ਨੂੰ ਪੈਨਸ਼ਨ ਦੇਣ, ਪ੍ਰਤੀ ਪੀੜਤ ਮੁਆਵਜ਼ਾ ਦੇਣ ਅਤੇ ਦੂਜੇ ਪੀੜਤ ਪਰਵਾਰ ਦੇ ਇੱਕ ਮੈਂਬਰ ਨੂੰ ਤਰਸ ਦੇ ਅਧਾਰ 'ਤੇ ਨੌਕਰੀ ਦੇਣ ਤੋਂ ਇਲਾਵਾ ਦੋਵੇਂ ਪੀੜਤ ਪਰਵਾਰਾਂ ਦਾ ਲੰਘੇ 19 ਸਾਲਾਂ ਦੌਰਾਨ ਪੁਲਸ ਅੱਤਿਆਚਾਰ ਕਾਰਨ ਹੋਏ ਆਰਥਕ ਨੁਕਸਾਨ ਦਾ ਪੀ ਸੀ ਆਰ ਰੂਲਜ਼ (ਸੋਧਿਤ) 2016 ਤਹਿਤ ਸਰਵੇ ਕਰਵਾਉਣ ਸੰਬੰਧੀ ਏ.ਡੀ.ਸੀ. (ਜਨਰਲ) ਗੌਤਮ ਜੈਨ ਦੇ ਨਕਾਰਾਤਮਕ ਵਤੀਰੇ ਦੀ ਨਿਖੇਧੀ ਕੀਤੀ ਹੈ।

## ਕਾਤਰਾਂ

### ਛਾਉਣੀ ਬਚਾਓ ਸੰਘਰਸ਼ ਕਮੇਟੀ ਨੇ ਸੀ ਈ ਓ ਕੈਂਟ ਬੋਰਡ ਨੂੰ ਸੌਂਪਿਆ ਮੰਗ ਪੱਤਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ) :** ਛਾਉਣੀ ਬਚਾਓ ਸੰਘਰਸ਼ ਕਮੇਟੀ ਦੇ ਅਹੁਦੇਦਾਰਾਂ ਨੇ ਕੈਂਟ ਬੋਰਡ ਦੇ ਨਾਮਜ਼ਦ ਮੈਂਬਰ ਯੋਗੇਸ਼ ਗੁਪਤਾ ਦੀ ਪ੍ਰਧਾਨਗੀ ਹੇਠ ਕੈਂਟ ਬੋਰਡ ਦੀ ਸੀਈਓ ਪ੍ਰੋਮਿਲਾ ਜੈਸਵਾਲ ਨੂੰ ਛਾਉਣੀ ਵਾਸੀਆਂ ਦੀਆਂ ਸਮੱਸਿਆਵਾਂ ਤੇ ਮੰਗਾਂ ਸਬੰਧੀ ਆਪਣਾ ਮੰਗ ਪੱਤਰ ਸੌਂਪਿਆ। ਇਸ ਦੌਰਾਨ ਜਾਣਕਾਰੀ ਦਿੰਦਿਆਂ ਕੈਂਟ ਬੋਰਡ ਦੇ ਨਾਮਜ਼ਦ ਮੈਂਬਰ ਯੋਗੇਸ਼ ਗੁਪਤਾ ਨੇ ਦੱਸਿਆ ਕਿ ਅੱਜ ਉਨ੍ਹਾਂ ਦੀ ਮੰਗ ਵਿੱਚ ਫ਼ਿਰੋਜ਼ਪੁਰ ਛਾਉਣੀ ਦੇ ਨੋਟੀਫਾਈਡ ਸਿਵਲ ਏਰੀਏ ਨੂੰ ਨਜ਼ਦੀਕੀ ਨਗਰ ਪਾਲਿਕਾ ਵਿੱਚ ਰਲੇਵਾਂ ਕਰਨ ਸਮੇਤ ਛਾਉਣੀ ਵਾਸੀਆਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਗਿਆ ਹੈ। ਸੀ.ਈ.ਓ. ਕੈਂਟ ਬੋਰਡ ਫ਼ਿਰੋਜ਼ਪੁਰ ਅੱਗੇ ਰੱਖਿਆ ਤਾਂ ਜੋ ਛਾਉਣੀ ਵਾਸੀਆਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਸਕੇ।ਉਨ੍ਹਾਂ ਕਿਹਾ ਕਿ ਸੀਈਓ ਪ੍ਰੋਮਿਲਾ ਜੈਸਵਾਲ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਜਥੇਬੰਦੀ ਵੱਲੋਂ ਦਿੱਤੇ ਮੰਗ ਪੱਤਰ 'ਤੇ ਗੌਰ ਕਰਕੇ ਜਲਦੀ ਹੀ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕੀਤੀਆਂ ਜਾਣਗੀਆਂ।

### ਸ਼ੁਭਮ ਸ਼ਰਮਾ ਨੇ ਯੂਥ ਕਾਂਗਰਸ ਦੇ ਸਹੁੰ ਚੁੱਕ ਸਮਾਗਮ 'ਚ ਸਾਥੀਆਂ ਸਮੇਤ ਕੀਤੀ ਸ਼ਿਰਕਤ

**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬ ਯੂਥ ਕਾਂਗਰਸ ਦੇ ਵੱਡੇ ਫ਼ਰਕ ਨਾਲ ਚੋਣ ਜਿੱਤ ਕੇ ਜਨਰਲ ਸਕੱਤਰ ਬਣੇ ਸ਼ੁਭਮ ਸ਼ਰਮਾ ਨੇ ਬੀਤੇ ਦਿਨੀਂ ਯੂਥ ਕਾਂਗਰਸ ਦੇ ਪ੍ਰਧਾਨ ਦੇ ਸਹੁੰ ਚੁੱਕ ਸਮਾਗਮ ਵਿੱਚ ਵੱਡੀ ਗਿਣਤੀ 'ਚ ਆਪਣੇ ਸਾਥੀਆਂ ਸਮੇਤ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾ ਪੰਜਾਬ ਯੂਥ ਕਾਂਗਰਸ ਦੇ ਨਵੇਂ ਚੁਣੇ ਗਏ ਪ੍ਰਧਾਨ ਹਿਤ ਮਹਿੰਦਰਾ ਨੂੰ ਵੀ ਵਧਾਈ ਦਿੱਤੀ। ਉਨ੍ਹਾ ਕਿਹਾ ਕਿ ਪੰਜਾਬ ਦੇ ਲੋਕ ਕਾਂਗਰਸ ਸਰਕਾਰ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ, ਕਿਉਂਕਿ ਆਮ ਆਦਮੀ ਪਾਰਟੀ ਦੀ ਸਰਕਾਰ ਜੁਮਲੇਬਾਜ਼ਾਂ ਦੀ ਸਰਕਾਰ ਸਾਬਿਤ ਹੋਈ ਹੈ। ਉਨ੍ਹਾ ਕਿਹਾ ਕਿ ਆਪ ਸਰਕਾਰ ਸਿਰਫ਼ ਤੇ ਸਿਰਫ਼ ਫੋਕੀ ਸ਼ੋਹਰਤ ਤੇ ਸਿਆਸਤ ਕਰ ਰਹੀ ਹੈ, ਪਰ ਜ਼ਮੀਨੀ ਪੱਧਰ 'ਤੇ ਇਸ ਦਾ ਕੰਮਕਾਰ ਜ਼ੀਰੋ ਹੈ।

### ਵਾਲਮੀਕਿ ਸਮਾਜ ਨੂੰ ਬਦਨਾਮ ਕਰਨ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਦੀ ਮੰਗ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਭਗਵਾਨ ਵਾਲਮੀਕਿ ਦਲਿਤ ਚੇਤਨਾ ਮੰਚ ਦੇ ਪ੍ਰਧਾਨ ਵਿੱਕੀ ਪਰੋਚਾ ਧੂਰੀ ਤੇ ਉਨ੍ਹਾਂ ਦੀ ਟੀਮ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਨਾਮ ਐੱਸ.ਡੀ.ਐੱਮ. ਧੂਰੀ ਨੂੰ ਮੰਗ ਪੱਤਰ ਦੇ ਕੇ ਪਿਛਲੇ ਦਿਨੀਂ ਅਮ੍ਰਿਤਸਰ ਵਿਖੇ ਪਾਵਨ ਵਾਲਮੀਕਿ ਤੀਰਥ ਐਕਸ਼ਨ ਕਮੇਟੀ ਦੇ ਚੇਅਰਮੈਨ ਵੀਰ ਸ੍ਰੇਸ਼ਠ ਕੁਮਾਰ ਦਰਸ਼ਨ ਵੱਲੋਂ ਉਨ੍ਹਾਂ ਦੇ ਜਨਮ ਦਿਨ ਦੇ ਸਬੰਧ ਵਿੱਚ ਕੀਤੀ ਗਈ ਪਾਰਟੀ ਦੇ ਗਲਤ ਤੱਥ ਪੇਸ਼ ਕਰਕੇ ਵਾਲਮੀਕਿ ਸਮਾਜ ਨੂੰ ਬਦਨਾਮ ਕਰਨ ਦੀ ਨਿੰਦਾ ਕੀਤੀ ਗਈ। ਉਨ੍ਹਾਂ ਮੁਲਜ਼ਮਾਂ ਖਿਲਾਫ਼ ਮੁਕੱਦਮਾ ਦਰਜ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਲੈਫਟੀਨੈਂਟ ਦਰਸ਼ਨ ਸਿੰਘ ਧੂਰੀ, ਅਜੇ ਪਰੋਚਾ ਐੱਮ ਸੀ, ਨਰਪਿੰਦਰ ਸਿੰਘ ਗੋਰਾ ਐੱਮ ਸੀ, ਜਿਉਣ ਸਿੰਘ, ਅਸ਼ਵਨੀ ਕੁਮਾਰ ਐੱਮ ਸੀ ਅਵਤਾਰ ਸਿੰਘ, ਸਤਵਿੰਦਰ ਸਿੰਘ, ਯਾਦਵਿੰਦਰ ਸਿੰਘ ਤੇ ਹੋਰ ਮੈਂਬਰ ਹਾਜ਼ਰ ਸਨ।

### ਜ਼ਿਲ੍ਹੇ 'ਚ ਧੂਮਧਾਮ ਨਾਲ ਮਨਾਇਆ ਰੱਖੜੀ ਦਾ ਤਿਉਹਾਰ, ਮੰਦਰਾਂ ਤੇ ਬਜ਼ਾਰਾਂ 'ਚ ਵੀ ਲੱਗੀਆਂ ਰੌਣਕਾਂ



**ਮੁਕਤਸਰ (ਸ਼ਮਿੰਦਰਪਾਲ /ਪੂਜਾ)**-ਸ੍ਰੀ ਮੁਕਤਸਰ ਸਾਹਿਬ ਜ਼ਿਲੇ 'ਚ ਬੁੱਧਵਾਰ ਨੂੰ ਰੱਖਡੀ ਦਾ ਤਿਉਹਾਰ ਧੂਮਧਾਮ ਤੇ ਸ਼ਰਧਾ ਭਾਵ ਨਾਲ ਮਨਾਇਆ ਗਿਆ। ਰੱਖੜੀ ਦੇ ਤਿਉਹਾਰ ਮੌਕੇ ਮੰਦਰਾਂ ਤੇ ਬਜਜ਼ਾਰਾਂ 'ਚ ਰੌਣਕਾਂ ਲੱਗੀਆਂ ਰਹੀਆਂ। ਭੈਣਾਂ ਨੇ ਭਰਾਵਾਂ ਨੂੰ ਰੱਖੜੀਆਂ ਬੰਨ੍ਹੀਆਂ ਤੇ ਉਨ੍ਹਾਂ ਦੀ ਲੰਬੀ ਉਮਰ ਦੀ ਕਾਮਨਾ ਕੀਤੀ। ਉੱਥੇ ਹੀ ਭਰਾਵਾਂ ਨੇ ਆਪਣੀਆਂ ਭੈਣਾਂ ਨੂੰ ਤੋਹਫੇ ਦਿੱਤੇ। ਮੰਦਰਾਂ 'ਚ ਵੀ ਰੱਖੜੀ ਮੌਕੇ ਲੋਕਾਂ ਦੀ ਭੀੜ ਲੱਗੀ ਰਹੀ। ਸ਼ਹਿਰ ਦੀਆਂ ਵੱਖ-ਵੱਖ ਗਊਸ਼ਾਲਾਂ 'ਚ ਵੀ ਰੱਖੜੀ ਮੌਕੇ ਸ਼ਰਧਾਲੂਆਂ ਨੇ ਗਊ ਮਾਤਾ ਦੀ ਸੇਵਾ ਕੀਤੀ ਤੇ ਗਊਸ਼ਾਲਾਂ 'ਚ ਸੇਵਕਾਂ ਨੂੰ ਰੱਖੜੀਆਂ ਵੀ ਬੰਨ੍ਹੀਆਂ। ਉਧਰ ਰੱਖੜੀ ਨੂੰ ਲੈ ਕੇ ਛੋਟੇ ਬੱਚਿਆਂ 'ਚ ਵੀ ਉਤਸ਼ਾਹ ਦੇਖਣ ਨੂੰ ਮਿਲਿਆ।

## ਸ਼ਾਹੀ ਹਵੇਲੀ ਤੇ ਰੋਟਰੀ ਕਲੱਬ ਨੇ ਅੰਤਰਰਾਸ਼ਟਰੀ ਖੇਡ ਦਿਵਸ ਮੌਕੇ ਕੋਚ ਸਾਹਿਬਾਨ ਤੇ ਖਿਡਾਰੀਆਂ ਨੂੰ ਸਨਮਾਨਿਆ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)** -ਸ਼ਾਹੀ ਹਵੇਲੀ ਫ਼ਰੀਦਕੋਟ ਦੇ ਮੈਨੇਜਿੰਗ ਡਾਇਰੈਕਟਰ ਆਰਸ਼ ਸੱਚਰ ਦੀ ਯੋਗ ਅਗਵਾਈ ਹੇਠ ਰੋਟਰੀ ਕਲੱਬ ਫ਼ਰੀਦਕੋਟ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਖੇਡ ਦਿਵਸ ਸ਼ਾਹੀ ਹਵੇਲੀ ਵਿਖੇ ਮਨਾਇਆ ਗਿਆ। ਇਸ ਮੌਕੇ ਆਰਸ਼ ਸੱਚਰ ਨੇ ਪਹੁੰਚੇ ਸਾਰੇ ਖਿਡਾਰੀਆਂ ਅਤੇ ਕੋਚ ਸਾਹਿਬਾਨ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਸਾਨੂੰ ਆਪਣੇ ਖਿਡਾਰੀਆਂ 'ਤੇ ਮਾਣ ਹੈ ਜੋ ਸੰਸਾਰ ਪੱਧਰ 'ਤੇ ਦੇਸ਼ ਦਾ ਨਾਂਅ ਰੌਸ਼ਨ ਕਰਦੇ ਹਨ। ਉਨ੍ਹਾਂ ਸਭ ਨੂੰ ਖੇਡ ਦਿਵਸ ਦੀ ਵਧਾਈ ਵੀ ਦਿੱਤੀ। ਰੋਟਰੀ ਕਲੱਬ ਦੇ ਪ੍ਰਧਾਨ ਅਰਵਿੰਦ ਛਾਬੜਾ ਨੇ ਕਿਹਾ ਅੱਜ ਹਾਕੀ ਦੇ ਜਾਦੂਗਰ ਮਰਹੂਮ ਮੇਜਰ ਧਿਆਨ ਚੰਦ ਦੇ ਜਨਮ ਨੂੰ ਰਾਸ਼ਟਰੀ ਖੇਡ ਦਿਵਸ ਵਜੋਂ ਸਾਰੇ ਦੇਸ਼ 'ਚ ਮਨਾਇਆ ਜਾ ਰਿਹਾ ਹੈ। ਅੱਜ ਜ਼ਰੂਰਤ ਹੈ ਕਿ ਅਸੀਂ ਸਾਰੇ ਰਲਮਿਲ ਕੇ ਪੰਜਾਬ ਨੂੰ ਖੇਡਾਂ ਦੇ ਖੇਤਰ 'ਚ ਹੋਰ ਅੱਗੇ ਲਿਜਾਈਏ। ਕਲੱਬ ਦੇ ਸੀਨੀਅਰ ਮੈਂਬਰ ਦਵਿੰਦਰ ਸਿੰਘ ਪੰਜਾਬ ਮੋਟਰਜ਼ ਨੇ ਖਿਡਾਰੀਆਂ ਨੂੰ ਨਿਰੰਤਰ ਮਿਹਨਤ ਕਰਨ ਵਾਸਤੇ ਉਤਸ਼ਾਹਤ ਕੀਤਾ। ਇਸ ਮੌਕੇ ਜਸਪਾਲ ਗਾਂਧੀ ਬਾਸਕਟਬਾਲ ਕੋਚ, ਮਨਜੀਤ ਕੌਰ ਅੰਤਰਰਾਸ਼ਟਰੀ ਕਬੱਡੀ ਖਿਡਾਰਨ ਤੇ ਕਬੱਡੀ ਕੋਚ, ਅਮਿਤ ਸ਼ਰਮਾ ਕ੍ਰਿਕੇਟ ਕੋਚ, ਸੰਦੀਪ ਖਾਨ ਬਾਸਕਟਬਾਲ ਕੋਚ, ਲਕਸ਼ਮੀ ਫ਼ਸਟ ਵੋਮੈਨ ਏਸ਼ੀਅਨ ਚੈਂਪੀਅਨ ਬਾਕਸਿੰਗ, ਚਰਨਜੀਤ ਸਿੰਘ ਮਾਈਕਲ ਹੈਂਡਬਾਲ ਕੋਚ, ਖ਼ੁਸ਼ਵਿੰਦਰ ਸਿੰਘ ਕੁਸ਼ਤੀ ਕੋਚ, ਮਨਦੀਪ ਸਿੰਘ ਸਿਲਾਚੀ ਫ਼ੁੱਟਬਾਲ ਕੋਚ, ਹਿੰਮਤ ਸਿੰਘ ਨਕਈ ਸ਼ੂਟਿੰਗ ਕੋਚ, ਹਰਜੀਤ ਸਿੰਘ ਸੰਸਾਰ ਫ਼ੁੱਟਬਾਲ ਕੱਪ ਜੇਤੂ, ਨਮਨਧੀਰ ਰਣਜੀ ਖਿਡਾਰੀ, ਸਾਹਿਬਜੀਤ ਸਿੰਘ ਕਪਤਾਨ ਬਾਸਕਟਬਾਲ ਟੀਮ ਪੰਜਾਬ, ਰੋਹਿਤ ਕੁਮਾਰ ਸੀਨੀਅਰ ਸਟੇਟ 'ਚ ਸੋਨ ਤਗਮਾ ਜੇਤੂ, ਬਲਰਾਮ ਸਿੰਘ ਇੰਡੀਆ ਇੰਟਰਯੂਨੀਵਰਸਿਟੀ 'ਚ ਹੈਂਡਬਾਲ 'ਚ ਗੋਲਡ ਮੈਡਲ ਜੇਤੂ ਦਾ ਵਿਸ਼ੇਸ਼ ਰੂਪ 'ਚ ਸਨਮਾਨ ਕੀਤਾ ਗਿਆ। ਇਸ ਮੌਕੇ ਨਵੀਸ਼ ਛਾਬੜਾ ਨੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ। ਕਲੱਬ ਦੇ ਸਕੱਤਰ ਮਨਪ੍ਰੀਤ ਸਿੰਘ ਨੇ ਸਭ ਦਾ ਧੰਨਵਾਦ ਕੀਤਾ। ਇਸ ਪ੍ਰੋਗਰਾਮ ਦੀ ਸਫ਼ਲਤਾ ਵਾਸਤੇ ਪ੍ਰਵੀਨ ਸੱਚਰ, ਪਵਨ ਵਰਮਾ ਖਜ਼ਾਨਚੀ, ਅਸ਼ਵਨੀ ਬਾਂਸਲ, ਕੇ.ਪੀ.ਸਿੰਘ ਸਰਾਂ, ਗਗਨਦੀਪ ਸਿੰਗਲਾ, ਗੁਰਪ੍ਰੀਤ ਸਿੰਘ ਕੋਟਕਪੂਰਾ, ਦਵਿੰਦਰ ਸਿੰਘ ਪੰਜਾਬ ਮੋਟਰਜ਼ ਨੇ ਵਡਮੁੱਲਾ ਯੋਗਦਾਨ ਪਾਇਆ। ਇਸ ਮੌਕੇ ਗੁਰਤੇਜ ਸਿੰਘ ਤੇਜਾ ਐਮ.ਸੀ, ਅਰੁਣਬੀਰ ਦੇਵਗਣ, ਨਰਿੰਦਰਪਾਲ ਸਿੰਘ ਗਿੱਲ, ਅਮਰਜੀਤ ਸਿੰਘ ਵਾਲੀਆ, ਅਮਿਤ ਸ਼ਰਮਾ ਕੋਟਕਪੂਰਾ ਸਮੇਤ ਵੱਡੀ ਗਿਣਤੀ 'ਚ ਖੇਡ ਜਗਤ ਨਾਲ ਜੁੜੀਆਂ ਹਸਤੀਆਂ ਹਾਜ਼ਰ ਸਨ।

## ਬਰੌਂਡਵੇ ਸਕੂਲ ਮਨਾਲ ਦੇ ਖਿਡਾਰੀਆਂ ਨੇ ਜਿੱਤ ਦਾ ਲੋਹਾ ਮੰਨਵਾਇਆ



**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)**-ਬਰੌਂਡਵੇ ਪਬਲਿਕ ਸਕੂਲ ਮਨਾਲ ਵਿਖੇ ਕਰਵਾਏ ਦੋ ਰੋਜ਼ਾ ਕ੍ਰਿਕਟ ਜ਼ੋਨਲ ਮੁਕਾਬਲੇ 'ਚ ਬਰੌਂਡਵੇਂ ਸਕੂਲ ਦੇ ਖਿਡਾਰੀਆਂ ਦੇ ਪਹਿਲੀਆਂ ਪੁਜ਼ੀਸ਼ਨਾਂ ਪ੍ਰਾਪਤ ਕਰਕੇ ਬੱਲੇ ਬੱਲੇ ਕਰਵਾਈ। ਬਰੌਂਡਵੇਂ ਸਕੂਲ ਦੀ ਟੀਮ ਦਾ ਮੁਕਾਬਲਾ ਹੋਲੀ ਹਾਰਟ ਦੀ ਟੀਮ ਵਿਚਕਾਰ ਹੋਇਆ। ਇਸ ਮੌਕੇ ਅੰਡਰ (14 ,17 ) ਅਤੇ ਅੰਡਰ - (19) ਵਿਚਕਾਰ ਹੋਏ ਮੁਕਾਬਲੇ ਚੋਂ ਬਰੌਂਡਵੇ ਪਬਲਿਕ ਸਕੂਲ ਮਨਾਲ ਦੀਆਂ ਟੀਮਾਂ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੀ ਜਿੱਤ ਦਾ ਲੋਹਾ ਮੰਨਵਾਇਆ ਹੈ।

ਇਸ ਤੋਂ ਇਲਾਵਾ ਅੰਡਰ -14 ਟੀਮ ਵਿਚੋਂ ਛੇਵੀਂ ਵਿਕਟਰੀ ਦਾ ਅਮਰਜੋਤ ਸਿੰਘ, ਅੰਡਰ- 17 ਟੀਮ ਚੋਂ 10+2 ਆਰਟਸ ਦੇ ਮੋਹਿਤ ਵਰਮਾ ਨੂੰ ਆਫ ਦਾ ਮੈਚ ਐਲਾਨਿਆ ਗਿਆ।

ਸੰਸਥਾ ਦੀਆਂ ਟੀਮਾਂ ਦੀ ਇਸ ਮਾਣਮੱਤੀ ਜਿੱਤ ਦਾ ਸਿਹਰਾ ਕ੍ਰਿਕਟ ਕੋਚ ਜਸਪ੍ਰੀਤ ਸਿੰਘ ਦੇ ਸਿਰ ਜਾਂਦਾ ਹੈ ਜਿਨ੍ਹਾਂ ਖਿਡਾਰੀਆਂ ਨੂੰ ਬਾਖੂਬੀ ਸਿਖਲਾਈ ਦੇ ਕੇ ਜਿੱਤ ਦੇ ਕਾਬਲ ਬਣਾਇਆ। ਸੰਸਥਾ ਦੇ ਚੈਅਰਮੈਨ ਰਣਜੀਤ ਸਿੰਘ ਚੀਰ, ਪ੍ਰਿੰਸੀਪਲ ਮੁਹੰਮਦ ਆਰਿਫ ਸੈਫੀ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦੇ ਹੋਏ ਭਵਿੱਖ ਵਿਚ ਵੀ ਇਸ ਤਰ੍ਹਾਂ ਹੀ ਪ੍ਰਿਤ ਨੂੰ ਬਰਕਰਾਰ ਰੱਖਣ ਲਈ ਪ੍ਰੇਰਿਆ। ਉਨ੍ਹਾਂ ਕ੍ਰਿਕਟ ਕੋਚ ਅਤੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਮੰਗਲ ਸੈਨ ਨੂੰ ਮੁਬਾਰਕਬਾਦ ਦਿੱਤੀ।

## ਬੁਰਜ ਹਰੀ ਸਿੰਘ ਸਰਕਾਰੀ ਕਾਲਜ 'ਚ ਰਾਸ਼ਟਰੀ ਖੇਡ ਦਿਵਸ ਮਨਾਇਆ



**ਹਠੂਰ (ਨਛੱਤਰ ਸੰਧੂ )**-ਸਾਹਿਬਜ਼ਾਦਾ ਜ਼ੋਰਾਵਰ ਸਿੰਘ ਕਾਲਜ ਬੁਰਜ ਹਰੀ ਸਿੰਘ ਦੇ ਪ੍ਰਿੰਸੀਪਲ ਡਾਕਟਰ ਪ੍ਰਦੀਪ ਸਿੰਘ ਵਾਲੀਆ ਦੀ ਰਹਿਨੁਮਾਈ ਹੇਠ ਕਾਲਜ ਵਿੱਚ ਰਾਸ਼ਟਰੀ ਖੇਡ ਦਿਵਸ ਨੂੰ ਸਮਰਪਤ ਸਮਾਗਮ ਕਰਵਾਇਆ ਗਿਆ। ਵਿਦਿਆਰਥੀਆਂ ਨੂੰ ਰਾਸ਼ਟਰੀ ਖੇਡ ਦਿਵਸ ਦੀ ਮਹੱਤਤਾ ਨੂੰ ਦੱਸਦੇ ਹੋਏ ਪ੍ਰੋ. ਹਰਵਿੰਦਰ ਸਿੰਘ ਜੋਸ਼ੀ ਨੇ ਦੱਸਿਆ ਕਿ ਇਹ ਦਿਵਸ ਹਾਕੀ ਦੇ ਜਾਦੂਗਰ ਕਹੇ ਜਾਣ ਵਾਲੇ ਮੇਜਰ ਧਿਆਨ ਚੰਦ ਦੇ ਜਨਮ ਦਿਨ ਨੂੰ ਸਮਰਪਣ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਉਨ੍ਹਾ ਇਹ ਵੀ ਕਿਹਾ ਕਿ ਇਸ ਦਿਵਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਅਤੇ ਆਮ ਨੌਜਵਾਨ ਵਰਗ ਅੰਦਰ ਖੇਡਾਂ ਦੀ ਭਾਵਨਾ ਨੂੰ ਵੀ ਉਤਸ਼ਾਹਤ ਕਰਨਾ ਹੈ।

ਮੇਜਰ ਧਿਆਨ ਚੰਦ ਭਾਰਤ ਦਾ ਇਕ ਅਜਿਹਾ ਸਪੂਤ ਸੀ ਜਿਸ ਨੇ 1928, 1932 ਅਤੇ 1936 ਦੀਆਂ ਉਲੰਪਿਕ ਖੇਡਾਂ ਵਿੱਚ ਭਾਰਤੀ ਹਾਕੀ ਟੀਮ ਦੀ ਕਪਤਾਨੀ ਕਰਦਿਆਂ ਗੋਲਡ ਮੈਡਲ ਦਿਵਾਏ। ਆਪਣੇ ਪੂਰਨ ਜੀਵਨ ਦੌਰਾਨ ਉਨ੍ਹਾ ਨੇ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਉਪਰ ਲਗਭਗ 1000 ਗੋਲ ਦਾਗੇ। ਭਾਰਤ ਸਰਕਾਰ ਵੱਲੋਂ ਉਨ੍ਹਾ ਨੂੰ ਪਦਮ ਵਿਭੂਸ਼ਨ ਸਨਮਾਨ ਨਾਲ ਵੀ ਸਨਮਾਨਤ ਕੀਤਾ ਗਿਆ। ਪੰਜਾਬ ਸਰਕਾਰ ਵੱਲੋਂ ਵੀ ਅੱਜ ਖੇਡਾਂ ਵਤਨ ਪੰਜਾਬ ਦੀਆਂ 2 ਦਾ ਆਯੋਜਨ ਵੀ ਬਠਿੰਡਾ ਵਿਖੇ ਕੀਤਾ ਜਾ ਰਿਹਾ ਹੈ। ਪ੍ਰੋ. ਜਗਦੀਪ ਸਿੰਘ ਸਰੀਰਕ ਸਿੱਖਿਆ ਵਿਭਾਗ ਨੇ ਵੀ ਰਾਸ਼ਟਰੀ ਖੇਡ ਦਿਵਸ ਉਪਰ ਵਿਦਿਆਰਥੀਆ ਨੂੰ ਸਹੁੰ ਚੁਕਾਈ ਕਿ ਅਸੀਂ ਜਦ ਵੀ ਖੇਡ ਮੁਕਾਬਲਿਆਂ ਵਿਚ ਭਾਗ ਲੈਣ ਲਈ ਜਾਵਾਂਗੇ ਤਾਂ ਖੇਡ ਦੀ ਭਾਵਨਾ ਨਾਲ ਭਾਗ ਲਵਾਂਗੇ ਨਾ ਕਿ ਜਿੱਤ ਹਾਰ ਦੀ ਭਾਵਨਾ ਨਾਲ। ਸਮਾਗਮ ਵਿਚ ਪ੍ਰੋ. ਪੂਜਾ ਕਪੂਰ ਨੇ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ।

## ਕਮਿਸ਼ਨਰ ਉਂਕਾਰ ਸਿੰਘ ਦੀ ਕਿਸ਼ਨਗੜ੍ਹ ਸਕੂਲ ਫੇਰੀ



**ਬਰੇਟਾ (ਰੀਤਵਾਲ)**-ਨੇੜਲੇ ਪਿੰਡ ਕਿਸ਼ਨਗੜ੍ਹ ਦੇ ਸਰਕਾਰੀ ਪ੍ਰਾਇਮਰੀ ਸਕੂਲ 'ਚ ਉਂਕਾਰ ਸਿੰਘ ਸਟੇਟ ਆਰਗੇਨਾਈਜਿੰਗ ਕਮਿਸ਼ਨਰ ਆਪਣੀ ਬਰੇਟਾ ਕੁਲਰੀਆਂ ਫੇਰੀ ਦੌਰਾਨ ਉਚੇਚੇ ਤੌਰ 'ਤੇ ਪਹੁੰਚੇ। ਉਹ ਸਕੂਲ ਦੇ ਅਨੁਸ਼ਾਸਨ ਤੇ ਸਕੂਲ ਦੀਆਂ ਪ੍ਰਾਪਤੀਆਂ ਤੋਂ ਬਹੁਤ ਹੀ ਪ੍ਰਭਾਵਿਤ ਹੋਏ।

ਸਕੂਲ ਮੁਖੀ ਨਾਇਬ ਸਿੰਘ ਨੇ ਦੱਸਿਆ ਕਿ ਸਕੂਲ ਵਿੱਚ ਸਕਾਊਟ ਗਤੀਵਿਧੀਆਂ ਕੱਬ ਮਾਸਟਰ ਮਹਿੰਦਰ ਪਾਲ ਦੁਆਰਾ ਕਰਵਾਈਆ ਜਾਂਦੀਆਂ ਹਨ। ਇਨ੍ਹਾਂ ਦੀ ਮਿਹਨਤ ਸਦਕਾ ਹੀ ਸਾਡੇ ਸਕੂਲ ਦੇ ਬੱਚੇ ਪੰਜਾਬ ਪੱਧਰੀ ਤੇ ਰਾਸ਼ਟਰ ਪੱਧਰੀ ਕੈਂਪ ਲਗਾ ਚੁੱਕੇ ਹਨ। ਸਾਡੇ ਸਕੂਲ ਦੇ ਬੱਚੇ ਨਵੋਦਿਆ ਸਕੂਲਾਂ ਵਿੱਚ ਦਾਖਲੇ ਲਈ ਵੀ ਚੁਣੇ ਜਾਂਦੇ ਹਨ। ਉਂਕਾਰ ਸਿੰਘ ਨੇ ਦੱਸਿਆ ਕਿ ਮਹਿੰਦਰ ਪਾਲ ਬਹੁਤ ਹੀ ਮਿਹਨਤੀ ਅਧਿਆਪਕ ਹਨ। ਇਨ੍ਹਾਂ ਦੁਆਰਾ ਭਾਰਤ ਸਕਾਊਟਸ ਐਂਡ ਗਾਈਡਜ਼ ਪੰਜਾਬ ਦਾ ਮੈਗਜ਼ੀਨ 'ਸਕਾਊਟ ਸਨੇਹਾ' ਵੀ ਤਿਆਰ ਕੀਤਾ ਜਾ ਰਿਹਾ ਹੈ। ਉਨ੍ਹਾਂ ਬੱਚਿਆਂ ਨੂੰ ਵੀ ਮਿਹਨਤ ਕਰਨ ਲਈ ਪ੍ਰੇਰਿਆ। ਇਸ ਮੌਕੇ ਸਕੂਲ ਸਟਾਫ ਤੋਂ ਇਲਾਵਾ ਪਰਵਿੰਦਰ ਸਿੰਘ ਪਟਿਆਲਾ, ਮਨਪ੍ਰੀਤ ਕੌਰ, ਪ੍ਰਿੰਸਪਾਲ ਰਣਜੀਤ ਕੌਰ, ਰਾਜ ਕੌਰ, ਮਨਪ੍ਰੀਤ ਕੌਰ, ਰਿੰਪੀ ਕੌਰ, ਹਰਬਿੰਦਰ ਕੌਰ ਆਦਿ ਮੌਜੂਦ ਸਨ।

## ਬ੍ਰਹਮਕੁਮਾਰੀਜ਼ ਆਸ਼ਰਮ ਵਿਖੇ ਰੱਖੜੀ ਦਾ ਤਿਉਹਾਰ ਮਨਾਇਆ

**ਧੂਰੀ (ਸੁਖਦੇਵ ਧੂਰੀ)**-ਸਥਾਨਕ ਪ੍ਰਜਾ ਪਿਤਾ ਬ੍ਰਹਮਕੁਮਾਰੀਜ਼ ਆਸ਼ਰਮ ਵਿਖੇ ਰੱਖੜੀ ਦਾ ਤਿਉਹਾਰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ । ਇਸ ਮੌਕੇ ਸ਼ਾਖਾ ਦੇ ਮੁਖੀ ਬੀ.ਕੇ ਮੂਰਤੀ ਭੈਣ ਦੇ ਨਾਲ ਬੀ ਕੇ ਸੁਨੀਤਾ ਭੈਣ ਵੱਲੋਂ ਆਸ਼ਰਮ ਨਾਲ ਜੁੜੇ ਭਰਾਵਾਂ ਦੇ ਗੁੱਟਾਂ 'ਤੇ ਰੱਖੜੀ ਬੰਨ੍ਹ ਕੇ, ਪ੍ਰਸ਼ਾਦ ਤੇ ਸ਼ੁੱਭਕਾਮਨਾਵਾਂ ਵਾਲੇ ਸਲੋਗਨ ਦਿੱਤੇ ਗਏ। ਇਸ ਮੌਕੇ ਸੇਵਾ ਮੁਕਤ ਕਾਰਜ ਸਾਧਕ ਅਫਸਰ ਸਤੀਸ਼ ਕੁਮਾਰ ਗਰਗ, ਸੇਵਾ ਮੁਕਤ ਜ਼ਿਲ੍ਹਾ ਲੋਕ ਸੰਪਰਕ ਅਫਸਰ ਮਨਜੀਤ ਸਿੰਘ ਬਖ਼ਸ਼ੀ, ਸਮਾਜ ਸੇਵੀ ਤਰਸੇਮ ਮਿੱਤਲ, ਮਹਿੰਦਰ ਪਾਲ ਮਿੰਦਾ, ਰਮੇਸ਼ ਗਰਗ, ਮਲਕੀਤ ਚਾਂਗਲੀ, ਜਨਕ ਰਾਜ ਮੀਮਸਾ ਸਮੇਤ ਅਨੇਕਾਂ ਸ਼ਖ਼ਸੀਅਤਾਂ ਹਾਜ਼ਰ ਸਨ ।



## ਵਿਧਾਇਕ ਸੁਖਾਨੰਦ ਨੇ 41 ਲਾਭਪਾਤਰੀਆਂ ਨੂੰ ਮਕਾਨ ਬਣਾਉਣ ਲਈ ਵੰਡੇ ਸਰਟੀਫਿਕੇਟ



**ਬਾਘਾ ਪੁਰਾਣਾ, (ਮਨੀ ਸਿੰਗਲਾ)**-ਨਗਰ ਕੌਂਸਲ ਦਫ਼ਤਰ ਵਿਖੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਜਿਨ੍ਹਾਂ ਪਰਿਵਾਰਾਂ ਦੇ ਮਕਾਨ ਕੱਚੇ ਸਨ ਜਾਂ ਜਿਨ੍ਹਾਂ ਕੋਲ ਜ਼ਮੀਨ ਹੈ, ਪਰ ਉਹ ਮਕਾਨ ਬਣਾ ਨਹੀਂ ਸਕਦੇ। ਉਨ੍ਹਾਂ 41 ਪਰਿਵਾਰਾਂ ਨੂੰ ਕੱਚੇ ਮਕਾਨਾਂ ਨੂੰ ਪੱਕੇ ਕਰਨ ਲਈ ਰਾਸ਼ੀ ਦੇ ਸਰਟੀਫਿਕੇਟ ਦਿੱਤੇ ਗਏ। ਵਿਧਾਇਕ ਸੁਖਾਨੰਦ ਨੇ ਦੱਸਿਆ ਕਿ ਲੋੜਵੰਦ ਪਰਿਵਾਰਾਂ ਨੂੰ ਮਕਾਨ ਬਣਾਉਣ ਲਈ ਕੇਂਦਰ ਤੇ ਪੰਜਾਬ ਸਰਕਾਰ ਦੀ ਸਕੀਮ ਦੇ ਤਹਿਤ ਇਕ ਲਾਭਪਾਤਰੀਆਂ ਨੂੰ 1.75 ਲੱਖ ਰੁਪਏ ਦੀ ਰਾਸ਼ੀ ਚਾਰ ਕਿਸ਼ਤਾਂ ਵਿੱਚ ਦਿੱਤੀ ਜਾਵੇਗੀ ਤੇ ਚਾਰ ਕਿਸ਼ਤਾਂ ਵਿੱਚ ਮਕਾਨ ਬਣਾਇਆ ਜਾਵੇ। ਉਨ੍ਹਾਂ ਦੱਸਿਆ ਕਿ ਕਰੀਬ 7 ਮਹੀਨੇ ਪਹਿਲਾਂ 50 ਲੋੜਵੰਦ ਪਰਿਵਾਰਾਂ ਦੀਆਂ ਫਾਈਲਾਂ ਭਰੀਆਂ ਗਈਆਂ ਸਨ, ਜਿਨ੍ਹਾਂ 'ਚੋਂ 41 ਪਰਿਵਾਰਾਂ ਦੇ ਕੇਸ ਪਾਸ ਹੋਏ ਹਨ। ਉਨ੍ਹਾਂ ਲਾਭਪਾਤਰੀਆਂ ਨੂੰ ਰਾਸ਼ੀ ਦੇ ਸਰਟੀਫਿਕੇਟ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਰੇਹੜੀ ਵਾਲਿਆਂ ਨੂੰ ਸਰਕਾਰ ਵੱਲੋਂ ਕੰਮ ਵਾਸਤੇ 10 ਹਜ਼ਾਰ ਰੁਪਏ ਦਿੱਤੇ ਜਾਣਗੇ ਤੇ ਸਬਸਿਡੀ ਵੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋੜਵੰਦ ਪਰਿਵਾਰਾਂ ਨੂੰ ਸਰਕਾਰ ਦੀਆਂ ਸਕੀਮਾਂ ਦਾ ਲਾਭ ਉਠਾਉਣਾ ਚਾਹੀਦਾ ਹੈ, ਕਿਉਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲੋੜਵੰਦਾਂ ਪਰਿਵਾਰਾਂ ਦੀਆਂ ਮੁਸ਼ਕਲਾਂ ਨੂੰ ਜ਼ਮੀਨੀ ਪੱਧਰ 'ਤੇ ਜਾਣਦੇ ਹਨ। ਇਸ ਮੌਕੇ ਨਗਰ ਕੌਂਸਲ ਦੇ ਅਧਿਕਾਰੀ ਜਗਜੀਤ ਸਿੰਘ ਸੰਧੂ, ਸੋਨੀ ਧਾਲੀਵਾਲ, ਗੁਰਪ੍ਰੀਤ ਲਧਾਈਕੇ, ਗੁਰਪ੍ਰੀਤ ਮਨਚੰਦਾ, ਧਰਮਿੰਦਰ ਸਿੰਘ, ਮੁਖਤਿਆਰ ਸਿੰਘ, ਮਾਨ ਕੋਟਲਾ, ਮੁਖਤਿਆਰ ਸਿੰਘ, ਟੀਟੂ ਬਰਾੜ, ਬਿਪਨ ਸ਼ਰਮਾ, ਜਗਸੀਰ ਸਿੰਘ ਸੀਰਾ, ਸੀਤਾ ਬਰਾੜ ਲੰਗੇਆਣਾ, ਮਨਦੀਪ ਸਿੰਘ ਮਾਨ ਕੋਟਲਾ, ਮਨਜੀਤ ਸਿੰਘ ਰਾਜੇਆਣਾ, ਪ੍ਰੇਮ ਸਿੰਘ ਬਾਠ, ਮਾਸਟਰ ਕਪਤਾਨ ਸਿੰਘ, ਪ੍ਰਦੀਪ ਨੌਹਰੀਆ, ਸੁਖਮੰਦਰ ਸਿੰਘ ਰਖਰਾ ਤੇ ਹੋਰ ਸ਼ਾਮਲ ਸਨ।

## ਪਿੰਡ ਘਰਖਣਾ 'ਚ ਤੀਆਂ ਦਾ ਤਿਉਹਾਰ ਰਵਾਇਤੀ ਸ਼ਾਨ ਨਾਲ ਮਨਾਇਆ

**ਸਮਰਾਲਾ (ਸੁਰਜੀਤ ਸਿੰਘ)**-ਪਿੰਡ ਘਰਖਣਾ ਵਿਖੇ ਤੀਆਂ ਦਾ ਤਿਉਹਾਰ ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ। ਇਹ ਤੀਆਂ ਦਾ ਤਿਉਹਾਰ ਪਿੰਡ ਦੀਆਂ ਧੀਆਂ ਭੈਣਾਂ ਨੇ ਆਪਣੇ ਪੱਧਰ 'ਤੇ ਏਕੇ ਦਾ ਸਬੂਤ ਦਿੰਦੇ ਹੋਏ ਸਾਰੇ ਨਗਰ ਨੂੰ ਨਾਲ ਲੈ ਕੇ ਮਨਾਇਆ। ਇਸ ਸਮਾਗਮ 'ਚ ਨਗਰ ਵੱਲੋਂ ਆਪਣੇ ਅਲੋਪ ਹੋ ਰਹੇ ਸਭਿਆਚਾਰ ਦੀਆਂ ਵੰਨਗੀਆਂ ਨੂੰ ਸੰਭਾਲਣ ਦਾ ਯਤਨ ਕੀਤਾ ਗਿਆ। ਕੁੜੀਆਂ ਵੱਲੋਂ ਗਿੱਧਾ, ਪੰਜਾਬੀ ਸੌਂਗ ਡਾਂਸ, ਪੰਜਾਬੀ ਪਹਿਰਾਵੇ ਦਾ ਮੁਕਾਬਲਾ, ਕੁੜੀਆਂ ਤੇ ਨੂੰਹਾਂ ਦਾ ਕੁਰਸੀ ਮੁਕਾਬਲਾ ਕਰਾਇਆ ਗਿਆ ਅਤੇ ਬੱਚਿਆਂ ਤੋਂ ਪੰਜਾਬੀ ਵਿਰਸੇ ਸੰਬੰਧੀ ਪ੍ਰਸ਼ਨ ਪੁੱਛੇ ਗਏ। ਇਸ ਤੀਆਂ ਦੇ ਮੇਲੇ ਦਾ ਰਸਮੀ ਉਦਘਾਟਨ ਬੀਬੀ ਪਿੰਦਰਜੀਤ ਕੌਰ ਪਤਨੀ ਜਗਤਾਰ ਸਿੰਘ ਵਿਧਾਇਕ ਸਮਰਾਲਾ ਵੱਲੋਂ ਕੀਤਾ ਗਿਆ। ਉਨ੍ਹਾ ਪਿੰਡ ਦੀਆਂ ਬੀਬੀਆਂ ਦੇ ਇਸ ਸਮਾਗਮ ਦੀ ਸ਼ਲਾਘਾ ਕੀਤੀ। ਕੁਰਸੀ ਮੁਕਾਬਲੇ 'ਚ ਹਰਜੋਤ ਕੌਰ ਟੋਡਰਪੁਰ ਨੇ ਪਹਿਲਾ ਸਥਾਨ ਹਾਸਲ ਕੀਤਾ ਤੇ ਪਿੰਡ ਵੱਲੋਂ ਆਈਆਂ ਵਿਆਹੀਆਂ ਕੁੜੀਆਂ ਨੂੰ ਸੰਧਾਰੇ ਦੇ ਰੂਪ 'ਚ ਲੱਡੂ ਵੀ ਦਿੱਤੇ ਗਏ। ਸਟੇਜ ਸੰਚਾਲਨ ਦੀ ਭੂਮਿਕਾ ਮਾਸਟਰ ਹਰਮਨਦੀਪ ਸਿੰਘ ਮੰਡ ਨੇ ਨਿਭਾਈ ਗਈ ਜਿਨ੍ਹਾਂ ਦਾ ਸਾਥ ਕਿਰਨਦੀਪ ਭੰਗੂ, ਕੁਸਮ ਕੁਮਾਰੀ ਤੇ ਰਾਜੀ ਨੇ ਦਿੱਤਾ।



ਬੀਬੀਆਂ ਤੇ ਨਗਰ ਪੰਚਾਇਤ ਨੇ ਇਸ ਸਾਰੇ ਪ੍ਰਬੰਧ ਲਈ ਮਾਨ ਸਪੋਰਟਸ ਕਲੱਬ ਘਰਖਣਾ ਦੇ ਸਾਰੇ ਮੈਂਬਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਸਮੇਂ ਹਰਚੰਦ ਸਿੰਘ ਪੀ ਏ ਰਾਜਾ ਗਿੱਲ ਵੀ ਆਪਣੇ ਪਰਵਾਰ ਸਮੇਤ ਹਾਜ਼ਰ ਹੋਏ। ਸਮਾਗਮ ਦੌਰਾਨ ਸਾਰਿਆਂ ਲਈ ਸਾਵਨ ਦੇ ਪਕਵਾਨ ਟਿੱਕੀਆਂ, ਦਹੀਂ ਭੱਲੇ ਅਤੇ ਹੋਰ ਖਾਣ ਪੀਣ ਦਾ ਸਮਾਨ ਵਰਤਾਇਆ ਗਿਆ। ਇਸ ਸਮੇਂ ਪਿੰਡ ਦੇ ਸਰਪੰਚ ਸੁਖਵਿੰਦਰ ਸਿੰਘ, ਪ੍ਰਦੀਪ ਸਿੰਘ ਸਾਬਕਾ ਸਰਪੰਚ, ਗੁਰਮੀਤ ਸਿੰਘ ਪੰਚ, ਗੁਰਜੀਤ ਸਿੰਘ, ਗਗਨਦੀਪ, ਜਤਿੰਦਰ ਸਿੰਘ ਆਦਿ ਹਾਜ਼ਰ ਸਨ।

## ਸਿਵਲ ਹਸਪਤਾਲ ਦੇ ਐੱਸ ਐੱਮ ਓ ਦਾ ਸਨਮਾਨ



**ਮੁਕਤਸਰ (ਸ਼ਮਿੰਦਰਪਾਲ /ਪੂਜਾ )**-ਸਿਵਲ ਸਰਜਨ ਡਾਕਟਰ ਰੀਟਾ ਬਾਲਾ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਲੋਕਾਂ ਨੂੰ ਮਿਲ ਰਹੀਆਂ ਸਰਕਾਰੀ ਸਹੂਲਤਾਂ ਬਹੁਤ ਸ਼ਲਾਘਾਯੋਗ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਮੁਕਤੀਸਰ ਵੈਲਫ਼ੇਅਰ ਦੀ ਟੀਮ ਨੇ ਸਿਵਲ ਹਸਪਤਾਲ ਵਿਖੇ ਪਹੁੰਚ ਕੇ ਮਰੀਜ਼ਾਂ ਨੂੰ ਮਿਲ ਰਹੀਆਂ ਸਿਹਤ ਸਹੂਲਤਾਂ ਬਾਰੇ ਉਨ੍ਹਾਂ ਪਾਸੋਂ ਜਾਣਕਾਰੀ ਲੈ ਕੇ ਐਸ.ਐਮ.ਓ ਡਾ.ਰਾਹੁਲ ਜਿੰਦਲ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਸੰਸਥਾ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਟੀਮ ਵਿੱਚ ਜਸਪ੍ਰੀਤ ਸਿੰਘ ਛਾਬੜਾ, ਡਾ.ਵਿਜੈ ਬਜਾਜ, ਜੋਗਿੰਦਰ ਸਿੰਘ, ਰਜਿੰਦਰ ਪ੍ਰਸਾਦ ਗੁਪਤਾ ਆਦਿ ਹਾਜ਼ਰ ਸਨ। ਇਸ ਦੌਰਾਨ ਨੈਸ਼ਨਲ ਅਵਾਰਡੀ ਮੈਂਬਰਾਂ ਨੇ ਕਿਹਾ ਕਿ ਸਿਵਲ ਹਸਪਤਾਲ, ਸ੍ਰੀ ਮੁਕਤਸਰ ਸਾਹਿਬ ਵਿੱਚ ਤਜਰਬੇਕਾਰ ਡਾਕਟਰਾਂ ਵੱਲੋਂ ਬੜੇ ਹੀ ਨਰਮ ਸੁਭਾਅ ਵਿੱਚ ਮਰੀਜ਼ਾਂ ਦੀਆਂ ਮੁਸ਼ਕਲਾਂ ਸੁਣ ਕੇ ਉਨ੍ਹਾਂ ਦਾ ਤਸੱਲੀਬਖਸ਼ ਇਲਾਜ ਕੀਤਾ ਜਾ ਰਿਹਾ ਹੈ ਅਤੇ ਮਰੀਜ਼ਾਂ ਨੂੰ ਦਵਾਈਆਂ ਹਸਪਤਾਲ ਵਿੱਚੋਂ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਹਸਪਤਾਲ ਵਿੱਚ ਸਾਫ਼ ਸਫ਼ਾਈ ਪ੍ਰਬੰਧ ਵੀ ਸ਼ਲਾਘਾਯੋਗ ਹੈ। ਪੰਜਾਬ ਸਰਕਾਰ ਵੱਲੋਂ ਸਿਵਲ ਹਸਪਤਾਲ ਨੂੰ ਅੱਪ ਗ੍ਰੇਡ ਕਰਨ ਤੋਂ ਬਾਅਦ ਮਰੀਜ਼ਾਂ ਦੀ ਗਿਣਤੀ ਕਾਫ਼ੀ ਇਜ਼ਾਫ਼ਾ ਵੇਖਣ ਨੂੰ ਮਿਲਿਆ ਹੈ। ਇਸ ਉਪਰਾਲੇ ਲਈ ਮੁਕਤਸਰ ਵੈਲਫੇਅਰ ਕਲੱਬ ਵੱਲੋਂ ਪੰਜਾਬ ਸਰਕਾਰ ਅਤੇ ਸਿਹਤ ਪ੍ਰਸ਼ਾਸਨ ਦਾ ਧੰਨਵਾਦ ਕੀਤਾ।

## ਚਰਨਕੰਵਲ ਕੌਰ ਜ਼ਿਲ੍ਹਾ ਪੱਧਰੀ ਕਵਿਤਾ ਮੁਕਾਬਲੇ 'ਚੋਂ ਅੱਵਲ

**ਮਹਿਲ ਕਲਾਂ, (ਬਲਵਿੰਦਰ ਵਜੀਦਕੇ,ਪ੍ਰਦੀਪ ਲੋਹਗੜ੍ਹ )**- ਭਾਸ਼ਾ ਵਿਭਾਗ ਬਰਨਾਲਾ ਵੱਲੋਂ ਜ਼ਿਲ੍ਹਾ ਪੱਧਰੀ ਸਾਹਿਤ ਸਿਰਜਣਾ ਅਤੇ ਕਵਿਤਾ ਗਾਇਨ ਮੁਕਾਬਲੇ ਕਰਵਾਏ ਗਏ। ਜਿਸ ਦੇ ਪਹਿਲੇ ਭਾਗ ਵਿਚ ਕਵਿਤਾ, ਕਹਾਣੀ, ਵਾਰਤਕ ਸਿਰਜਣ ਦੇ ਮੁਕਾਬਲੇ ਹੋਏ। ਜਿਸ ਦੇ ਜੱਜ ਸਾਹਿਬਾਨ ਤੇਜਾ ਸਿੰਘ ਤਿਲਕ ਅਤੇ ਡਾ. ਕੁਲਦੀਪ ਸਿੰਘ ਬੇਦੀ ਸਨ । ਦੂਜੇ ਹਿੱਸੇ ਵਿਚ ਕਵਿਤਾ ਗਾਇਨ ਮੁਕਾਬਲੇ ਕਰਵਾਏ ਗਏ ਜਿਸ ਵਿਚ ਜ਼ਿਲੇ ਦੇ ਲਗਭਗ 45 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਕਵਿਤਾ ਗਾਇਨ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਸਰਕਾਰੀ ਹਾਈ ਸਕੂਲ ਸਹਿਜੜਾ ਦੀ ਵਿਦਿਆਰਥਣ ਚਰਨਕੰਵਲ ਕੌਰ ਪੁੱਤਰੀ ਗੁਰਪ੍ਰੀਤ ਸਿੰਘ ਨੂਰ ਮਾਛੀਵਾੜਾ ਨੇ ਪ੍ਰਾਪਤ ਕੀਤਾ। ਸਰਕਾਰੀ ਹਾਈ ਸਕੂਲ ਸਹਿਜੜਾ ਦੇ ਇੰਚਾਰਜ ਪ੍ਰਗਟ ਸਿੰਘ ਅਤੇ ਵਿਦਿਆਰਥਣ ਦੇ ਜਮਾਤ ਇੰਚਾਰਜ ਤੇ ਗਾਈਡ ਅਧਿਆਪਕਾ ਕਿਰਨਦੀਪ ਕੌਰ ਨੇ ਵਿਦਿਆਰਥਣ ਦੀ ਪ੍ਰਾਪਤੀ 'ਤੇ ਖ਼ੁਸ਼ੀ ਜ਼ਾਹਰ ਕੀਤੀ। ਭਾਸ਼ਾ ਵਿਭਾਗ ਦੇ ਖੋਜ ਅਫਸਰ ਬਿੰਦਰ ਸਿੰਘ ਖੁੱਡੀ ਨੇ ਆਏ ਹੋਏ ਸਾਰੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਜੀ ਆਇਆਂ ਨੂੰ ਕਿਹਾ ਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਪੂਜਾ ਵਰਮਾ ਨੇ ਆਏ ਹੋਏ ਵਿਦਿਆਰਥੀਆਂ, ਅਧਿਆਪਕਾਂ, ਜੱਜ ਸਾਹਿਬਾਨ ਅਤੇ ਮਾਪਿਆਂ ਦਾ ਧੰਨਵਾਦ ਕੀਤਾ।




ਉਤਰ ਰੇਲਵੇ

ਈ-ਨਿਵਿਦਾ ਸੂਚਨਾ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਸੀਨੀਅਰ ਮੰਡਲ ਇੰਜੀਨੀਅਰ-ਚੌਥਾ,** ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ **21.09.2023** ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਨਿਵਿਦਾ ਸ਼ੁਰੂ ਕਰਨ ਦੀ ਮਿਤੀ | ਨਿਵਿਦਾ ਸਮਾਪਤੀ ਦੀ ਮਿਤੀ ਅਤੇ ਸਮਾਂ |
| 29.08.2023 | 07.09.2023 | 21.09.2023 / 15:00 ਵਜੇ |

| ਲੜੀ ਨੰਬਰ | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | |
|---|---|---|---|---|
| 1. | 188-2023-24-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਤਹਿਤ ਪਲੇਟਫਾਰਮ- ਨੰ. 2 ਤੇ ਅਸਕੇਲੇਟਰ ਦੇ ਪ੍ਰਾਵਧਾਨ ਦੇ ਲਈ ਸਿਵਿਲ ਕੰਮ। ਸ਼੍ਰੀਨਗਰ ਸਟੇਸ਼ਨ ਦੇ ਤਹਿਤ ਆਉਣ ਵਾਲੇ ਬਨਿਹਾਲ-ਬਾਰਾਮੂਲਾ ਦੇ ਪਲੇਟਫਾਰਮ ਨੰ. 1 ਤੇ 2 ਤੇ ਅਤੇ ਪਲੇਟਫਾਰਮ ਨੰ. 2 ਅਤੇ 3 ਤੇ ਅਸਕੇਲੇਟਰ ਦਾ ਕੰਮ। | | |
| | ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 1,38,44,030.42/- | 2,19,200.00/- | 60 ਦਿਨ | 12 ਮਹੀਨੇ |
| | ਸਮਾਨ ਨੇਚਰ ਦਾ ਕੰਮ:- "ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ"। | | | |
| 2. | 189-2023-24-UHP-DRM-FZR | ਸਹਾਇਕ ਮੰਡਲ ਇੰਜੀਨੀਅਰ/ਉਧਮਪੁਰ ਦੇ ਤਹਿਤ ਆਉਣ ਵਾਲੇ ਸੀਨੀਅਰ ਸੇਕਸ਼ਨ ਇੰਜੀਨੀਅਰ ਵਰਕਸ ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟਰਾ ਦੇ ਅਨੁਭਾਗ ਵਿਚ ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟਰਾ ਸਟੇਸ਼ਨ ਤੇ 4 ਨੰ. ਅਸਕੇਲੇਟਰ ਅਤੇ ਸਬੰਧ ਕੰਮਾਂ ਦੇ ਪ੍ਰਾਵਧਾਨ ਦੇ ਲਈ ਸਿਵਿਲ ਕੰਮ। | | |
| | ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 1,79,76,491.17/- | 2,39,900.00/- | 60 ਦਿਨ | 12 ਮਹੀਨੇ |
| | ਸਮਾਨ ਨੇਚਰ ਦਾ ਕੰਮ:- "ਕੋਈ ਵੀ ਸਿਵਿਲ ਕੰਮ ਟ੍ਰੈਕ ਦੇ ਇਲਾਵਾ"। | | | |

**ਨੋਟ : 1.** ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। **ਨਿਵਿਦਾ ਸੂਚਨਾ ਨੰ.:-** 188-2023-24-BDGM-DRM-FZR & 189-2023-24-UHP-DRM-FZR Date : 29.08.2023 2694/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਸਰਕਾਰ ਨੇ ਨਿਗੂਣੀ ਰਾਸ਼ੀ ਜਾਰੀ ਕਰ ਹੜ੍ਹ ਪ੍ਰਭਾਵਿਤ ਕਿਸਾਨਾਂ ਦੇ ਜ਼ਖਮਾਂ 'ਤੇ ਲੂਣ ਛਿੜਕਿਆ : ਘਨੌਰੀ



**ਧੂਰੀ, (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਮੀਤ ਪ੍ਰਧਾਨ ਤੇ ਮਾਰਕਿਟ ਕਮੇਟੀ ਸ਼ੇਰਪੁਰ ਦੇ ਸਾਬਕਾ ਚੇਅਰਮੈਨ ਇੰਦਰਜੀਤ ਸਿੰਘ ਘਨੌਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਨੇ ਹੜ੍ਹਾਂ ਨਾਲ ਕਿਸਾਨਾਂ ਦੇ ਹੋਏ ਨੁਕਸਾਨ ਲਈ 186 ਕਰੋੜ ਰੁਪਏ ਦੀ ਨਿਗੂਣੀ ਰਾਸ਼ੀ ਜਾਰੀ ਕਰ ਕੇ ਕਿਸਾਨਾਂ ਦੇ ਜ਼ਖਮਾਂ 'ਤੇ ਲੂਣ ਛਿੜਕਿਆ ਹੈ ਤੇ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਦੋਂ ਤੱਕ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਉਨ੍ਹਾਂ ਦੇ ਨੁਕਸਾਨ ਦਾ ਢੁੱਕਵਾਂ ਮੁਆਵਜ਼ਾ ਨਹੀਂ ਮਿਲਦਾ, ਅਕਾਲੀ ਦਲ ਆਪਣਾ ਸੰਘਰਸ਼ ਜਾਰੀ ਰੱਖੇਗਾ। ਉਨ੍ਹਾ ਕਿਹਾ ਕਿ ਇਹ ਪੈਸਾ ਬਹੁਤ ਥੋੜ੍ਹਾ ਹੈ ਤੇ ਇਸ ਨਾਲ ਸੂਬੇ ਵਿੱਚ ਕਿਸਾਨਾਂ ਦੇ ਹੋਏ ਨੁਕਸਾਨ ਨੂੰ ਅੰਸ਼ਕ ਤੌਰ 'ਤੇ ਵੀ ਨਹੀਂ ਪੂਰਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਲਈ ਸਿਰਫ 186 ਕਰੋੜ ਰੁਪਏ ਜਾਰੀ ਕੀਤੇ ਹਨ, ਜਦੋਂਕਿ ਉਨ੍ਹਾਂ ਨੇ ਇਸ਼ਤਿਹਾਰਾਂ ਰਾਹੀਂ ਆਪਣੇ ਪ੍ਰਚਾਰ 'ਤੇ 750 ਕਰੋੜ ਰੁਪਏ ਖਰਚ ਕੀਤੇ। ਉਨ੍ਹਾਂ ਕਿਹਾ ਕਿ ਇਸ ਫਜ਼ੂਲ ਖਰਚੀ ਨੂੰ ਰੋਕ ਕੇ ਕਿਸਾਨਾਂ ਦਾ ਮੁਆਵਜ਼ਾ ਤਿੰਨ ਗੁਣਾ ਵਧਾਇਆ ਜਾਣਾ ਚਾਹੀਦਾ ਹੈ।

ਉਨ੍ਹਾ ਦੱਸਿਆ ਕਿ ਕਿਵੇਂ ਆਪ ਸਰਕਾਰ ਪਹਿਲਾਂ ਹੜ੍ਹਾਂ ਦੀ ਰੋਕਥਾਮ ਵਾਸਤੇ ਸਮੇਂ ਸਿਰ ਕਦਮ ਚੁੱਕਣ ਵਿੱਚ ਨਾਕਾਮ ਰਹੀ ਤੇ ਫਿਰ ਇਸ ਨੇ ਭਾਖੜਾ ਤੇ ਪੌਂਗ ਡੈਮਾਂ ਤੋਂ ਛੱਡੇ ਪਾਣੀ ਦੀ ਨਿਕਾਸੀ ਵਾਸਤੇ ਸੁਚੱਜੇ ਪ੍ਰਬੰਧ ਨਹੀਂ ਕੀਤੇ। ਉਨ੍ਹਾ ਕਿਹਾ ਕਿ ਇਸ ਮਗਰੋਂ ਸੂਬੇ ਵਿੱਚ ਹਜ਼ਾਰਾਂ ਏਕੜ ਫਸਲ ਡੁੱਬ ਗਈ, ਜਦੋਂ ਕਿ ਆਪ ਮੰਤਰੀ ਤੇ ਵਿਧਾਇਕ ਪੀੜਤ ਲੋਕਾਂ ਦੀ ਮਦਦ ਕਰਨ ਦੀ ਥਾਂ ਸਿਰਫ ਤਸਵੀਰਾਂ ਖਿਚਵਾਉਣ ਵਿੱਚ ਰੁਝੇ ਰਹੇ।

## ਸੰਤ ਕਬੀਰ ਸਕੂਲ 'ਚ ਰਾਸ਼ਟਰੀ ਖੇਡ ਦਿਵਸ ਮਨਾਇਆ

**ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)**- ਸੰਤ ਕਬੀਰ ਸਕੂਲ ਵਿਖੇ ਪ੍ਰਸਿੱਧ ਹਾਕੀ ਖਿਡਾਰੀ ਸ੍ਰੀ ਧਿਆਨ ਚੰਦ ਦੀ ਯਾਦ ਵਿੱਚ ਰਾਸ਼ਟਰੀ ਖੇਡ ਦਿਵਸ ਮਨਾਇਆ ਗਿਆ। ਜਿਸ ਦੌਰਾਨ ਵਿਦਿਆਰਥੀਆਂ ਦੀਆਂ ਵੱਖ ]ਵੱਖ ਤਰ੍ਹਾਂ ਦੀਆਂ ਆਊਟਡੋਰ ਅਤੇ ਇਨਡੋਰ ਖੇਡਾਂ ਕਰਵਾਈਆਂ ਗਈਆਂ। ਸਾਰੇ ਬੱਚਿਆਂ ਨੇ ਖੇਡਾਂ ਵਿੱਚ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ । ਇਸ ਮੌਕੇ ਸਕੂਲ ਦੇ ਐਮ. ਡੀ. ਪ੍ਰੋ. ਐਮ .ਐਲ. ਅਰੋੜਾ, ਪ੍ਰਿੰਸੀਪਲ ਮੈਡਮ ਕੰਚਨ ਅਤੇ ਮੈਡਮ ਸੋਨੀਆ ਧਵਨ ਨੇ ਸੰਬੋਧਨ ਕਰਦੇ ਹੋਏ ਧਿਆਨ ਚੰਦ ਦੀ ਜੀਵਨੀ 'ਤੇ ਚਾਨਣਾ ਪਾਇਆ ਅਤੇ ਖੇਡਾਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਸਮਾਪਤੀ 'ਤੇ ਜੇਤੂ ਬੱਚਿਆਂ ਨੂੰ ਹੌਸਲਾ ਅਫਜ਼ਾਈ ਵਜੋਂ ਇਨਾਮ ਵੰਡੇ ਗਏ ਅਤੇ ਭਵਿੱਖ ਵਿੱਚ ਵੀ ਅਜਿਹੀਆਂ ਖੇਡਾਂ ਵਿੱਚ ਭਾਗ ਲੈਂਦੇ ਰਹਿਣ ਲਈ ਪ੍ਰੇਰਿਤ ਕੀਤਾ।



## ਤੰਦਰੁਸਤ ਸਿਹਤ ਦਾ ਸੰਦੇਸ਼ ਦਿੰਦੀ ਸਾਈਕਲ ਰੈਲੀ ਦਾ ਆਯੋਜਨ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਤੰਦਰੁਸਤ ਰੱਖਣ ਲਈ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਦੇ ਸਬੰਧ ਵਿੱਚ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਵੱਲੋਂ ਮਿਲੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਦੀ ਅਗਵਾਈ ਵਿਚ 'ਕੌਮੀ ਖੇਡ ਦਿਵਸ' ਮੌਕੇ ਸਰਕਾਰੀ ਮਿਡਲ ਸਕੂਲ ਭੱਟਮਾਜਰਾ ਵਿਖੇ ਗੈਰ ਸੰਚਾਰੀ ਬਿਮਾਰੀਆਂ ਸੰਬੰਧੀ ਜਾਗਰੂਕ ਕਰਨ ਲਈ ਸਕੂਲ ਦੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਸਾਈਕਲ ਜਾਗਰੂਕਤਾ ਰੈਲੀ ਕੱਢੀ ਗਈ।

ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਬਲਜਿੰਦਰ ਸਿੰਘ ਨੇ ਕਿਹਾ ਕਿ ਦੇਸ ਵਿਚ 63 ਫ਼ੀਸਦੀ ਤੋਂ ਵੱਧ ਮੌਤਾਂ ਗੈਰ ਸੰਚਾਰੀ ਰੋਗਾਂ ਕਾਰਨ ਹੋ ਰਹੀਆਂ ਹਨ ਤੇ ਜ਼ਿਆਦਾਤਰ ਗੈਰਸੰਚਾਰੀ ਰੋਗ, ਕਸਰਤ ਨਾ ਕਰਨ ਕਰਕੇ, ਤੰਬਾਕੂ, ਸ਼ਰਾਬ ਆਦਿ ਨਸ਼ੇ ਦੀ ਵਰਤੋਂ, ਖਾਣ ਪੀਣ ਦੀਆਂ ਗ਼ਲਤ ਆਦਤਾਂ ਤੇ ਦੂਸ਼ਿਤ ਹਵਾ ਕਾਰਨ ਹੋ ਰਹੀਆਂ ਹਨ। ਇਸ ਲਈ ਅੱਜ ਸਾਈਕਲ ਰੈਲੀ ਦਾ ਮੰਤਵ ਲੋਕਾਂ ਨੂੰ ਕਸਰਤ ਕਰਨ ਲਈ ਉਤਸ਼ਾਹਤ ਕਰਨਾ ਹੈ ਤੇ ਉਨ੍ਹਾਂ ਨੂੰ ਗੈਰ ਸੰਚਾਰੀ ਰੋਗ ਜਿਵੇਂ ਸ਼ੂਗਰ, ਬਲੱਡ ਪ੍ਰੈਸ਼ਰ, ਕੈਂਸਰ, ਦਿਲ/ਦਿਮਾਗ਼ ਦਾ ਦੌਰਾ ਆਦਿ ਬਾਰੇ ਜਾਗਰੂਕ ਕਰਨਾ ਹੈ।

ਉਨ੍ਹਾਂ ਅਪੀਲ ਕੀਤੀ ਕਿ ਹਫ਼ਤੇ ਵਿੱਚ ਢਾਈ ਘੰਟੇ ਹਰ ਵਿਅਕਤੀ ਨੂੰ ਕਸਰਤ ਕਰਨੀ ਚਾਹੀਦੀ ਹੈ ਤੇ ਨਿਰੋਗ ਜ਼ਿੰਦਗੀ ਜਿਊਣੀ ਚਾਹੀਦੀ ਹੈ। ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕ ਜਸਪਾਲ ਸਿੰਘ ਢੀਂਡਸਾ, ਅਧਿਆਪਕ ਕਿੰਗ ਕੰਵਲ ਸਿੰਘ, ਹਰਸਿਮਰਨ ਕੌਰ, ਵਿਦਿਆਰਥੀ ਤੇ ਸਿਹਤ ਵਿਭਾਗ ਵੱਲੋਂ ਡਿਪਟੀ ਮਾਸ ਮੀਡੀਆ ਅਫ਼ਸਰ ਜਸਵਿੰਦਰ ਕੌਰ ਤੇ ਜ਼ਿਲ੍ਹਾ ਬੀ.ਸੀ.ਸੀ. ਕੋਆਡੀਨੇਟਰ ਅਮਰਜੀਤ ਸਿੰਘ ਨੇ ਸਾਈਕਲ ਰੈਲੀ ਵਿੱਚ ਭਾਗ ਲਿਆ।

31-August-PAGE-11-Majha-23.qxd 8/30/2023 10:57 PM Page 1



# ਲੁਟੇਰਿਆਂ ਨੂੰ ਕਾਬੂ ਕਰਨ ਗਈ ਪੁਲਸ ਪਾਰਟੀ 'ਤੇ ਚੱਲੀਆਂ ਗੋਲੀਆਂ

## ਜਵਾਬੀ ਕਾਰਵਾਈ 'ਚ ਇੱਕ ਜ਼ਖ਼ਮੀ, ਲੁੱਟੇ ਸਾਮਾਨ ਤੇ ਪਿਸਤੌਲ ਸਮੇਤ ਲੁਟੇਰੇ ਕਾਬੂ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਰੱਖੜੀ ਦੇ ਤਿਉਹਾਰ ਮੌਕੇ ਪਤਨੀ ਨਾਲ ਸਹੁਰੇ ਘਰ ਜਾ ਰਹੇ ਵਿਅਕਤੀ ਨੂੰ ਲੁੱਟ ਕੇ ਭੱਜ ਰਹੇ ਲੁਟੇਰਿਆਂ ਦਾ ਪਿੱਛਾ ਕਰ ਰਹੀ ਪੁਲਸ 'ਤੇ ਗੋਲੀਆਂ ਚੱਲਣ ਦੀ ਖਬਰ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਭਿੱਖੀਵਿੰਡ ਤੋਂ ਪੱਟੀ ਵਾਲੇ ਪਾਸੇ ਜਾ ਰਹੇ ਵਿਅਕਤੀ ਨੂੰ ਦੋ ਨਕਾਬਪੋਸ਼ ਲੁਟੇਰਿਆਂ ਨੇ ਘੇਰ ਕੇ ਲੁੱਟ ਦਾ ਸ਼ਿਕਾਰ ਬਣਾਇਆ ਸੀ, ਜਿਸ ਤੋਂ ਬਾਅਦ ਪੁਲਸ ਪਾਰਟੀ ਵੱਲੋਂ ਦੋਵਾਂ ਲੁਟੇਰਿਆਂ ਨੂੰ ਕਾਬੂ ਕਰ ਲਿਆ ਗਿਆ ਹੈ। ਕੱਚਾ ਪੱਕਾ ਪੁਲਸ ਵੱਲੋਂ ਕਾਬੂ ਕੀਤੇ ਗਏ ਲੁਟੇਰਿਆਂ ਦੀ ਪਛਾਣ ਮਨਦੀਪ ਸਿੰਘ ਅਤੇ ਗੁਰਸਾਹਿਬ ਸਿੰਘ ਵਜੋਂ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੀੜਤ ਕਲਗਾ ਸਿੰਘ ਪੁੱਤਰ ਰਾਮ ਸਿੰਘ ਵਾਸੀ ਭਿੱਖੀਵਿੰਡ ਨੇ ਦੱਸਿਆ ਕਿ ਉਹ ਰੱਖੜੀ ਤਿਆਰ ਮੌਕੇ ਆਪਣੀ ਪਤਨੀ ਕੁਲਦੀਪ ਕੌਰ ਤੇ ਬੱਚੇ ਗੁਰਮੇਲ ਸਿੰਘ ਨਾਲ ਸਹੁਰੇ ਜਾ ਰਿਹਾ ਸੀ। ਜਦੋਂ ਉਹ ਸਮਾਂ ਕਰੀਬ 10:19 ਵਜੇ ਪਿੰਡ ਭੈਣੀ ਗੁਰਮੱਖ ਸਿੰਘ 'ਚ ਸਥਿਤ ਪੀਰ ਦੀ ਜਗ੍ਹਾ ਨਜਦੀਕ ਪੁੱਜਿਆ ਤਾਂ ਦੋ ਨਕਾਬਪੋਸ਼ ਵਿਅਕਤੀ ਜੋ ਮੋਟਰਸਾਈਕਲ 'ਤੇ ਸਵਾਰ ਸਨ, ਨੇ ਸਾਈਡ ਮਾਰ ਕੇ ਉਸਦਾ ਮੋਟਰਸਾਈਕਲ ਰੋਕ ਲਿਆ ਤੇ ਉਸਦੇ ਲੜਕੇ 'ਤੇ ਪਿਸਤੌਲ ਤਾਣ ਕੇ ਉਸਦੀ ਪਤਨੀ ਦੇ ਕੰਨਾਂ ਦੀਆਂ ਵਾਲੀਆਂ ਖੋਹ ਲਈਆਂ ਅਤੇ ਮੌਕੇ ਤੋਂ ਫਰਾਰ ਹੋ ਗਏ। ਕਲਗਾ ਸਿੰਘ ਨੇ ਦੱਸਿਆ ਕਿ ਘਟਨਾ ਤੋਂ ਤੁਰੰਤ ਬਾਅਦ ਉਸ ਨੇ ਪੁਲਸ ਨੂੰ ਸੂਚਿਤ ਕੀਤਾ। ਵਰਣਨਯੋਗ ਹੈ ਕਿ ਘਟਨਾ ਵਾਲੀ ਥਾਂ 'ਤੇ ਪਹੁੰਚ ਕੇ ਪਰਿਵਾਰ ਤੋਂ ਪੁੱਛਗਿੱਛ ਦੌਰਾਨ ਇਕੱਤਰ ਕੀਤੀ ਜਾਣਕਾਰੀ ਦੇ ਅਧਾਰ 'ਤੇ ਥਾਣਾ ਕੱਚਾ ਪੱਕਾ ਦੀ ਪੀਸੀਆਰ ਟੀਮ ਦੇ ਮੈਂਬਰ ਏਐੱਸਆਈ ਨਿਸ਼ਾਨ ਸਿੰਘ ਅਤੇ ਹੈੱਡ ਕਾਂਸਟੇਬਲ ਕਸ਼ਮੀਰ ਸਿੰਘ ਨੇ ਲੁਟੇਰਿਆਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਪੁਲਸ ਪਾਰਟੀ ਨੇ ਲੁਟੇਰਿਆਂ ਨੂੰ ਪਿੰਡ ਕੁੱਲੇ ਨਜ਼ਦੀਕ ਘੇਰ ਕੇ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਲੁਟੇਰਿਆਂ ਨੇ ਪੁਲਸ 'ਤੇ ਤਾਬੜਤੋੜ ਗੋਲੀਆਂ ਨਾਲ ਹਮਲਾ ਕਰ ਦਿੱਤਾ, ਜਿਸ ਤੋਂ ਬਾਅਦ ਪੁਲਸ ਪਾਰਟੀ ਨੇ ਸੈਲਫ ਡਿਫੈਂਸ 'ਚ ਜਵਾਬੀ ਕਾਰਵਾਈ ਕੀਤੀ। ਪੁਲਸ ਵੱਲੋਂ ਕੀਤੀ ਗਈ ਫਾਇਰਿੰਗ ਦੌਰਾਨ ਇੱਕ ਲੁਟੇਰਾ ਗੋਲੀ ਲੱਗਣ ਕਾਰਨ ਜ਼ਖਮੀ ਹੋ ਕੇ ਮੋਟਰਸਾਈਕਲ ਤੋਂ ਥੱਲੇ ਡਿੱਗ ਗਿਆ, ਜਿਸਨੂੰ ਪੁਲਸ ਨੇ ਤੁਰੰਤ ਦਬੋਚ ਲਿਆ। ਇਸ ਤੋਂ ਬਾਅਦ ਪੁਲਸ ਨੇ ਦੂਜੇ ਲੁਟੇਰੇ ਨੂੰ ਵੀ ਕਾਬੂ ਕਰ ਲਿਆ ਅਤੇ ਜ਼ਖਮੀ ਲੁਟੇਰੇ ਨੂੰ ਸਿਵਲ ਹਸਪਤਾਲ ਤਰਨ ਤਾਰਨ 'ਚ ਇਲਾਜ ਲਈ ਭੇਜ ਦਿੱਤਾ।



ਕਾਬੂ ਕੀਤੇ ਗਏ ਲੁਟੇਰੇ ਤੋਂ ਪਿਸਤੌਲ, ਇੱਕ ਚੱਲਿਆ ਕਾਰਤੂਸ ਤੇ ਤਿੰਨ ਜ਼ਿੰਦਾ ਰੌਂਦ ਬਰਾਮਦ ਕੀਤੇ ਗਏ ਹਨ ਅਤੇ ਜ਼ਖਮੀ ਲੁਟੇਰੇ ਕੋਲੋਂ ਖੋਹੀਆਂ ਵਾਲੀਆਂ ਬਰਾਮਦ ਕੀਤੀਆਂ ਗਈਆਂ ਹਨ। ਉੱਧਰ ਜਦੋਂ ਇਸ ਮਾਮਲੇ ਸੰਬੰਧੀ ਸਬ-ਡਵੀਜਨ ਭਿੱਖੀਵਿੰਡ ਦੇ ਡੀਐੱਸਪੀ ਪ੍ਰੀਤਇੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਉਪਰੋਕਤ ਘਟਨਾ 'ਤੇ ਕਾਰਵਾਈ ਕਰਦਿਆਂ ਧਾਰਾ 307, 379ਬੀ,341 ਅਤੇ 34 ਆਈਪੀਸੀ ਅਤੇ 25/54/59 ਆਰਮਜ਼ ਐਕਟ ਅਧੀਨ ਮਾਮਲਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ।

ਇਸ ਮੌਕੇ ਉਨ੍ਹਾਂ ਦੱਸਿਆ ਕਿ ਉਪਰੋਕਤ ਦੋਵਾਂ ਮੁਲਜ਼ਮਾਂ ਵਿਰੁੱਧ ਨਸ਼ਾ ਤਸਕਰੀ ਅਤੇ ਅਸਲਾ ਐਕਟ ਅਧੀਨ ਵੱਖ-ਵੱਖ ਥਾਣਿਆਂ 'ਚ ਪਹਿਲਾਂ ਵੀ ਮੁਕੱਦਮੇ ਦਰਜ ਹਨ। ਜ਼ਿਕਰਯੋਗ ਹੈ ਕਿ ਕਲਗਾ ਸਿੰਘ ਨੇ ਡੀਐੱਸਪੀ ਪ੍ਰੀਤ ਇੰਦਰ ਸਿੰਘ ਭਿੱਖੀਵਿੰਡ ਅਤੇ ਥਾਣਾ ਕੱਚਾ ਪੱਕਾ ਦੇ ਐੱਸਐੱਚਓ ਬਲਰਾਜ ਸਿੰਘ, ਏਐੱਸਆਈ ਨਿਸ਼ਾਨ ਸਿੰਘ, ਐੱਚਸੀ ਕਸ਼ਮੀਰ ਸਿੰਘ ਜਿਨ੍ਹਾਂ ਨੇ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਬਹਾਦਰੀ ਨਾਲ ਲੁਟੇਰਿਆਂ ਨੂੰ ਦਬੋਚਿਆ, ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਬੱਖਤਪੁਰਾ ਵੱਲੋਂ ਰਾਜਧਾਨੀ ਚੰਡੀਗੜ੍ਹ ਨੂੰ ਪੰਜਾਬ ਹਵਾਲੇ ਕਰਨ ਦੀ ਮੰਗ



ਬਟਾਲਾ (ਤਰਲੋਕ ਬੱਗਾ)-ਸੀਪੀਆਈ ਐੱਮਐੱਲ ਲਿਬਰੇਸ਼ਨ ਨੇ ਸੁਪਰੀਮ ਕੋਰਟ ਦੁਆਰਾ ਜੇ ਐਂਡ ਕੇ ਦੀ ਤੋੜੀ ਗਈ ਧਾਰਾ 370 ਦੀ ਸੁਣਵਾਈ ਕਰਦਿਆਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਦਹਾਕਿਆਂ ਤੋਂ ਕੇਂਦਰੀ ਸ਼ਾਸਤ ਪ੍ਰਦੇਸ ਰੱਖਣ ਦੀ ਕੀਤੀ ਗਈ ਟਿੱਪਣੀ ਨੂੰ ਪੰਜਾਬ ਦੇ ਹਿੱਤ ਵਿਚ ਦੱਸਿਆ ਹੈ।

ਇਸ ਸਬੰਧੀ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਭਾਵੇਂ ਪੰਜਾਬ ਦੀਆਂ ਸਮੂਹ ਹਾਕਮ ਪਾਰਟੀਆਂ ਕੇਂਦਰ ਦੀਆਂ ਸਰਕਾਰਾਂ ਵਿਚ ਭਾਈਵਾਲ ਹੋਣ ਦੇ ਬਾਵਜੂਦ ਚੰਡੀਗੜ੍ਹ ਦੇ ਮੁੱਦੇ ਨੂੰ ਉਠਾਉਣ ਲਈ ਕਦੇ ਮੂੰਹ ਨਹੀਂ ਖੋਲ੍ਹਦੀਆਂ ਰਹੀਆਂ ਜਦੋਂਕਿ ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ. ਵਾਈ. ਚੰਦਰਚੂੜ ਦੇ ਬੈਂਚ ਨੇ ਚੰਡੀਗੜ੍ਹ ਦੇ ਮੁੱਦੇ ਨੂੰ ਪੰਜਾਬ ਦੀ ਰਾਜਧਾਨੀ ਹੋਣ ਵਜੋਂ ਇਕ ਦਫਾ ਫਿਰ ਸਿਆਸੀ ਚਰਚਾ ਵਿੱਚ ਲੈ ਆਂਦਾ ਹੈ ਜੋ ਕੀਤੀ ਗਈ ਸਹੀ ਟਿੱਪਣੀ ਹੈ। ਬੱਖਤਪੁਰਾ ਨੇ ਕਿਹਾ ਕਿ ਭਾਰਤ ਦੀ ਉਚ ਅਦਾਲਤ ਦੀ ਇਸ ਟਿੱਪਣੀ ਨੇ ਦੇਸ਼ ਨੂੰ ਯਾਦ ਕਰਵਾ ਦਿੱਤਾ ਹੈ ਕਿ ਪੰਜਾਬ ਪੁਨਰਗਠਨ ਐਕਟ 1966 ਤਹਿਤ ਪੰਜਾਬ ਦੇ 50 ਪੰਜਾਬੀ ਬੋਲਦੇ ਪਿੰਡ ਉਜਾੜ ਕੇ ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਵਜੋਂ ਬਣਾਇਆ ਗਿਆ ਸੀ ਪਰ ਹਰ ਵਾਰ ਕੇਂਦਰ ਦੀਆਂ ਸਰਕਾਰਾਂ ਵਲੋਂ ਪੰਜਾਬ ਨਾਲ ਇਕਪਾਸੜ ਧੱਕਾ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਜਦੋਂ ਇਹ ਸਵਾਲ ਸੁਪਰੀਮ ਕੋਰਟ ਨੇ ਚਰਚਾ ਵਿੱਚ ਲੈ ਆਂਦਾ ਹੈ ਤਾਂ ਭਗਵੰਤ ਮਾਨ ਸਰਕਾਰ ਨੂੰ ਇਸ ਸਵਾਲ ਉਪਰ ਆਲ ਪਾਰਟੀ ਮੀਟਿੰਗ ਬੁਲਾ ਕਿ ਕੇਂਦਰ ਸਰਕਾਰ ਸਾਹਮਣੇ ਇਸ ਸਵਾਲ ਨੂੰ ਉਠਾਇਆ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਅੱਜ ਵੀ ਰਾਜਧਾਨੀ ਚੰਡੀਗੜ੍ਹ ਨੂੰ ਪੰਜਾਬ ਦੇ ਹਵਾਲੇ ਕਰਨ ਦੀ ਮੰਗ ਕਰਦਿਆਂ ਇਸ ਸੁਆਲ ਉਪਰ ਸੁਪਰੀਮ ਕੋਰਟ ਜਾਣ ਬਾਰੇ ਕਨੂੰਨੀ ਸਲਾਹ ਮਸ਼ਵਰਾ ਕਰੇਗੀ।

# ਹੜ੍ਹਾਂ ਕਾਰਨ ਪਿੰਡਾਂ 'ਚ ਫ਼ਸਲਾਂ ਦਾ ਭਾਰੀ ਨੁਕਸਾਨ, ਸੰਬੰਧਿਤ ਵਿਭਾਗ ਨੇ ਨਹੀਂ ਲਈ ਸਾਰ



ਗੁਰਦਾਸਪੁਰ (ਜਨਕ ਮਹਾਜਨ)-ਦਰਿਆ ਬਿਆਸ ਦਾ ਧੁੱਸੀ ਬੰਨ੍ਹ ਟੁੱਟਣ ਕਰਕੇ 68 ਪਿੰਡਾਂ ਦੇ ਕਿਸਾਨਾਂ ਦੀ ਗੰਨੇ ਅਤੇ ਹੋਰ ਫ਼ਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ ਜਦੋਂਕਿ ਮਾਲ ਮਹਿਕਮਾ ਅਤੇ ਖੇਤੀਬਾੜੀ ਵਿਭਾਗ ਵਲੋਂ ਸਾਂਝੇ ਤੌਰ 'ਤੇ ਕਿਸਾਨਾਂ ਦੀਆਂ ਫ਼ਸਲਾਂ ਦੀ ਗਿਰਦਾਵਰੀਆਂ ਕਰਨ ਦਾ ਜੰਗੀ ਪੱਧਰ 'ਤੇ ਕੰਮ ਸ਼ੁਰੂ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਡਾ. ਬਲਕਾਰ ਸਿੰਘ, ਸਰਪੰਚ ਰਾਮ ਲੁਭਾਇਆ ਆਦਿ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਬੇਟ ਏਰੀਏ ਦੇ ਕਾਫ਼ੀ ਪਿੰਡਾਂ ਦੇ ਕਿਸਾਨਾਂ ਦੀ ਗੰਨੇ ਅਤੇ ਝੋਨੇ ਦੀ ਫ਼ਸਲ ਦਾ ਭਾਰੀ ਨੁਕਸਾਨ ਹੋਇਆ ਹੈ। ਉਨ੍ਹਾਂ ਦੱਸਿਆ ਕਿ ਪਿੰਡ ਟਾਂਡਾ, ਮੇਘੀਆਂ, ਜਗਤਪੁਰ ਖਾਰੀਆਂ, ਮਿਆਣੀ, ਕੌਲੀਆਂ, ਰਸੂਲਪੁਰ, ਭੜਾਨਾਂ, ਨਡਾਲਾ, ਚੰਦਰਭਾਨ, ਛੀਨਾ ਬੇਟ, ਸੁੰਦੜ, ਗੋਦੜ, ਭੁੰਡੋਵਾਲ, ਸੈਦੋਵਾਲ ਕਲਾਂ, ਭੱਟੀਆਂ, ਭੈਣੀ ਪਸਵਾਲ, ਦਊਵਾਲ ਅਤੇ ਭੈਣੀ ਮੀਲਮਾਂ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਇਸ ਇਲਾਕੇ ਅੰਦਰ ਝੋਨੇ ਅਤੇ ਹੋਰ ਫ਼ਸਲਾਂ ਬਹੁਤ ਘੱਟ ਹਨ ਜਦੋਂ ਕਿ 80 ਫੀਸਦੀ ਗੰਨੇ ਦੀ ਫ਼ਸਲ ਦੀ ਬਿਜਾਈ ਕੀਤੀ ਗਈ ਸੀ ਜਿਸ ਉਪਰ ਕਾਫ਼ੀ ਖਰਚਾ ਵੀ ਕੀਤਾ ਗਿਆ ਸੀ। ਹੁਣ ਹੜ੍ਹਾਂ ਨਾਲ ਗੰਨੇ ਦੀ 60 ਫ਼ੀਸਦੀ ਤੋਂ ਵੱਧ ਫ਼ਸਲ ਬਰਬਾਦ ਹੋਣ ਕਰਕੇ ਕਿਸਾਨਾਂ 'ਤੇ ਭਾਰੀ ਆਰਥਿਕ ਸੰਕਟ ਪੈ ਚੁੱਕਾ ਹੈ। ਉਨ੍ਹਾਂ ਕਿਹਾ ਬੈਂਕਾਂ ਦੀਆਂ ਕਿਸ਼ਤਾਂ ਤੋਂ ਇਲਾਵਾ ਘਰ ਦਾ ਖਰਚਾ ਇਸੇ ਖੇਤੀ 'ਤੇ ਨਿਰਭਰ ਹੈ। ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਪਾਸੋਂ ਮੰਗ ਕੀਤੀ ਕਿ ਆਰਥਿਕ ਮੰਦਹਾਲੀ ਵਿਚੋਂ ਗੁਜ਼ਰ ਰਹੇ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਮੁੜ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ।

ਜ਼ਿਕਰਯੋਗ ਹੈ ਕਿ ਕੁਝ ਕਿਸਾਨਾਂ 'ਚ ਗੰਨੇ ਦੀ ਫਸਲ ਦੀਆਂ ਗਿਰਦਾਵਰੀਆਂ ਨਾ ਕਰਵਾਉਣ ਪ੍ਰਤੀ ਰੋਸ ਪਾਇਆ ਜਾ ਰਿਹਾ ਪਰ ਜਦੋਂ ਇਹ ਮੁੱਦਾ ਇਕਬਾਲਜੀਤ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਅੱਗੇ ਉਠਾਇਆ ਤਾਂ ਉਨ੍ਹਾਂ ਸਪੱਸ਼ਟ ਕੀਤਾ ਕਿ ਗੰਨੇ ਦੀ ਖਰਾਬ ਹੋਈ ਫਸਲ ਦੀ ਵੀ ਗਿਰਦਾਵਰੀ ਕਰਵਾਈ ਜਾਵੇਗੀ।

# ਸ਼ੂਗਰ ਰਹਿਤ ਮਠਿਆਈਆਂ ਆਉਣ 'ਤੇ ਸ਼ੂਗਰ ਰੋਗੀਆਂ ਦੇ ਚਿਹਰੇ ਖਿੜੇ



ਅੰਮ੍ਰਿਤਸਰ (ਅਰੋੜਾ)-ਰੱਖੜੀ ਦਾ ਤਿਉਹਾਰ ਭਾਰਤ ਦਾ ਹੀ ਨਹੀ ਬਲਕਿ ਭਾਰਤ ਤੋਂ ਬਾਹਰ ਵਿਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀਆਂ ਵੱਲੋਂ ਬੜੇ ਪਿਆਰ ਅਤੇ ਸ਼ਰਧਾ ਭਾਵਨਾ ਦੇ ਨਾਲ ਮਨਾਇਆ ਜਾਂਦਾ ਹੈ। ਇਹ ਭੈਣ-ਭਰਾਵਾਂ ਦਾ ਅਜਿਹਾ ਪਵਿੱਤਰ ਤਿਉਹਾਰ ਹੈ ਜੋ ਕਿ ਪ੍ਰਾਚੀਨ ਕਾਲ ਤੋਂ ਹੀ ਚੱਲਦਾ ਆ ਰਿਹਾ ਹੈ। ਭਾਰਤ ਵਿੱਚ ਇਸ ਨੂੰ ਕਈ ਪ੍ਰਾਂਤਾਂ ਦੇ ਹਿਸਾਬ ਨਾਲ ਅਲੱਗ-ਅਲੱਗ ਢੰਗ ਨਾਲ ਮਨਾਇਆ ਜਾਂਦਾ ਹੈ।

ਰੱਖੜੀ ਦੇ ਤਿਉਹਾਰ ਤੇ ਸਾਰੀਆਂ ਭੈਣਾਂ ਆਪਣੇ ਭਰਾਵਾਂ ਦੇ ਲਈ ਦਿਲ ਖੋਲ੍ਹ ਕੇ ਖ੍ਰੀਦਦਾਰੀ ਕਰਦੀਆਂ ਹਨ ਅਤੇ ਮਠਿਆਈਆਂ ਦੀ ਖਰੀਦ ਕਰਦੀਆਂ ਹਨ। ਕੁਝ ਚੰਗੇ ਹਲਵਾਈਆਂ ਨੇ ਸ਼ੂਗਰ ਰਹਿਤ ਮਠਿਆਈ ਬਣਾ ਕੇ ਸ਼ੂਗਰ ਦੇ ਰੋਗੀਆਂ ਲਈ ਇਕ ਆਸ ਦੀ ਕਿਰਨ ਜਗਾਈ ਹੈ। ਕੁਲ ਮਿਲਾ ਕੇ ਭੈਣਾਂ ਨੇ ਆਪਣੇ ਭਰਾਵਾਂ ਦੇ ਲਈ ਅਤੇ ਉਨ੍ਹਾਂ ਦੇ ਬੱਚਿਆ ਦੇ ਲਈ ਕਈ ਪ੍ਰਕਾਰ ਦੀ ਖ੍ਰੀਦਦਾਰੀ ਕੀਤੀ।

ਭਰਾਵਾਂ ਨੇ ਵੀ ਆਪਣੀਆਂ ਭੈਣਾਂ ਦੇ ਲਈ ਕਈ ਫਲ ਅਤੇ ਹੋਰ ਕਈ ਪ੍ਰਕਾਰ ਦੇ ਤੋਹਫਿਆਂ ਦੀ ਖ੍ਰੀਦਦਾਰੀ ਕੀਤੀ। ਕੁਲ ਮਿਲਾ ਕੇ ਰੱਖੜੀ ਦਾ ਇਹ ਪਵਿੱਤਰ ਤਿਉਹਾਰ ਬੜੇ ਉਤਸਾਹ ਦੇ ਨਾਲ ਮੰਨਾਦੇ ਹੋਏ ਵੇਖਿਆ ਗਿਆ। ਮਠਿਆਈ ਦੀਆਂ ਦੁਕਾਨਾਂ 'ਤੇ ਲੰਬੀਆਂ-ਲੰਬੀਆਂ ਕਤਾਰਾਂ 'ਚ ਲੋਕ ਖੜ੍ਹੇ ਦਿਖਾਈ ਦਿੱਤੇ।।

# ਪਿੰਡ ਭੋਲੇਕੇ ਵਿਖੇ ਲੱਗੇ ਵਿਸ਼ੇਸ਼ ਕੈਂਪ 'ਚ ਐੱਸਡੀਐੱਮ ਨੇ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ



ਬਟਾਲਾ (ਡਾ. ਮਲਵਿੰਦਰ ਸਿੰਘ)-ਬਲਾਕ ਫਤਿਹਗੜ੍ਹ ਚੂੜੀਆਂ ਦੇ ਪਿੰਡ ਭੋਲੇਕੇ ਵਿਖੇ ਵਿਸ਼ੇਸ ਕੈਂਪ ਲਗਾਇਆ ਗਿਆ ਜਿਸ ਵਿੱਚ ਐਸਡੀਐਮ ਫਤਿਹਗੜ੍ਹ ਚੂੜੀਆਂ ਸਤਵਿੰਦਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਉਨ੍ਹਾਂ ਦੇ ਨਾਲ ਨਾਇਬ- ਤਹਿਸੀਲਦਾਰ ਲਖਵਿੰਦਰ ਸਿੰਘ ਵੀ ਮੌਜੂਦ ਸਨ। ਇਸ ਮੌਕੇ ਐੱਸਡੀਐੱਮ ਸਤਵਿੰਦਰ ਸਿੰਘ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ, ਜਿਸ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ ਵਲੋਂ ਲੋਕਾਂ ਨੂੰ ਸਰਕਾਰ ਦੀਆਂ ਭਲਾਈ ਸਕੀਮਾਂ ਬਾਰੇ ਜਾਣਕਾਰੀ ਦੇਣ ਤੋਂ ਇਲਾਵਾ ਯੋਗ ਲਾਭਪਾਤਰੀਆਂ ਨੂੰ ਭਲਾਈ ਸਕੀਮਾਂ ਦਾ ਲਾਭ ਮੌਕੇ 'ਤੇ ਦਿੱਤਾ ਜਾਂਦਾ ਹੈ।

ਇਸ ਕੈਂਪ ਵਿੱਚ ਲੋਕਾਂ ਵਲੋਂ ਆਪਣੀਆਂ ਮੁਸ਼ਕਿਲਾਂ ਤੋਂ ਜਾਣੂ ਕਰਵਾਇਆ ਗਿਆ, ਜਿਸ ਨੂੰ ਹੱਲ ਕਰਨ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਗਈਆਂ। ਇਸ ਮੌਕੇ ਕੈਂਪ ਵਿੱਚ ਪਹੁੰਚੇ ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕੀਤੇ ਉਪਰਾਲੇ ਦੀ ਸਰਾਹਨਾ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇੱਕ ਛੱਤ ਹੇਠਾਂ ਹੀ ਸਾਰੀਆਂ ਸਕੀਮਾਂ ਦਾ ਲਾਭ ਦਿੱਤਾ ਜਾ ਰਿਹਾ ਹੈ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵਲੋਂ ਭਲਾਈ ਸਕੀਮਾਂ ਦੀ ਜਾਣਕਾਰੀ ਦਿੱਤੀ ਗਈ ਹੈ, ਜਿਸ ਨਾਲ ਉਨਾਂ ਨੂੰ ਬੁਹਤ ਲਾਭ ਮਿਲਿਆ ਹੈ। ਉਨ੍ਹਾਂ ਇਸ ਉਪਰਾਲੇ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

ਇਸ ਮੌਕੇ ਸਰਪੰਚ ਜਗਜੀਤ ਸਿੰਘ, ਸੀਡੀਪੀਓ ਰਛਪਾਲ ਕੌਰ, ਬੀਡੀਪੀਓ ਪਰਮਜੀਤ ਕੌਰ, ਵਿਜੇ ਕੁਮਾਰ ਰੀਡਰ, ਐੱਸਡੀਓ ਨਿਰਮਲ ਸਿੰਘ ਲੋਕ ਨਿਰਮਾਣ ਵਿਭਾਗ, ਈਓ ਭੁਪਿੰਦਰ ਸਿੰਘ, ਐੱਸਡੀਓ ਸ਼ੁਸ਼ੀਲ ਕੁਮਾਰ, ਐੱਸਐੱਚਓ ਗੁਰਮਿੰਦਰ ਸਿੰਘ, ਹਰਭਜਨ ਸਿੰਘ, ਹਰਵਿੰਦਰ ਸਿੰਘ, ਸੁਖਰਾਜ ਸਿੰਘ, ਡਾ. ਦਤਿੰਦਰ ਸਿੰਘ ਆਪ ਆਗੂ, ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਪਿੰਡਾਂ ਦੇ ਲੋਕ ਮੌਜੂਦ ਸਨ।

# ਸਿਹਤ ਸੁਰੱਖਿਆ ਦੀ ਮਨਸ਼ਾ ਨਾਲ ਮਨਾਓ ਰੱਖੜੀ ਦਾ ਤਿਓਹਾਰ

ਲੁਧਿਆਣਾ : ਜਿਵੇਂ-ਜਿਵੇਂ ਰਕਸ਼ਾ ਬੰਧਨ ਦਾ ਤਿਓਹਾਰ ਨੇੜੇ ਆਉਂਦਾ ਹੈ, ਭਰਾ ਆਪਣੀਆਂ ਭੈਣਾਂ ਲਈ ਤੋਹਫਿਆਂ ਦੀ ਤਲਾਸ਼ ਕਰਨ ਲੱਗਦੇ ਹਨ ਜੋ ਉਨ੍ਹਾਂ ਦੀਆਂ ਭੈਣਾਂ ਦੀ ਦੇਖਭਾਲ ਕਰ ਸਕਣ, ਉਨ੍ਹਾਂ ਦੀ ਸੁਰੱਖਿਆ ਨੂੰ ਹਮੇਸ਼ਾ ਲਈ ਯਕੀਨੀ ਬਣਾ ਸਕਣ। ਇਸ ਵਿਸ਼ੇਸ਼ ਮੌਕੇ ਉਸ ਨੂੰ ਚੰਗੀ ਸਿਹਤ ਦਾ ਤੋਹਫਾ ਦਿਓ ਜੋ ਕੇਅਰ ਹੈਲਥ ਇੰਸ਼ੋਰੈਂਸ ਦੇ ਕੇਅਰ ਸੁਪਰੀਮ ਪਲਾਨ ਤਹਿਤ ਉਸ ਦੀ ਤਮਾਮ ਜ਼ਿੰਦਗੀ ਨਾਲ ਰਹੇਗਾ। ਅੱਜ ਦੇ ਸਮੇਂ ਵਿੱਚ ਸਿਹਤ ਦਾ ਧਿਆਨ ਰੱਖਣਾ ਬਹੁਤ ਮਹੱਤਵਪੂਰਨ ਹੈ, ਅਜਿਹੀ ਸਥਿਤੀ ਵਿੱਚ ਤੁਸੀਂ ਕੇਅਰ ਸੁਪਰੀਮ ਹੈਲਥ ਇੰਸ਼ੋਰੈਂਸ ਪਲਾਨ ਗਿਫਟ ਕਰਕੇ ਆਪਣੀ ਭੈਣ ਪ੍ਰਤੀ ਆਪਣਾ ਪਿਆਰ ਅਤੇ ਦੇਖਭਾਲ ਦਿਖਾ ਸਕਦੇ ਹੋ। ਅਜੈ ਸ਼ਾਹ ਹੈੱਡ- ਡਿਸਟ੍ਰੀਬਿਊਸ਼ਨ ਕੇਅਰ ਹੈਲਥ ਇੰਸ਼ੋਰੈਂਸ ਨੇ ਕਿਹਾ ਕਿ ਕੇਅਰ ਸੁਪਰੀਮ ਵਿਆਪਕ ਸਿਹਤ ਕਵਰੇਜ ਦੇ ਲਾਭਾਂ ਦੀ ਪੇਸ਼ਕਸ਼ ਕਰਦਾ ਹੈ ਅਤੇ ਮੈਡੀਕਲ ਐਮਰਜੈਂਸੀ ਦੇ ਮਾਮਲੇ ਵਿੱਚ ਵਿੱਤੀ ਸੁਰੱਖਿਆ ਨੂੰ ਵੀ ਯਕੀਨੀ ਬਣਾਉਂਦਾ ਹੈ।

# ਐੱਸਡੀਐੱਮ ਵਿਵੇਕ ਮੋਦੀ ਨੇ ਅਹੁਦਾ ਸੰਭਾਲਿਆ



ਮਜੀਠਾ (ਸੋਇਮ ਆਨੰਦ)-ਨਵ-ਨਿਯੁਕਤ ਐੱਸਡੀਐੱਮ ਵਿਵੇਕ ਕੁਮਾਰ ਮੋਦੀ ਆਈਏਐੱਸ ਨੇ ਸਬ-ਡਵੀਜ਼ਨ ਮਜੀਠਾ 'ਚ ਆਪਣਾ ਆਰਜ਼ੀ ਚਾਰਜ ਸੰਭਾਲ ਲਿਆ, ਜਿਨ੍ਹਾਂ ਦਾ ਪ੍ਰਸ਼ਾਸਨਿਕ ਵਿਭਾਗ ਤੋਂ ਤਹਿਸੀਲਦਾਰ ਰਤਨਜੀਤ ਖੁੱਲਰ, ਕਾਨੂੰਗੋਆਂ, ਪਟਵਾਰੀਆਂ ਤੇ ਹੋਰ ਮੁਲਾਜ਼ਮਾਂ ਵਲੋਂ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਵਿਵੇਕ ਕੁਮਾਰ ਮੋਦੀ ਮਜੀਠਾ ਵਿਖੇ ਆਪਣੀ ਟ੍ਰੇਨਿੰਗ ਦੇ ਸਮੇਂ ਲਈ ਨਿਯੁਕਤ ਹੋਏ ਹਨ। ਉਹ ਇਥੇ ਐੱਸਡੀਐੱਮ ਵਜੋਂ ਆਪਣੀ ਟ੍ਰੇਨਿੰਗ ਦੌਰਾਨ ਇੱਕ ਮਹੀਨਾ ਸਬ ਡਵੀਜ਼ਨ ਮਜੀਠਾ ਵਿਖੇ ਸੇਵਾਵਾਂ ਨਿਭਾਉਣਗੇ। ਇਸ ਮੌਕੇ ਤਹਿਸੀਲਦਾਰ ਰਤਨਜੀਤ ਖੁੱਲਰ, ਨਰਿੰਦਰ ਕੁਮਾਰ ਕਾਨੂੰਗੋ, ਇਲਿਆਸ ਮਸੀਹ ਰੀਡਰ ਐੱਸਡੀਐੱਮ, ਪਟਵਾਰੀ ਰਣਜੀਤ ਸਿੰਘ, ਅਸ਼ਵਨੀ ਕੁਮਾਰ, ਰਜੇਸ਼ ਕੁਮਾਰ ਕਾਨੂੰਗੋ, ਪ੍ਰਿਥੀਪਾਲ ਸਿੰਘ ਪ੍ਰਧਾਨ ਪਟਵਾਰੀ ਯੂਨੀਅਨ, ਮੇਜਰ ਸਿੰਘ, ਸੰਜੀਵ ਕੁਮਾਰ, ਕਵਲ ਅਵਤਾਰ ਸਿੰਘ, ਜੋਬਨਜੀਤ ਸਿੰਘ, ਆਸ਼ੂ ਕੁਮਾਰ, ਜਸਵਿੰਦਰ ਸਿੰਘ ਬੇਦੀ, ਹਰਪ੍ਰੀਤ ਸਿੰਘ, ਰੁਪਿੰਦਰ ਕੌਰ, ਪ੍ਰਦੀਪ ਸਿੰਘ, ਮਨਬੀਰ ਸਿੰਘ ਮੱਲ੍ਹੀ, ਬਲਰਾਜ ਸਿੰਘ, ਰਮਨ ਕੁਮਾਰ ਆਦਿ ਮੌਜੂਦ ਸਨ।

# ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ 2 ਤੇ 3 ਸਤੰਬਰ ਨੂੰ : ਤਰਕਸ਼ੀਲ ਸੁਸਾਇਟੀ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਪਿਛਲੇ ਹਫਤੇ ਸਕੂਲਾਂ ਵਿੱਚ ਛੁੱਟੀਆਂ ਹੋਣ ਕਾਰਣ 26 ਅਤੇ 27 ਅਗਸਤ ਨੂੰ ਮੁਲਤਵੀ ਕੀਤੀ ਗਈ ਪੰਜਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਸਮੁੱਚੇ ਪੰਜਾਬ ਵਿੱਚ ਹੁਣ 2 ਅਤੇ 3 ਸਤੰਬਰ (ਸ਼ਨੀਵਾਰ-ਐਤਵਾਰ) ਨੂੰ ਕਰਵਾਈ ਜਾਵੇਗੀ। ਇਹ ਸੰਬੰਧੀ ਜਾਣਕਾਰੀ ਦਿੰਦਿਆਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ, ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿਭਾਗ ਦੇ ਮੁਖੀ ਰਾਮ ਸਵਰਨ ਲੱਖੇਵਾਲੀ ਅਤੇ ਮੀਡੀਆ ਵਿਭਾਗ ਦੇ ਮੁਖੀ ਸੁਮੀਤ ਸਿੰਘ ਨੇ ਦੱਸਿਆ ਕਿ ਦੁਨੀਆਂ ਦੇ ਮਹਾਨ ਵਿਗਿਆਨੀ ਚਾਰਲਸ ਡਾਰਵਿਨ ਨੂੰ ਸਮਰਪਿਤ ਇਸ ਪ੍ਰੀਖਿਆ ਵਿੱਚ ਮਿਡਲ ਅਤੇ ਸੈਕੰਡਰੀ ਗਰੁੱਪਾਂ ਲਈ ਸਮੁੱਚੇ ਪੰਜਾਬ ਵਿੱਚ ਕੁੱਲ 34750 ਵਿਦਿਆਰਥੀ ਰਜਿਸਟਰ ਕੀਤੇ ਜਾ ਚੁੱਕੇ ਹਨ ਅਤੇ 446 ਪ੍ਰੀਖਿਆ ਕੇਂਦਰ ਸਥਾਪਤ ਕੀਤੇ ਗਏ ਹਨ।

ਇਸ ਮੌਕੇ ਸਭਿਆਚਾਰਕ ਵਿਭਾਗ ਦੇ ਮੁਖੀ ਜੋਗਿੰਦਰ ਕੁੱਲੇਵਾਲ ਅਤੇ ਕਾਨੂੰਨ ਵਿਭਾਗ ਦੇ ਮੁਖੀ ਜਸਵਿੰਦਰ ਫਗਵਾੜਾ ਨੇ ਦੱਸਿਆ ਕਿ ਇਸ ਪ੍ਰੀਖਿਆ ਦਾ ਉਦੇਸ਼ ਵਿਦਿਆਰਥੀਆਂ ਵਿਚ ਵਿਗਿਆਨਕ ਚੇਤਨਾ ਪ੍ਰਫੁੱਲਿਤ ਕਰਨਾ, ਉਨ੍ਹਾਂ ਨੂੰ ਵਹਿਮਾਂ ਭਰਮਾਂ ਤੇ ਹਰ ਤਰ੍ਹਾਂ ਦੇ ਅੰਧਵਿਸ਼ਵਾਸਾਂ ਤੋਂ ਮੁਕਤ ਕਰਨਾ ਅਤੇ ਫਿਲਮੀ ਹੀਰੋਆਂ ਦੀ ਥਾਂ ਮਹਾਨ ਵਿਗਿਆਨੀਆਂ, ਇਨਕਲਾਬੀ ਸ਼ਹੀਦਾਂ ਅਤੇ ਚਿੰਤਕਾਂ ਦੇ ਅਸਲ ਨਾਇਕਾਂ ਦੇ ਰੂ-ਬ-ਰੂ ਕਰਵਾਉਣਾ ਹੈ ਤਾਂ ਕਿ ਇਕ ਵਿਗਿਆਨਕ, ਸਿਹਤਮੰਦ ਅਤੇ ਬਿਹਤਰ ਸਮਾਜ ਦੀ ਉਸਾਰੀ ਵਿਚ ਉਹ ਆਪਣਾ ਵੱਡਾ ਯੋਗਦਾਨ ਪਾ ਸਕਣ। ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਪ੍ਰੀਖਿਆ ਨੂੰ ਸੁਚਾਰੂ ਢੰਗ ਨਾਲ ਕਰਵਾਉਣ ਲਈ ਤਰਕਸ਼ੀਲ ਮੈਂਬਰਾਂ ਦੀਆਂ ਡਿਊਟੀਆਂ ਲਗਾਉਣ ਸਮੇਤ ਸਭ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਸੰਬੰਧਿਤ ਸਕੂਲ ਮੁਖੀਆਂ, ਅਧਿਆਪਕਾਂ ਅਤੇ ਪ੍ਰਬੰਧਕਾਂ ਨੂੰ ਪਹਿਲਾਂ ਵਾਂਗ ਪੂਰਨ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ ਹੈ ਤਾਂ ਕਿ ਪ੍ਰੀਖਿਆ ਲਈ ਰਜਿਸਟਰ ਕੀਤੇ ਗਏ ਵਿਦਿਆਰਥੀਆਂ ਦੀ ਹਾਜ਼ਰੀ ਯਕੀਨੀ ਬਣਾਈ ਜਾ ਸਕੇ।

# ਕੇਂਦਰੀ ਵਿਦਿਆਲਾ ਤਿੱਬੜੀ ਕੈਂਟ 'ਚ ਰਾਸ਼ਟਰੀ ਖੇਡ ਦਿਵਸ ਮਨਾਇਆ



ਗੁਰਦਾਸਪੁਰ, (ਜਨਕ ਮਹਾਜਨ)-ਕੇਂਦਰੀ ਵਿਦਿਆਲੇ ਤਿੱਬੜੀ ਕੈਂਟ ਵਿਖੇ ਮੇਜਰ ਧਿਆਨ ਚੰਦ ਦੇ ਜਨਮ ਦਿਨ ਨੂੰ ਸਮਰਪਿਤ ਰਾਸ਼ਟਰੀ ਖੇਡ ਦਿਵਸ ਪ੍ਰਿੰਸੀਪਲ ਦਿਨੇਸ਼ ਕੁਮਾਰ ਦੀ ਅਗਵਾਈ ਹੇਠ ਬੜ੍ਹੀ ਧੂਮ ਧਾਮ ਅਤੇ ਸ਼ਾਨੋ ਸ਼ੌਕਤ ਨਾਲ ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਦਿਨੇਸ਼ ਕੁਮਾਰ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੀ ਜੀਵਨ ਲਈ ਬਹੁਤ ਜ਼ਰੂਰੀ ਹਨ।

ਉਨ੍ਹਾਂ ਕਿਹਾ ਕਿ ਇਸ ਨਾਲ ਸਰੀਰ ਅਤੇ ਮਾਨਸਿਕ ਵਿਕਾਸ ਹੁੰਦਾ ਹੈ। ਇਸ ਖੇਡ ਦਿਵਸ 'ਤੇ ਮੈਡਮ ਹਰਜਿੰਦਰ ਕੌਰ ਅਤੇ ਰਾਜੀਵ ਕੁਮਾਰ ਦੁਆਰਾ ਖੇਡ ਮੁਕਾਬਲੇ ਟੈਨਿਸ, ਕ੍ਰਿਕਟ, 50 ਮੀਟਰ ਦੌੜ, ਵਾਲੀਬਾਲ ਆਦਿ ਖੇਡਾਂ ਕਰਵਾਈਆਂ ਗਈਆਂ।

ਖੇਡਾਂ ਉਪਰੰਤ ਪ੍ਰਿੰ. ਵਲੋਂ ਬੱਚਿਆਂ ਨੂੰ ਇਨਾਮ ਅਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ।

ਪ੍ਰਿੰਸੀਪਲ ਨੇ ਬੱਚਿਆ ਨੂੰ ਰਾਸ਼ਟਰੀ ਖੇਡ 'ਤੇ ਸ਼ੁੱਭਕਾਮਨਾਵਾਂ ਦਿੰਦੇ ਹੋਏ ਖੇਡਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਵਿਦਿਆਰਥੀਆਂ ਤੋਂ ਇਲਾਵਾ ਸਕੂਲ ਸਟਾਫ਼ ਮੈਂਬਰ ਵੀ ਹਾਜ਼ਰ ਸਨ।

## 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-2

# ਬਲਾਕ ਪੱਧਰੀ ਖੇਡਾਂ 2 ਤੋਂ 10 ਸਤੰਬਰ ਤੱਕ ਹੋਣਗੀਆਂ: ਏਡੀਸੀ

ਬਟਾਲਾ (ਡਾ. ਮਲਵਿੰਦਰ ਸਿੰਘ)-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ 'ਖੇਡਾਂ ਵਤਨ ਪੰਜਾਬ ਦੀਆਂ'-ਸ਼ੀਜਨ 2, ਖੇਡ ਮੁਕਾਬਲਿਆਂ ਦੀਆਂ ਤਿਆਰੀਆਂ ਨੂੰ ਅੰਤਿਮ ਰੂਪ ਰੇਖਾ ਦਿੱਤੀ ਜਾ ਰਹੀ ਹੈ ਅਤੇ ਖੇਡਾਂ ਨੂੰ ਸਫਲਤਾਪੂਰਵਕ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਦੀ ਡਿਊਟੀ ਲਗਾ ਦਿੱਤੀ ਗਈ ਹੈ। ਇਹ ਜਾਣਕਾਰੀ ਦਿੰਦਿਆਂ ਰਵਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਪੇਡੂ ਵਿਕਾਸ) ਗੁਰਦਾਸਪੁਰ ਅਤੇ ਨੋਡਲ ਅਫਸਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਬੰਧਤ ਵਿਭਾਗਾਂ ਵਲੋਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ 2 ਸਤੰਬਰ ਤੋਂ 10 ਸਤੰਬਰ ਤੱਕ ਬਲਾਕ ਪੱਧਰੀ ਅਤੇ 16 ਤੋਂ 26 ਸਤੰਬਰ ਤੱਕ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ ਕਰਵਾਏ ਜਾਣਗੇ। ਇਸ ਮੌਕੇ ਗੱਲ ਕਰਦਿਆਂ ਜ਼ਿਲ੍ਹਾ ਖੇਡ ਅਫਸਰ ਸਿਮਰਨਜੀਤ ਸਿੰਘ ਨੇ ਦੱਸਿਆ ਬਲਾਕ ਪੱਧਰੀ ਖੇਡਾਂ 2 ਤੋਂ 10 ਸਤੰਬਰ ਤੱਕ ਫੁੱਟਬਾਲ, ਕਬੱਡੀ (ਨੈਸ਼ਨਲ ਸਟਾਇਲ), ਕਬੱਡੀ (ਸਰਕਲ ਸਟਾਇਲ), ਖੋ-ਖੋ, ਐਥਲੈਟਿਕਸ, ਵਾਲੀਵਾਲ (ਸਮੈਸਿੰਗ), ਵਾਲੀਬਾਲ (ਸ਼ੂਟਿੰਗ), ਅਤੇ ਰੱਸਾਕੱਸੀ ਦੇ ਵੱਖ-ਵੱਖ ਉਮਰ ਵਰਗ (ਲੜਕੇ-ਲੜਕੀਆਂ) ਵਿੱਚ ਕਰਵਾਈਆਂ ਜਾਣਗੀਆਂ। ਇਸ ਤੋਂ ਇਲਾਵਾ ਜ਼ਿਲ੍ਹਾ ਪੱਧਰੀ ਟੂਰਨਾਮੈਂਟ 16 ਸਤੰਬਰ ਤੋਂ 26 ਸਤੰਬਰ ਤੱਕ ਅਤੇ ਰਾਜ ਪੱਧਰੀ ਟੂਰਨਾਮੈਂਟ 1 ਅਕਤੂਬਰ ਤੋਂ 20 ਅਕਤੂਬਰ 2023 ਤੱਕ ਕਰਵਾਏ ਜਾਣਗੇ। ਜ਼ਿਲ੍ਹਾ ਪੱਧਰੀ ਖੇਡਾਂ ਲਈ ਖਿਡਾਰੀਆਂ ਦੀ ਰਜਿਸਟੇਰਸ਼ਨ 29 ਅਗਸਤ ਤੋਂ 10 ਸਤੰਬਰ 2023 ਤੱਕ ਅਤੇ ਰਾਜ ਪੱਧਰੀ ਟੂਰਨਾਮੈਂਟ ਲਈ 1 ਸਤੰਬਰ ਤੋਂ 10 ਸਤੰਬਰ 2023 ਤੱਕ ਹੋਵੇਗੀ।

# ਹੈਰੋਇਨ, ਮੋਟਰਸਾਈਕਲ ਤੇ ਮੋਬਾਇਲ ਫੋਨਾਂ ਸਮੇਤ ਦੋ ਕਾਬੂ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਨਸ਼ਿਆਂ ਦੇ ਸੌਦਾਗਰਾਂ ਦਾ ਲੱਕ ਤੋੜਨ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਅਤੇ ਡੀਜੀਪੀ ਪੰਜਾਬ ਗੌਰਵ ਯਾਦਵ ਵੱਲੋਂ ਵਿੱਢੀ ਗਈ ਮੁਹਿੰਮ ਅਤੇ ਐੱਸਐੱਸਪੀ ਤਰਨ ਤਾਰਨ ਗੁਰਮੀਤ ਸਿੰਘ ਚੌਹਾਨ, ਐੱਸਪੀ ਹੈੱਡਕੁਆਰਟਰ ਮਨਿੰਦਰ ਸਿੰਘ ਅਤੇ ਡੀਐੱਸਪੀ ਭਿੱਖੀਵਿੰਡ ਪ੍ਰੀਤਇੰਦਰ ਸਿੰਘ ਭਿੱਖੀਵਿੰਡ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ 'ਤੇ ਅਮਲ ਕਰਦਿਆਂ ਥਾਣਾ ਖਾਲੜਾ ਦੇ ਐੱਸਐੱਚਓ ਬਲਵਿੰਦਰ ਸਿੰਘ ਵੱਲੋਂ ਆਪਣੀ ਟੀਮ ਦੀ ਮਦਦ ਨਾਲ ਦੋ ਵਿਅਕਤੀਆਂ ਨੂੰ 1 ਕਿੱਲੋ 762 ਗ੍ਰਾਮ ਹੈਰੋਇਨ, ਇੱਕ ਬਿਨਾਂ ਨੰਬਰੀ ਸਪਲੈਂਡਰ ਮੋਟਰਸਾਈਕਲ ਅਤੇ ਦੋ ਮੋਬਾਇਲ ਫੋਨਾਂ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਉਪਰੋਕਤ ਨੌਜਵਾਨਾਂ ਦੀ ਪਛਾਣ ਗੁਰਲਾਲ ਸਿੰਘ ਪੁੱਤਰ ਸ਼ਿੰਦਾ ਸਿੰਘ ਵਾਸੀ ਬੁਰਜ ਅਤੇ ਲਵਪ੍ਰੀਤ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਕਲਸ ਵਜੋਂ ਹੋਈ ਹੈ।

ਦੱਸ ਦਈਏ ਕਿ ਖਾਲੜਾ ਪੁਲਸ ਵੱਲੋਂ ਉਪਰੋਕਤ ਦੋਵਾਂ ਵਿਅਕਤੀਆਂ ਖਿਲਾਫ ਮਿਤੀ 29/08/2023 ਜੁਰਮ 21ਸੀ/29/61/85 ਐੱਨਡੀਪੀਐੱਸ ਐਕਟ ਅਧੀਨ ਮਾਮਲਾ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਖਾਲੜਾ ਪੁਲਸ ਪਾਸੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਉਪਰੋਕਤ ਦੋਵਾਂ ਦੋਸ਼ੀਆਂ ਦੇ ਪਾਕਿਸਤਾਨੀ ਸਮੱਗਲਰਾਂ ਨਾਲ ਸਬੰਧ ਹਨ।

# ਰੱਖੜੀ ਇਕ ਧਾਗਾ ਨਹੀਂ ਸਗੋਂ ਪਵਿੱਤਰ ਭਾਵਨਾ ਦਾ ਪ੍ਰਤੀਕ ਹੈ: ਸਾਧਵੀ ਸੋਮਾ ਭਾਰਤੀ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਦਿਵਯ ਜੋਤੀ ਜਾਗ੍ਰਤੀ ਸੰਸਥਾਨ ਦੇ ਸੰਚਾਲਕ/ਸੰਸਥਾਪਕ ਪਰਮ ਪੁਜਨੀਯ ਸ਼੍ਰੀ ਆਸ਼ੂਤੋਸ਼ ਮਹਾਰਾਜ ਦੀ ਸ਼ਿਸ਼ਯ ਸਾਧਵੀ ਸੋਮਾ ਭਾਰਤੀ ਨੇ ਸ਼ਹਿਜ਼ਾਦਾ ਆਸ਼ਰਮ 'ਚ' ਰੱਖੜੀ ਦੇ ਮੌਕੇ ਰੱਖੜੀ ਦੇ ਮਹੱਤਵ ਨੂੰ ਦਸਦੇ ਹੋਏ ਕਿਹਾ ਕਿ ਰੱਖੜੀ ਬੰਨ੍ਹ ਕੇ ਭੈਣ ਆਪਣੇ ਭਰਾ ਦੀ ਲੰਬੀ ਉਮਰ ਦੀ ਕਾਮਨਾ ਕਰਦੀ ਹੈ। ਇਸ ਦੇ ਨਾਲ ਹੀ ਇਹ ਰੱਖੜੀ ਭੈਣ ਕ੍ਰਾਂਤੀਕਾਰੀਆਂ ਨੂੰ ਬੰਨ੍ਹਦੀ ਸੀ ਅਤੇ ਉਨ੍ਹਾਂ ਤੋਂ ਦੇਸ਼ ਦੀ ਸੁਰੱਖਿਆਂ ਦਾ ਵਾਅਦਾ ਵੀ ਲੈਂਦੀ ਸੀ। ਇਹ ਸੂਤਰ ਇਸ ਨੂੰ ਬੰਨ੍ਹਣ ਵਾਲਿਆਂ ਲਈ ਇਕ ਅਦੁੱਤੀ ਸੁਰੱਖਿਆ ਕਵਚ ਵੀ ਹੈ। ਇਸ ਲਈ ਕਿਹਾ ਜਾਂਦਾ ਹੈ ਕਿ ਵੈਦਿਕ ਕਾਲ ਵਿੱਚ ਜਦੋਂ ਲੋਕ ਰਿਸ਼ੀ ਮੁਨੀਆਂ ਕੋਲ ਜਾ ਕੇ ਉਨ੍ਹਾਂ ਦਾ ਆਸ਼ੀਰਵਾਦ ਲੈਂਦੇ ਸਨ ਤਾਂ ਰਿਸ਼ੀ ਰਕਸ਼ਾ ਬੰਧਨ ਬੰਨ੍ਹਦੇ ਸਨ। ਉਹ ਵੈਦਿਕ ਮੰਤਰਾਂ ਨਾਲ ਮੌਲੀ ਜਾਂ ਸੂਤਰ ਬੰਨ੍ਹ ਕੇ ਰੱਖਿਆ ਲਈ ਪ੍ਰਾਰਥਨਾ ਕਰਦੇ ਸਨ। ਇਸ ਤੋਂ ਇਹ ਸਪੱਸ਼ਟ ਹੈ ਕਿ ਰੱਖੜੀ ਇਕ ਧਾਗਾ ਨਹੀਂ ਸਗੋਂ ਭਾਵਨਾ ਦਾ ਪ੍ਰਤੀਕ ਹੈ। ਸਾਧਵੀ ਨੇ ਦੱਸਿਆ ਕਿ ਇਸ ਸੰਸਾਰ ਵਿੱਚ ਜਦੋਂ ਅਸੀਂ ਇਕ ਪੂਰਨ ਗੁਰੂ ਨਾਲ ਜੁੜ ਜਾਂਦੇ ਹਾਂ, ਬ੍ਰਹਮ ਗਿਆਨ ਦੇ ਦੁਆਰਾ ਭਰਗੋ ਜੋਤੀ ਦਾ ਧਿਆਨ ਕਰਦੇ ਹਾਂ ਤਾਂ ਹੀ ਮਨੁੱਖ ਦੀ ਅਸਲ ਵਿੱਚ ਸੁਰੱਖਿਆ ਹੋ ਸਕਦੀ ਹੈ, ਜਿਸ ਤਰ੍ਹਾਂ ਦਰੋਪਦੀ ਦੀ ਹੋਈ। ਇਸ ਲਈ ਜੇਕਰ ਅਸੀਂ ਵੀ ਆਪਣੇ ਜੀਵਨ ਵਿੱਚ ਸੱਚੀ ਸੁਰੱਖਿਆ ਚਾਹੁੰਦੇ ਹਾਂ ਤਾਂ ਇਕ ਪੂਰਨ ਸਤਿਗੁਰੂ ਦੀ ਖੋਜ ਕਰੋ। ਬ੍ਰਹਮ ਗਿਆਨ ਨੂੰ ਪ੍ਰਾਪਤ ਕਰਕੇ ਪ੍ਰਮਾਤਮਾ ਦਾ ਦਰਸ਼ਨ ਕਰਕੇ ਹੀ ਅਸੀਂ ਹਰ ਪਰਵ, ਤਿਓਹਾਰ ਦੇ ਡੂੰਘੇ ਅਧਿਆਤਮਿਕ ਭੇਤ ਨੂੰ ਜਾਣ ਸਕਦੇ ਹਾਂ।

# ਛੋਟੇਪੁਰ ਵੱਲੋਂ ਪੱਤਰਕਾਰ ਹਰਦੀਪ ਸਿੰਘ ਨਾਲ ਦੁੱਖ ਦਾ ਪ੍ਰਗਟਾਵਾ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸਾਬਕਾ ਕੈਬਨਿਟ ਮੰਤਰੀ ਅਤੇ ਸੀਨੀਅਰ ਅਕਾਲੀ ਮੰਤਰੀ ਜਥੇਦਾਰ ਸੁੱਚਾ ਸਿੰਘ ਛੋਟੇਪੁਰ ਨੇ ਸੀਨੀਅਰ ਪੱਤਰਕਾਰ ਹਰਦੀਪ ਸਿੰਘ ਅਤੇ ਮੁਲਾਜ਼ਮ ਤੇ ਸਮਾਜ ਸੇਵੀ ਆਗੂ ਜਗਤਾਰ ਸਿੰਘ ਜੱਗਾ ਦੇ ਪਿਤਾ ਅਨੂਪ ਸਿੰਘ ਦੀ ਅਚਾਨਕ ਹੋਈ ਮੌਤ 'ਤੇ ਉਨ੍ਹਾਂ ਦੇ ਗ੍ਰਹਿ ਪਿੰਡ ਠੱਕਰ ਸੰਧੂ ਪੁੱਜ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਮਨਦੀਪ ਸਿੰਘ ਗਿੱਲ, ਬਲਦੇਵ ਸਿੰਘ ਠੱਕਰ ਸੰਧੂ, ਦਲਜੋਧ ਸਿੰਘ ਡੇਹਰੀਵਾਲ, ਗੁਰਦਿਆਲ ਸਿੰਘ ਸੇਖਵਾਂ, ਬਲਦੇਵ ਸਿੰਘ ਨਿਮਾਣਾ, ਸ਼ਿੰਗਾਰਾ ਸਿੰਘ ਠੱਕਰ ਸੰਧੂ, ਜਤਿੰਦਰ ਸਿੰਘ ਸੇਖਵਾਂ ਅਤੇ ਮਾਸਟਰ ਨਿਸ਼ਾਨ ਸਿੰਘ ਸੇਖਵਾਂ ਹਾਜ਼ਰ ਸਨ।

# ਵਿਗਿਆਨਕਾਂ ਨੇ ਭਾਰਤ ਦਾ ਨਾਂਅ ਪੂਰੀ ਦੁਨੀਆ 'ਚ ਰੌਸ਼ਨ ਕੀਤਾ: ਲਲਿਤ ਚੰਡੋਕ



ਅੰਮ੍ਰਿਤਸਰ (ਅਰੋੜਾ)-ਭਾਰਤ ਦੇ ਵਿਗਿਆਨਿਕਾਂ ਵੱਲੋਂ ਚੰਦਰਯਾਨ-3 ਦੀ ਸ਼ਲਾਘਾਯੋਗ ਸਫਲਤਾ ਤੋਂ ਬਾਅਦ ਗੁਰੂ ਦੀ ਨਗਰੀ ਦੇ ਸਮਾਜ ਸੇਵਕ ਰਾਮ ਬਾਗ ਸਥਿਤ ਅੰਮ੍ਰਿਤਸਰ ਕਲੱਬ ਦੇ ਸਕੱਤਰ ਲਲਿਤ ਚੰਡੋਕ ਦੀ ਦੀ ਦੇਖ-ਰੇਖ ਵਿੱਚ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ।

ਸਮਾਗਮ ਵਿੱਚ ਚੰਦਰਯਾਨ-3 ਦੀ ਇਸ ਉਪਲੱਬਧੀ ਦੇ ਲਈ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਗਿਆਨਕਾਂ ਨੂੰ ਮੁਬਾਰਕਬਾਦ ਦਿੱਤੀ।

ਲਲਿਤ ਚੰਡੋਕ ਨੇ ਕਿਹਾ ਕਿ ਸਾਡੇ ਵਿਗਿਆਨਿਕਾਂ ਨੇ ਪੂਰੀ ਦੁਨੀਆ ਵਿੱਚ ਭਾਰਤ ਦਾ ਨਾਂਅ ਰੌਸ਼ਨ ਕੀਤਾ ਹੈ। ਇਨ੍ਹਾਂ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਉਹ ਘੱਟ ਹੈ। ਚੰਡੋਕ ਨੇ ਕਿਹਾ ਕਿ ਚੰਦਰਮਾ ਦੇ ਦੱਖਣੀ ਧਰੁਵ 'ਤੇ ਤਿਰੰਗਾ ਲਿਹਰਾਉਣ ਵਾਲਾ ਭਾਰਤ ਪਹਿਲਾ ਦੇਸ਼ ਹੈ। ਸਮਾਗਮ ਵਿੱਚ ਦੇਸ਼ ਪ੍ਰੇਮ ਦੀ ਭਾਵਨਾ ਨੂੰ ਉਜਾਗਰ ਕਰਦੇ ਹੋਏ ਗੀਤ ਗਾਇਆ। ਇਸ ਮੌਕੇ ਰਾਜ ਅਰੋੜਾ, ਰਜੇਸ਼ ਮਹਿਰਾ, ਰਮੇਸ਼ ਸੋਠੀ, ਲਾਲੀ ਟਾਬੀਆਂ, ਅਸ਼ੋਕ ਪ੍ਰਧਾਨ, ਸੁਰਿੰਦਰ ਸਿੰਘ ਓਬਰਾਏ, ਓਮ ਪ੍ਰਕਾਸ਼ ਲਾਟੀ ਸ਼ਾਹ, ਅਨੂਪ ਕਪੂਰ, ਭੋਲਾ ਸੰਗਮ, ਕੁੱਕੂ ਗੰਗਾਧਰ, ਨਿਰਮ, ਕਲੱਬ ਦੇ ਮੈਨੇਜਰ ਮਨੀਸ਼ ਅਰੋੜਾ ਆਦਿ ਹਾਜ਼ਰ ਸਨ।

# ਖ਼ਾਲਸਾ ਕਾਲਜ ਆਫ ਇੰਜੀਨੀਅਰਿੰਗ ਵਿਖੇ ਵਿਦਿਆਰਥੀਆਂ ਨੂੰ ਆਵਾਜਾਈ ਨਿਯਮਾਂ ਸਬੰਧੀ ਕੀਤਾ ਜਾਗਰੂਕ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖਾਲਸਾ ਕਾਲਜ ਆਫ਼ ਇੰਜ਼ੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ ਟ੍ਰੈਫਿਕ ਐਜੂਕੇਸ਼ਨ ਸੈੱਲ ਵੱਲੋਂ ਵਿਦਿਆਰਥੀਆਂ ਨੂੰ ਆਵਾਜਾਈ ਨਿਯਮਾਂ ਬਾਰੇ ਜਾਗਰੂਕ ਕਰਨ ਅਤੇ ਅਨੁਸ਼ਾਸਨ ਦੀ ਪਾਲਣਾ ਕਰਨ ਲਈ ਨਵੇਂ ਦਾਖਲਿਆਂ ਲਈ ਚੱਲ ਰਹੇ ਓਰੀਐਂਟੇਸ਼ਨ ਪ੍ਰੋਗਰਾਮ ਦੌਰਾਨ 'ਆਈ. ਬੀ. ਟੀ. ਆਈ. ਡੀ. ਏ.-2023' ਵਿਸ਼ੇ 'ਤੇ ਗੈਸਟ ਲੈਕਚਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਕਾਲਜ ਡਾਇਰੈਕਟਰ ਡਾ: ਮੰਜੂ ਬਾਲਾ ਨੇ ਕਿਹਾ ਕਿ ਇਸ ਇੰਟਰਐਕਟਿਵ ਸੈਸ਼ਨ ਦਾ ਮਨੋਰਥ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਬਾਰੇ ਮੁੱਢਲੇ ਨੁਕਤਿਆਂ ਬਾਰੇ ਜਾਣੂ ਕਰਵਾਉਣਾ ਸੀ। ਉਨ੍ਹਾਂ ਨੇ ਕਿਹਾ ਕਿ ਜਿਵੇਂ-ਜਿਵੇਂ ਇਕ ਵਿਅਕਤੀ ਵਧੇਰੇ ਸੁਤੰਤਰ ਹੁੰਦਾ ਹੈ, ਉਸ ਨੂੰ ਵਧੇਰੇ ਜੋਖਮਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਲਈ ਇਨ੍ਹਾਂ ਨੌਜਵਾਨਾਂ ਦਾ ਮਾਰਗਦਰਸ਼ਨ ਕਰਨਾ ਅਤੇ ਉਨ੍ਹਾਂ ਨੂੰ ਜ਼ਿੰਮੇਵਾਰੀਆਂ ਅਤੇ ਫਰਜ਼ਾਂ ਪ੍ਰਤੀ ਜਾਗਰੂਕ ਕਰਨਾ ਵਧੇਰੇ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਉਨ੍ਹਾਂ 'ਚ ਕਦਰਾਂ-ਕੀਮਤਾਂ ਨੂੰ ਪੈਦਾ ਕਰਨਾ ਜ਼ਰੂਰੀ ਹੈ। ਉਨ੍ਹਾਂ ਨੂੰ ਹਰੇਕ ਪਹਿਲੂ 'ਚ ਅਨੁਸ਼ਾਸਨ ਬਾਰੇ ਜਾਗਰੂਕ ਕੀਤਾ ਜਾਣਾ ਚਾਹੀਦਾ ਹੈ ਅਤੇ ਸੜਕ ਸੁਰੱਖਿਆ ਇਕ ਪ੍ਰਮੁੱਖ ਪਹਿਲੂ ਹੈ।

ਇਸ ਮੌਕੇ ਸਰੋਤ ਵਿਅਕਤੀ ਵਜੋਂ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਅਧਿਕਾਰੀ ਸਨ ਜਿਨ੍ਹਾਂ 'ਚ ਐਸ. ਆਈ. ਦਲਜੀਤ ਸਿੰਘ (ਇੰਚਾਰਜ) ਅਤੇ ਐਚ. ਸੀ. ਸ. ਸਲਵੰਤ ਸਿੰਘ (ਮੈਂਬਰ) ਜੋ ਕਿ ਇੰਸਪੈਕਟਰ ਸ. ਪਰਮਜੀਤ ਸਿੰਘ (ਇੰਚਾਰਜ, ਜਿਲ੍ਹਾ ਸਾਂਝ ਕੇਂਦਰ) ਦੇ ਨਾਲ ਸਨ। ਉਨ੍ਹਾਂ ਵਿਦਿਆਰਥੀਆਂ ਨਾਲ ਤੱਥਾਂ 'ਤੇ ਚਰਚਾ ਕਰਦਿਆਂ ਕਿਹਾ ਕਿ ਇਹ ਚਿੰਤਾ ਦਾ ਵਿਸ਼ਾ ਹੈ ਕਿ ਭਾਰਤ 'ਚ ਨਾਗਰਿਕ ਟ੍ਰੈਫਿਕ ਨਿਯਮਾਂ ਬਾਰੇ ਜਾਣੂ ਹੋਣ ਦੇ ਬਾਵਜੂਦ ਉਨ੍ਹਾਂ ਦੀ ਪਾਲਣਾ ਨਹੀਂ ਕਰਦੇ ਅਤੇ ਇਸ ਲਈ ਸੜਕਾਂ 'ਤੇ ਦੁਰਘਟਨਾਵਾਂ ਪ੍ਰਤੀ ਮਿੰਟ ਇਕ ਦੁਰਘਟਨਾ ਅਤੇ ਹਰ ਚਾਰ ਮਿੰਟ 'ਤੇ ਇਕ ਮੌਤ ਹੈ। ਅਧਿਕਾਰੀਆਂ ਨੇ ਕਿਹਾ ਕਿ ਹਰੇਕ ਨੂੰ ਇਕ ਜ਼ਿੰਮੇਵਾਰ ਨਾਗਰਿਕ ਵਜੋਂ ਕੰਮ ਕਰਨਾ ਚਾਹੀਦਾ ਹੈ ਅਤੇ ਸੜਕ ਸੁਰੱਖਿਆ ਨਾਲ ਸਬੰਧਿਤ ਸਹੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਤਾਂ ਜੋ ਨਾ ਸਿਰਫ਼ ਖ਼ੁਦ ਨੂੰ ਸੁਰੱਖਿਅਤ ਰੱਖਿਆ ਜਾ ਸਕੇ, ਸਗੋਂ ਦੂਜਿਆਂ ਨੂੰ ਵੀ ਸੁਰੱਖਿਅਤ ਰੱਖਿਆ ਜਾ ਸਕੇ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ ਡਰਾਈਵਿੰਗ ਲਾਇਸੈਂਸ ਨਿਯਮਾਂ, ਡਰਾਈਵਿੰਗ ਦੌਰਾਨ ਲੋੜੀਂਦੇ ਟ੍ਰੈਫਿਕ ਸੰਵੇਦਨਸ਼ੀਲਤਾ ਸਬੰਧੀ ਦਸਤਾਵੇਜ਼ਾਂ ਆਦਿ ਬਾਰੇ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਡਰਾਈਵਿੰਗ ਦੌਰਾਨ ਉੱਚੀ ਆਵਾਜ਼ 'ਚ ਮੋਬਾਈਲ ਫੋਨ ਦੀ ਵਰਤੋਂ ਕਰਨਾ ਸੜਕ 'ਤੇ ਹਾਦਸਿਆਂ ਦਾ ਇਕ ਵੱਡਾ ਕਾਰਨ ਹੈ। ਜਦੋਂ ਕਿ ਵਿਅਕਤੀ ਨੂੰ ਸਬਰ ਕਰਨਾ ਸਿੱਖਣਾ ਚਾਹੀਦਾ ਹੈ। ਸੜਕ 'ਤੇ ਹੁੰਦੇ ਸਮੇਂ ਮਾੜੇ ਅਭਿਆਸਾਂ ਨੂੰ ਤਿਆਗਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਾਈਬਰ ਕ੍ਰਾਈਮ ਬਾਰੇ ਵੀ ਜਾਗਰੂਕ ਕੀਤਾ ਗਿਆ।

ਇਸ ਮੌਕੇ ਪਰਮਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਭਾਰਤ ਨੂੰ ਭ੍ਰਿਸ਼ਟਾਚਾਰ ਮੁਕਤ ਦੇਸ਼ ਬਣਾਉਣ ਦੀ ਅਪੀਲ ਕਰਦਿਆਂ ਪਾਸਪੋਰਟ ਵੈਰੀਫਿਕੇਸ਼ਨ ਦੀ ਆਨਲਾਈਨ ਪ੍ਰਕਿਰਿਆ, ਗੁੰਮ ਹੋਏ ਦਸਤਾਵੇਜ਼ਾਂ ਦੀ ਰਿਪੋਰਟਿੰਗ ਅਤੇ ਕਿਸੇ ਹੋਰ ਅਪਰਾਧ ਦੀ ਰਿਪੋਰਟਿੰਗ ਲਈ ਮਾਰਗਦਰਸ਼ਨ ਕੀਤਾ। ਸੈਸ਼ਨ ਦੀ ਸਮਾਪਤੀ ਇੰਡਕਸ਼ਨ ਪ੍ਰੋਗਰਾਮ ਦੇ ਕੋਆਰਡੀਨੇਟਰ ਡਾ. ਰਿਪਿਨ ਕੋਹਲੀ ਵੱਲੋਂ ਕਰਨ ਉਪਰੰਤ ਆਏ ਸਮੂਹ ਪਤਵੰਤਿਆਂ ਦਾ ਧੰਨਵਾਦ ਕੀਤਾ।

# ਭਲਕੇ 15 ਸਾਲ ਪੁਰਾਣੇ ਡੀਜ਼ਲ ਆਟੋਜ਼ ਵਿਰੁੱਧ ਹੋਵੇਗੀ ਕਾਰਵਾਈ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਅੰਮ੍ਰਿਤਸਰ ਸਮਾਰਟ ਸਿਟੀ ਲਿਮ. ਅਧੀਨ ਚੱਲ ਰਹੇ 'ਰਾਹੀ' ਸਕੀਮ ਤਹਿਤ ਪੁਰਾਣੇ ਡੀਜ਼ਲ ਆਟੋਜ਼ ਨੂੰ ਈ-ਆਟੋਜ਼ ਦੇ ਨਾਲ ਬਦਲਿਆ ਜਾਣਾ ਹੈ ਅਤੇ ਪਹਿਲੇ ਪੜਾਅ ਵਿਚ ਇਹ ਕਾਰਵਾਈ 15 ਸਾਲ ਪੁਰਾਣੇ ਡੀਜ਼ਲ ਆਟੋਜ਼ ਨੂੰ ਬਦਲਣ ਲਈ ਅਮਲ ਵਿਚ ਲਿਆਂਦੀ ਜਾ ਰਹੀ ਹੈ ਜਿਸ ਤਹਿਤ ਸ਼ਰਕਾਰ ਵੱਲੋਂ 1.40 ਲੱਖ ਰੁਪਏ ਦੀ ਕੈਸ਼ ਸਬਸਿਡੀ ਤੋਂ ਇਲਾਵਾ ਲੋਕ ਭਲਾਈ ਸਕੀਮਾਂ ਦੇ ਲਾਭ ਦਿੱਤੇ ਜਾ ਰਹੇ ਹਨ। ਅੰਮ੍ਰਿਤਸਰ ਸਮਾਰਟ ਸਿਟੀ ਲਿਮ ਵੱਲੋਂ ਸਮੇਂ-ਸਮੇਂ ਤੇ ਇਨ੍ਹਾਂ ਡੀਜ਼ਲ ਆਟੋ ਚਾਲਕਾਂ ਨੂੰ ਉਤਸ਼ਾਹਿਤ ਕਰਨ ਲਈ "ਰਾਹੀ ਮੇਲੇ" ਅਤੇ ਕੈਂਪਾਂ ਆਦਿ ਦਾ ਆਯੋਜਨ ਕੀਤਾ ਗਿਆ ਹੈ ਜਿਸ ਵਿਚ ਇਨ੍ਹਾਂ ਨੂੰ ਈ-ਆਟੋ ਲਈ ਜਾਗਰੂਕ ਕਰਨ ਲਈ ਕਈ ਤਰ੍ਹਾਂ ਦੀਆਂ ਸਕੀਮਾਂ ਤੋਂ ਜਾਣੂ ਕਰਵਾਇਆ ਗਿਆ ਹੈ ਜਿਸ ਅਧੀਨ ਇਨ੍ਹਾਂ ਡੀਜ਼ਲ ਆਟੋ ਚਾਲਕਾਂ ਅਤੇ ਇਨ੍ਹਾਂ ਦੇ ਪਰਿਵਾਰਾਂ ਲਈ ਮਨਲੁਭਾਵਣੇ ਪ੍ਰੋਜੈਕਟਾਂ ਦਾ ਪ੍ਰਚਾਰ ਅਤੇ ਇਸ ਦੀ ਰੂਪਰੇਖਾ ਤਿਆਰ ਕੀਤੀ ਜਾ ਰਹੀ ਹੈ। 12 ਜੁਲਾਈ ਤੋਂ 21 ਜੁਲਾਈ, 2023 ਤੱਕ ਪੁਰਾਣੇ ਡੀਜ਼ਲ ਆਟੋ ਚਾਲਕਾਂ ਅਤੇ ਕਿਰਾਏ ਤੇ ਲੈ ਕੇ ਚਲਾਉਣ ਵਾਲੇ ਚਾਲਕਾਂ ਦੀ ਰਜਿਸਟ੍ਰੇਸ਼ਨ ਦੇ ਕੈਂਪ ਵੀ ਲਗਾਏ ਗਏ ਅਤੇ ਇਨ੍ਹਾਂ ਆਟੋਜ਼ ਦੀ ਟਰੈਫਿਕ ਪੁਲਿਸ ਦੀ ਇਨਫੋਰਸਮੈਂਟ ਤੋਂ ਬਚਾਓ ਲਈ ਸਟੀਕਰ ਵੀ ਜਾਰੀ ਕੀਤੇ ਗਏ ਜਿਸ ਤਹਿਤ 3000 ਤੋਂ ਵੱਧ ਰਜਿਸਟ੍ਰੇਸ਼ਨਾਂ ਵੀ ਕੀਤੀਆਂ ਗਈਆਂ ਕਿਉਂਕਿ ਇਨ੍ਹਾਂ ਪੁਰਾਣੇ ਡੀਜ਼ਲ ਆਟੋ ਚਾਲਕਾਂ ਵੱਲੋਂ ਆਪਣੇ ਆਟੋ ਈ-ਆਟੋਜ਼ ਨਾਲ ਬਦਲਣ ਲਈ ਕੁਝ ਸਮੇਂ ਦੀ ਮੋਹਲਤ ਮੰਗੀ ਗਈ ਸੀ ਜਿਸ ਵਾਸਤੇ ਪ੍ਰਸ਼ਾਸਨ ਨੇ ਇਨ੍ਹਾਂ ਨੂੰ 31 ਅਗਸਤ ਤੱਕ ਦਾ ਸਮਾਂ ਦੇਣ ਦੇ ਬਦਲੇ ਸਟਿੱਕਰ ਵੀ ਜਾਰੀ ਕੀਤੇ ਸਨ। ਹੁਣ ਵੀ ਵਿਭਾਗ ਵੱਲੋਂ ਸਾਰੇ ਸ਼ਹਿਰ ਵਿਚ ਹੋਰਡਿੰਗ ਲਗਾਕੇ ਪਹਿਲੇ ਪੜਾਅ ਅਧੀਨ 15 ਸਾਲ ਪੁਰਾਣੇ ਡੀਜ਼ਲ ਆਟੋ ਚਾਲਕਾਂ ਨੂੰ 31 ਅਗਸਤ ਤੱਕ ਈ-ਆਟੋ ਲੈਣ ਲਈ ਚੇਤਾਇਆ ਗਿਆ ਅਤੇ ਜਾਣਕਾਰੀ ਦਿੱਤੀ ਗਈ ਕਿ 1 ਸਤੰਬਰ, 2023 ਤੋਂ ਇਨ੍ਹਾਂ 15 ਸਾਲ ਪੁਰਾਣੇ ਡੀਜ਼ਲ ਆਟੋਜ਼ ਦੇ ਵਿਰੁੱਧ ਇਨਫੋਰਸਮੈਂਟ ਦੀ ਕਾਰਵਾਈ ਹਰ ਹਾਲਤ ਵਿਚ ਕੀਤੀ ਜਾਣੀ ਲਾਜ਼ਮੀ ਹੈ ਅਤੇ ਹੁਣ ਇਹ ਸਮਾਂ ਮਿਤੀ 31 ਅਗਸਤ ਨੂੰ ਪੂਰਾ ਹੋਣ ਜਾ ਰਿਹਾ ਹੈ। ਅੰਮ੍ਰਿਤਸਰ ਸਮਾਰਟ ਸਿਟੀ ਲਿਮ ਦੇ ਸੀਈਓ-ਕਮ-ਕਮਿਸ਼ਨਰ ਰਾਹੁਲ ਨੇ 15 ਸਾਲ ਪੁਰਾਣੇ ਡੀਜ਼ਲ ਆਟੋ ਚਾਲਕਾਂ ਨੂੰ ਅਪੀਲ ਕੀਤੀ ਕਿ ਇਹ ਰਾਹੀ ਸਕੀਮ ਪੰਜਾਬ ਸਰਕਾਰ ਦਾ ਇੱਕ ਪਾਇਲਟ ਪ੍ਰੋਜੈਕਟ ਹੈ, ਜਿਸ ਤਹਿਤ ਪੰਜਾਬ ਸਰਕਾਰ ਦੇ ਸਾਰੇ ਵਿਭਾਗ ਜਿਨ੍ਹਾਂ ਵਿਚ ਜ਼ਿਲ੍ਹਾ ਪ੍ਰਸ਼ਾਸਨ, ਪੁਲਸ ਪ੍ਰਸ਼ਾਸਨ, ਆਰਟੀਏ ਅਤੇ ਨਗਰ ਨਿਗਮ, ਅੰਮ੍ਰਿਤਸਰ ਮਿਲ ਕੇ ਇਸ ਪ੍ਰੋਜੈਕਟ ਨੂੰ ਹਰ ਹਾਲ ਵਿਚ ਨੇਪਰੇ ਚਾੜ੍ਹਨ ਲਈ ਕਾਰਵਾਈ ਕਰ ਰਹੇ ਹਨ।

# ਜੰਗਲਾਤ ਵਰਕਰਜ਼ ਯੂਨੀਅਨ ਵੱਲੋਂ ਵਣ ਮੰਡਲ ਅਫਸਰ ਵਿਰੁੱਧ ਰੈਲੀ ਭਲਕੇ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਜੰਗਲਾਤ ਵਰਕਰਜ਼ ਯੂਨੀਅਨ, ਵਣ ਮੰਡਲ ਹੁਸ਼ਿਆਰਪੁਰ ਦੀਆਂ ਸਮੂਹ ਵਣ ਰੇਜਾਂ ਵਿੱਚ ਕੰਮ ਕਰਦੇ ਵਰਕਰਾਂ ਦੀਆਂ ਜਾਇਜ਼ ਮੰਗਾਂ ਨੂੰ ਹੱਲ ਨਹੀਂ ਕੀਤਾ ਜਾ ਰਿਹਾ ਹੈ। ਜੱਥੇਬੰਦੀ ਦੇ ਪ੍ਰਧਾਨ ਪਵਨ ਕੁਮਾਰ, ਜਨਰਲ ਸਕੱਤਰ ਸੰਜੀਵ ਕੁਮਾਰ, ਚੇਅਰਮੈਨ ਅਮਰਜੀਤ ਸਿੰਘ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਮੰਗਾਂ ਦਾ ਨਿਪਟਾਰਾ ਨਹੀਂ ਕੀਤਾ ਜਾ ਰਿਹਾ, ਜਿਹਨਾਂ ਵਿੱਚ ਮਾਰਚ ਅਤੇ ਅਪ੍ਰੈਲ 2023 ਦੀਆਂ ਤਨਖਾਹਾਂ ਜਾਰੀ ਕਰਨਾ, ਮਾਰਚ 2023 ਦਾ ਵਧੇ ਰੇਟਾਂ ਮੁਤਾਬਕ ਵਰਕਰਾਂ ਨੂੰ ਏਰੀਅਰ ਦੇਣਾ, ਵਣ ਮੰਡਲ ਅਫਸਰ ਹੁਸ਼ਿਆਰਪੁਰ ਦੇ ਦਫਤਰ ਦੇ ਪੱਤਰ ਨੰਬਰ 302-08 ਮਿਤੀ 21-04-2023 ਅਨੁਸਾਰ ਸਾਲ 2023 ਦੌਰਾਨ ਜੋ ਸਮੂਹ ਵਣ ਰੇਜਾਂ ਵਿੱਚ ਫਾਇਰ ਸੀਜ਼ਨ ਦਸ਼ਰਾਨ ਫਾਇਰ ਵਾਚਰ ਰੱਖੇ ਗਏ ਹਨ, ਉਹਨਾਂ ਦੀ ਸੂਚੀ ਜੱਥੇਬੰਦੀ ਨੂੰ ਦੇਣ ਬਾਰੇ, ਮਹੀਨਾ ਮਾਰਚ 2023ਦੇ ਵਾਧੂ ਲੱਗੇ ਵਰਕਰਾਂ ਦੇ ਦਿਨਾਂ ਦੀ ਹਾਜਰੀ ਦੇਣ ਬਾਰੇ, ਪਲਾਂਟੇਸ਼ਨਾਂ ਵਿੱਚ ਕੰਮ ਕਰਦੇ ਵਰਕਰਾਂ ਨੂੰ ਵਾਟਰ ਕੂਲਰ ਅਤੇ ਮੀਂਹ ਤੋਂ ਬਚਾਅ ਲਈ ਤਰਪਾਲ ਦੇਣ ਬਾਰੇ, ਮੰਡਲ ਹੁਸ਼ਿਆਰਪੁਰ ਅਧੀਨ ਕੰਮ ਕਰਦੇ ਡੇਲੀਵਿਜ਼ ਮੁਲਾਜ਼ਮਾਂ ਨੂੰ ਦਿੱਤੇ ਏਰੀਅਰ ਦੀਆਂ ਕਪੀਆਂ ਜੱਥੇਬੰਦੀ ਨੂੰ ਸੌਂਪਣ ਬਾਰੇ, ਸਮੂਹ ਵਰਕਰਾਂ ਨੂੰ 7 ਤਰੀਕ ਤੱਕ ਤਨਖਾਹਾਂ ਜਾਰੀ ਕਰਨ ਬਾਰੇ, ਵਰਕਰਾਂ ਨੂੰ ਕੰਮ ਕਰਨ ਲਈ ਵਧੀਆ ਔਜਾਰ ਦੇਣ ਸਬੰਧੀ ਆਦਿ ਮੰਗਾਂ ਦੇ ਨਿਪਟਾਰੇ ਲਈ ਵਣ ਮੰਡਲ ਹੁਸ਼ਿਆਰਪੁਰ ਤੋਂ ਮੀਟਿੰਗ ਦਾ ਸਮਾਂ ਦੇਣ ਲਈ ਲਿਖਤੀ ਬੇਨਤੀ ਕੀਤੀ ਗਈ ਸੀ, ਪ੍ਰੰਤੂ ਇਸ ਅਧਿਕਾਰੀ ਵਲੋਂ ਜੱਥੇਬੰਦੀ ਨੂੰ ਮੀਟਿੰਗ ਦਾ ਸਮਾਂ ਦੇਣ ਤੋਂ ਟਾਲ-ਮਟੋਲ ਕੀਂ ਜਾ ਰਹੀ ਹੈ।

ਇਸ ਸਬੰਧੀ ਵਰਕਰਾਂ ਅੰਦਰ ਭਾਰੀ ਰੋਸ ਹੈ।ਵਰਕਰਾਂ ਦੇ ਰੋਸ ਨੂੰ ਦੇਖਦਿਆਂ ਜੱਥੇਬੰਦੀ ਵਲੋਂ ਪ.ਸ.ਸ.ਫ. ਦੇ ਸਹਿਯੋਗ ਨਾਲ ਮਿਤੀ 1 ਸਤੰਬਰ ਨੂੰ ਵਣ ਮੰਡਲ ਅਫਸਰ ਹੁਸ਼ਿਆਰਪੁਰ ਦੇ ਦਫਤਰ ਅੱਗੇ ਵੱਡੇ ਪੱਧਰ 'ਤੇ ਰੋਸ ਰੈਲੀ ਕੀਤੀ ਜਾਵੇਗੀ।ਆਗੂਆਂ ਨੇ ਸਮੂਹ ਵਰਕਰਾਂ ਨੂੰ ਇਸ ਰੈਲੀ ਨੂੰ ਸਫਲ ਬਣਾਉਣ ਦੀ ਅਪੀਲ ਕੀਤੀ ਹੈ। ਇਸ ਮੌਕੇ ਜੁਗਿੰਦਰ ਸਿੰਘ, ਰਵੀ ਕੁਮਾਰ, ਵਰਿੰਦਰ ਕੁਮਾਰ, ਅਜੈ ਵਸ਼ਿਸ਼ਟ, ਬਲਜੀਤ ਕੁਮਾਰ, ਗੁਰਮੀਤ ਸਿੰਘ, ਸੂਰਮ ਸਿੰਘ, ਸੁਰਿੰਦਰ ਪਾਲ ਆਦਿ ਆਗੂ ਵੀ ਹਾਜਰ ਸਨ।

# ਲੁਠੇੜੀ 'ਚ ਮੋਰਿੰਡਾ ਜ਼ੋਨ ਦੀਆਂ ਖੇਡਾਂ ਸਮਾਪਤ



**ਚਮਕੌਰ ਸਾਹਿਬ (ਗੁਰਿੰਦਰਪਾਲ ਸਿੰਘ ਬੌਬੀ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਠੇੜੀ ਵਿਖੇ ਮੋਰਿੰਡਾ ਜੋਨ ਦੀਆਂ ਖੇਡਾਂ ਸਮਾਪਤ ਹੋ ਗਈਆਂ ਹਨ । ਜੋਨ ਪ੍ਰਧਾਨ ਪ੍ਰਿੰਸੀਪਲ ਇੰਦਰਜੀਤ ਕੌਰ ਦੀ ਰਹਿਨੁਮਾਈ ਅਤੇ ਸੀਨੀਅਰ ਲੈਕਚਰਾਰ ਦਵਿੰਦਰ ਸਿੰਘ ਮਕੜੌਨਾ ਦੀ ਦੇਖ ਰੇਖ ਵਿੱਚ ਹੋਈਆਂ ਖੇਡਾਂ ਬਾਰੇ ਜਾਣਕਾਰੀ ਦਿੰਦਿਆਂ ਜੋਨ ਸਕੱਤਰ ਸੁਰਮੁੱਖ ਸਿੰਘ ਅਤੇ ਪ੍ਰੈੱਸ ਸਕੱਤਰ ਧਰਮਿੰਦਰ ਸਿੰਘ ਭੰਗੂ ਨੇ ਦੱਸਿਆ ਕਿ ਅਖੀਰਲੇ ਦਿਨ ਵਾਲੀਬਾਲ , ਕ੍ਰਿਕਟ ਅਤੇ ਫੁੱਟਬਾਲ ਦੇ ਫਾਇਨਲ ਮੁਕਾਬਲੇ ਕਰਵਾਏ ਗਏ ।ਲੜਕੀਆਂ ਦੇ ਵਾਲੀਬਾਲ ਮੁਕਾਬਲਿਆਂ ਵਿੱਚ 14 ਅਤੇ 17 ਸਾਲ ਉਮਰ ਵਰਗ ਵਿੱਚ ਗਾਰਡਨ ਵੈਲੀ ਸਕੂਲ ਚਤਾਮਲਾ ਨੇ ਪਹਿਲਾ ਅਤੇ 19 ਸਾਲ ਉਮਰ ਵਰਗ ਵਿੱਚ ਮਾਤਾ ਪ੍ਰਸਿੰਨੀ ਦੇਵੀ ਸਕੂਲ ਮੜੌਲੀ ਨੇ ਪਹਿਲਾ ਸਥਾਨ ਹਾਸਲ ਕੀਤਾ । ਲੜਕਿਆਂ ਦੇ ਵਾਲੀਬਾਲ ਮੁਕਾਬਲਿਆਂ ਵਿੱਚ 19 ਸਾਲਾ ਵਰਗ ਵਿੱਚ ਜੀਸਸ ਸੇਵੀਅਰਸ ਮੜੌਲੀ ਕਲਾਂ ਨੇ ਪਹਿਲਾ , ਗਾਰਡਨ ਵੈਲੀ ਸਕੂਲ ਚਤਾਮਲਾ ਨੇ ਦੂਜਾ ਅਤੇ ਭਾਈ ਨੰਦ ਲਾਲ ਸਕੂਲ ਮੋਰਿੰਡਾ ਨੇ ਤੀਜਾ ਸਥਾਨ ਹਾਸਲ ਕੀਤਾ ।ਫੁੱਟਬਾਲ ਦੇ 17 ਸਾਲ ਵਰਗ ਵਿੱਚ ਸਰਕਾਰੀ ਹਾਈ ਸਕੂਲ ਚਿਤਾਮਲੀ ਨੇ ਪਹਿਲਾ , ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੋਰਿੰਡਾ ਨੇ ਦੂਜਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਠੇੜੀ ਨੇ ਤੀਜਾ ਸਥਾਨ ਹਾਸਲ ਕੀਤਾ । ਕ੍ਰਿਕਟ ਮੁਕਾਬਲਿਆਂ ਵਿੱਚ 14 ਸਾਲ ਵਰਗ ਵਿੱਚ ਏਂਜਲ ਵਰਲਡ ਸਕੂਲ ਨੇ ਪਹਿਲਾ ਅਤੇ ਗਾਰਡਨ ਵੈਲੀ ਸਕੂਲ ਨੇ ਦੂਜਾ ਸਥਾਨ ਹਾਸਲ ਕੀਤਾ 19 ਸਾਲ ਵਰਗ ਵਿੱਚ ਗਾਰਡਨ ਵੈਲੀ ਸਕੂਲ ਨੇ ਪਹਿਲਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੂਰਮਾਜਰਾ ਨੇ ਦੂਜਾ ਸਥਾਨ ਹਾਸਲ ਕੀਤਾ । ਇਸ ਮੌਕੇ ਰਵਿੰਦਰ ਸਿੰਘ , ਹਰਪ੍ਰੀਤ ਸਿੰਘ ਲੌਂਗੀਆ , ਪਰਮਜੀਤ ਸਿੰਘ , ਗੁਰਇੰਦਰ ਸਿੰਘ, ਸਰਬਜੀਤ ਕੌਰ , ਬਲਜਿੰਦਰ ਕੌਰ , ਪਰਮਜੀਤ ਸਿੰਘ , ਗੁਰਮੀਤ ਕੌਰ , ਅਮਨਦੀਪ ਸਿੰਘ ਅਤੇ ਅੰਜੂ ਬਾਲਾ ਆਦਿ ਹਾਜਰ ਸਨ ।

# ਬੇਦਾਗ਼ ਸੇਵਾ ਮੁਕਤ ਹੋਏ ਸੁਖਦਰਸ਼ਨ ਸਿੰਘ ਕੁਲਾਣਾ



**ਬੁਢਲਾਡਾ (ਅਸ਼ੋਕ ਲਾਕੜਾ)**-ਸਾਡੇ 'ਚੋਂ ਸਰਕਾਰੀ ਤੌਰ 'ਤੇ ਆਪਣੀ 25 ਸਾਲ 5 ਮਹੀਨੇ ਦੀ ਬੇਦਾਗ਼ ਸਰਵਿਸ ਪੂਰੀ ਕਰਕੇ ਸੇਵਾ ਮੁਕਤ ਹੋ ਰਹੇ ਸੁਖਦਰਸ਼ਨ ਸਿੰਘ ਕੁਲਾਣਾ ਜਨਮ 12-08-1965 ਨੂੰ ਪਿਤਾ ਗੁਰਦੇਵ ਸਿੰਘ ਨੰਬਰਦਾਰ ਦੇ ਘਰ ਮਾਤਾ ਸ੍ਰੀਮਤੀ ਨਛੱਤਰ ਕੌਰ ਦੀ ਸੁਲੱਖਣੀ ਕੁੱਖੋਂ ਪਿੰਡ ਕੁਲਾਣਾ ਵਿਖੇ ਹੋਇਆ। ਦੋ ਭਰਾਵਾਂ ਦੇ ਅੰਮਾ ਜਾਏ ਵੀਰ ਸੁਖਦਰਸ਼ਨ ਸਿੰਘ ਨੇ ਆਪਣੀ ਮੁੱਢਲੀ ਸਿੱਖਿਆ ਸਰਕਾਰੀ ਹਾਈ ਸਕੂਲ, ਦਾਤੇਵਾਸ ਤੋਂ ਪ੍ਰਾਪਤ ਕੀਤੀ। ਗਰੈਜੂਏਸ਼ਨ ਗੁਰੂ ਨਾਨਕ ਕਾਲਜ ਬੁਢਲਾਡਾ ਤੋਂ ਕੀਤੀ। ਗਿਆਨੀ ਫੂਲਮਾਲਾ ਕਾਲਜ ਬੁਢਲਾਡਾ ਤੋਂ ਅਤੇ ਡਿਪਲੋਮਾ ਇੰਨ ਕੰਪਿਊਟਰ ਦੇਸ਼ ਭਗਤ ਕਾਲਜ ਬਰੜਵਾਲ (ਧੂਰੀ) ਤੋਂ ਕੀਤਾ। 09-09-1993 ਨੂੰ ਕਲੈਰੀਕਲ ਕਾਡਰ ਵਿੱਚ ਬਤੌਰ ਕਲਰਕ ਵਜੋਂ ਮਹਿਕਮਾ ਲੌਂਗੋਵਾਲ ਇੰਜੀਨੀਅਰ ਕਾਲਜ ਵਿੱਚ ਐਡਹਾਕ ਬੇਸਿਸ 'ਤੇ ਨੌਕਰੀ ਜੁਆਇਨ ਕੀਤੀ ਅਤੇ ਐਸ ਐਸ ਬੋਰਡ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਮਿਤੀ 24-03-1998 ਨੂੰ ਦਫ਼ਤਰ ਡਿਪਟੀ ਕਮਿਸ਼ਨਰ, ਮਾਨਸਾ ਵਿੱਚ ਬਤੌਰ ਕਲਰਕ ਨੌਕਰੀ ਜੁਆਇਨ ਕੀਤੀ। ਇਸ ਤੋਂ ਇਲਾਵਾ ਸਮੇਂ ਸਮੇਂ ਤੇ ਡੀ ਸੀ ਦਫ਼ਤਰ ਮਾਨਸਾ, ਤਹਿਸੀਲ ਦਫ਼ਤਰ ਬੁਢਲਾਡਾ ਅਤੇ ਸਬ ਤਹਿਸੀਲ ਬਰੇਟਾ ਵਿਖੇ ਵੀ ਸੇਵਾ ਕੀਤੀ। ਉਹ 14-09-2020 ਨੂੰ ਬਤੌਰ ਸੀਨੀਅਰ ਸਹਾਇਕ ਪਦ ਉੱਨਤ ਹੋਏ। ਬਤੌਰ ਸੀਨੀਅਰ ਸਹਾਇਕ ਦੀ ਪਦਵੀ 'ਤੇ ਆਪ ਨੇ ਇਸ ਜ਼ਿਲ੍ਹੇ ਦੇ ਅਸਲਾ ਸ਼ਾਖਾ ਵਿੱਚ ਮਿਤੀ 28-01-2021 ਤੋਂ ਸੇਵਾ ਮੁਕਤ ਹੋਣ ਤੱਕ ਭਾਵ 31-08-2023 ਤੱਕ ਸੇਵਾ ਨਿਭਾਈ। ਸੇਵਾ ਵਿੱਚ ਆਉਣ ਸਮੇਂ ਤੋਂ ਪਹਿਲਾਂ ਹੀ ਮਿਤੀ 04-04-1987 ਨੂੰ ਆਪ ਆਪਦੇ ਜ਼ਿੰਦਗੀ ਦੀ ਹਮਸਫ਼ਰ ਸ੍ਰੀਮਤੀ ਰਣਜੀਤ ਕੌਰ ਸਪੁੱਤਰੀ ਕਰਤਾਰ ਸਿੰਘ ਵਾਸੀ ਲੌਂਗੋਵਾਲ ਜ਼ਿਲ੍ਹਾ ਸੰਗਰੂਰ ਨਾਲ ਸਿੱਖ ਰੀਤੀ ਰਿਵਾਜ ਅਨੁਸਾਰ ਵਿਆਹੁਤਾ ਜੀਵਨ ਵਿੱਚ ਦਾਖਲ ਹੋਏ। ਆਪ ਦੇ ਘਰ 2 ਬੱਚਿਆਂ ਨੇ ਜਨਮ ਲਿਆ ਜਿੰਨਾ ਵਿੱਚ ਇੱਕ ਸਪੁੱਤਰ (ਗਗਨਦੀਪ ਸਿੰਘ) ਅਤੇ ਇੱਕ ਸਪੁੱਤਰੀ ( ਕਮਲਪ੍ਰੀਤ ਕੌਰ) ਹਨ।

# ਲਾਇਲਪੁਰ ਖ਼ਾਲਸਾ ਕਾਲਜ 'ਚ ਮਨਾਇਆ ਰਾਸ਼ਟਰੀ ਖੇਡ ਦਿਵਸ



**ਜਲੰਧਰ (ਸ਼ੈਲੀ ਐਲਬਰਟ)**-:ਖੇਡਾਂ ਦੇ ਖੇਤਰ ਵਿੱਚ ਵੱਡੀਆਂ ਪ੍ਰਾਪਤੀਆਂ ਕਰ ਰਹੇ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਵਿਖੇ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਨੂੰ ਸਮਰਪਿਤ ਰਾਸ਼ਟਰੀ ਖੇਡ ਦਿਵਸ ਮਨਾਇਆ ਗਿਆ, ਜਿਸ ਵਿੱਚ ਅਮਰੀਕ ਸਿੰਘ ਪੁਆਰ, ਸਾਬਕਾ ਡਿਪਟੀ ਕਮਿਸ਼ਨਰ ਆਫ ਪੁਲਸ ਅਤੇ ਹਾਕੀ ਦੇ ਰਾਸ਼ਟਰੀ ਪੱਧਰ ਦੇ ਖਿਡਾਰੀ ਤੇ ਸਾਸ਼ਵਤ ਰਾਜਦਾਨ, ਜ਼ਿਲ੍ਹਾ ਖੇਡ ਅਫਸਰ ਜਲੰਧਰ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ । ਇਸ ਮੌਕੇ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਨੇ ਕਰਾਸ ਕੰਟਰੀ ਰੇਸ ਵਿੱਚ ਹਿੱਸਾ ਲਿਆ ਜਿਸ ਵਿਚੋਂ ਦੀਪਕ ਪਾਲ, ਜਸਵੀਰ ਸਿੰਘ ਅਤੇ ਭੁਪਿੰਦਰ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਪਹਿਲੇ 10 ਸਥਾਨਾਂ 'ਤੇ ਆਉਣ ਵਾਲੇ ਲੜਕਿਆਂ ਨੂੰ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਨੇ ਕਿਹਾ ਕਿ ਅਨੁਸ਼ਾਸਿਤ ਖਿਡਾਰੀ ਹੀ ਖੇਡਾਂ ਵਿੱਚ ਤਰੱਕੀ ਕਰ ਸਕਦੇ ਹਨ। ਡਾ. ਬੈਂਸ, ਡੀਨ ਸਪੋਰਟਸ ਨੇ ਵਿਭਾਗ ਦੀ ਸਾਲਾਨਾ ਰਿਪੋਰਟ ਪੇਸ਼ ਕਰਦਿਆਂ ਮੇਜਰ ਧਿਆਨ ਚੰਦ ਦੀ ਜੀਵਨੀ ਬਾਰੇ ਚਾਨਣਾ ਪਾਇਆ । ਸੁਰਜੀਤ ਸਿੰਘ, ਭੁਪਿੰਦਰ ਸਿੰਘ, ਗੁਰਜੀਤ ਸਿੰਘ, ਮੁਖਜਿੰਦਰ ਸਿੰਘ, ਮਨਦੀਪ ਸਿੰਘ, ਰਮਨਪ੍ਰੀਤ ਸਿੰਘ,ਹਰਪ੍ਰੀਤ ਬਾਂਸਲ,ਧਰਮਪਾਲ ਸਿੰਘ ਅਤੇ ਰਾਜਨ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਗਰਾਂਊਂਡ ਸਟਾਫ ਅਤੇ ਮਾਲੀਆਂ ਨੂੰ ਟਰੈਕ ਸੂਟ ਵੀ ਵੰਡੇ ਗਏ ॥ ਪ੍ਰੋ. ਸਤਪਾਲ ਸਿੰਘ ਨੇ ਸਮਾਗਮ ਦੌਰਾਨ ਮੰਚ ਸੰਚਾਲਨ ਦੀ ਭੂਮਿਕਾ ਨਿਭਾਈ।॥ ਇਸ ਮੌਕੇ ਪ੍ਰੋ. ਅੰਮ੍ਰਿਤਪਾਲ ਸਿੰਘ ਨਿੰਦਰਾਯੋਗ, ਪ੍ਰੋ. ਵਿਕਾਸ ਕੁਮਾਰ, ਪ੍ਰੋ. ਸਰਬਜੀਤ ਸਿੰਘ, ਪ੍ਰੋ. ਅਜੇ ਕੁਮਾਰ, ਪ੍ਰੋ. ਮਨਵੀਰ ਸਿੰਘ ਅਤੇ ਹੋਰ ਸਟਾਫ ਮੈਂਬਰ ਵੀ ਹਾਜ਼ਰ ਸਨ ॥

# ਦ ਲੀਜੇਂਟ ਡਾਂਸ ਅਕਾਦਮੀ ਵੱਲੋਂ ਕਿੰਗ ਆਫ ਡਾਂਸ ਸੀਜ਼ਨ-7 ਮਨਾਇਆ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**
ਦ ਲੀਜੇਂਟ ਡਾਂਸ ਅਕਾਦਮੀ ਵਲੋਂ ਕਿੰਗ ਆਫ ਡਾਂਸ ਸੀਜ਼ਨ-7 ਦਾ ਫਾਈਨਲ ਆਯੋਜਨ ਹੁਸ਼ਿਆਰਪੁਰ ਪੰਜਾਬ ਯੂਨੀਵਰਸਿਟੀ ਸਵਾਮੀ ਸਰਵਾਨੰਦ ਗਿਰੀ ਰਿਜਨਲ ਸੈਂਟਰ ਵਿਖੇ ਕਰਵਾਇਆ ਗਿਆ। ਜਾਣਕਾਰੀ ਦਿੰਦੇ ਹੋਏ ਡਾਇਰੈਕਟਰ ਪ੍ਰਦੀਪ ਕੁਮਾਰ ਨੇ ਦੱਸਿਆ ਕਿ ਹੁਸ਼ਿਆਰਪੁਰ ਵਿਖੇ ਆਯੋਜਿਤ ਕਿੰਗ ਆਫ ਡਾਂਸ ਸੀਜ਼ਨ-7 ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਤੋਂ ਇਲਾਵਾ ਪੰਜਾਬ ਦੇ ਹੋਰ ਜ਼ਿਲ੍ਹਿਆਂ ਅਤੇ ਹਿਮਾਚਲ ਦੇ ਬੱਚਿਆਂ ਨੇ ਇਸ ਪ੍ਰਤੀਯੋਗਿਤਾ ਵਿੱਚ ਵੱਧ-ਚੜ੍ਹ ਕੇ ਭਾਗ ਲਿਆ। ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਕੈਬੀਨੇਟ ਮੰਤਰੀ ਮਾਣਯੋਗ ਬ੍ਰਮ ਸ਼ੰਕਰ ਜਿੰਪਾ ਮੁੱਖ ਮਹਿਮਾਨ ਦੇ ਤੌਰ ਤੇ ਹਾਜ਼ਰ ਹੋਏ ਅਤੇ ਰਾਜਨ ਔਜਲਾ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਪ੍ਰਤੀਯੋਗਿਤਾ ਵਿੱਚ ਜੱਜ ਦੀ ਭੂਮਿਕਾ ਵਿਸ਼ਨੂੰ ਕੇ.ਸੀ. (ਚੰਡੀਗੜ੍ਹ) ਨੇ ਨਿਭਾਈ। ਇਸ ਡਾਂਸ ਪ੍ਰਤੀਯੋਗਿਤਾ ਵਿੱਚ ਹਰੇਕ ਉਮਰ ਵਰਗ ਦੀ ਡਾਂਸ ਪ੍ਰਤੀਯੋਗਿਤਾ ਕਰਵਾਈ ਗਈ। ਜੇਤੂ ਰਹੇ ਪ੍ਰਤੀਯੋਗੀਆਂ ਨੂੰ ਨਗਦ ਪੁਰਸਕਾਰ, ਟ੍ਰਾਫੀਆਂ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਵਾਰ ਡਾਂਸ ਪ੍ਰਤੀਯੋਗਤਾ ਵਿਚ ਆਸ਼ਾ ਕਿਰਨ ਸਕੂਲ ਜਹਾਂਨਖੇਲਾਂ ਦੇ ਸਪੈਸ਼ਲ ਬੱਚਿਆ ਨੇ ਵੀ ਆਪਣਾ ਹੁਨਰ ਦਿਖਾਇਆ ਅਤੇ ਇਨ੍ਹਾ ਸਪੈਸ਼ਲ ਬੱਚਿਆਂ ਦੇ ਨਾਲ ਸ਼੍ਰੀ ਪਰਮਜੀਤ ਸਿੰਘ ਸਚਦੇਵਾ ਸਲਾਹਕਾਰ, ਪ੍ਰਧਾਨ ਤਰਨਜੀਤ ਸਿੰਘ ਸੀ.ਏ. ਅਤੇ ਪ੍ਰਿੰਸੀਪਲ ਸ਼ੈਲੀ ਸ਼ਰਮਾ ਮੌਜੂਦ ਰਹੇ।4 ਸਾਲ ਤੋਂ 9 ਸਾਲ ਦੇ ਵਰਗ ਵਿੱਚ ਪ੍ਰਾਚੀ (ਹੁਸ਼ਿਆਰਪੁਰ) ਨੇ ਪਹਿਲਾ, ਇਸ਼ਮਾਨ (ਹੁਸ਼ਿਆਰਪੁਰ) ਨੇ ਦੂਸਰਾ ਅਤੇ ਵਰੁਣ ਨੇ ਤੀਸਰਾ ਸਥਾਨ ਹਾਸਲ ਕੀਤਾ।10 ਸਾਲ ਤੋਂ 15 ਸਾਲ ਦੇ ਵਰਗ ਵਿੱਚ ਹਰਮੀਤ ਕੌਰ (ਲੁਧਿਆਣਾ) ਨੇ ਪਹਿਲਾ, ਕੁੰਜਲ (ਹਿਮਾਚਲ ਪ੍ਰਦੇਸ਼) ਨੇ ਦੂਸਰਾ ਅਤੇ ਸੰਧਿਆ ਨੇ ਤੀਸਰਾ ਸਥਾਨ ਹਾਸਿਲ ਕੀਤਾ।15 ਸਾਲ ਤੋਂ ਉਪਰ ਦੇ ਵਰਗ ਵਿੱਚ ਸੂਰਜ (ਜਲੰਧਰ) ਨੇ ਪਹਿਲਾ, ਸਟੈਂਡ ਪਾੱਪ (ਲੁਧਿਆਣਾ) ਨੇ ਦੂਸਰਾ ਅਤੇ ਖੁਸ਼ਬੂ ਨੇ ਤੀਸਰਾ ਸਥਾਨ ਹਾਸਲ ਕੀਤਾ। ਜੂਨੀਅਰ ਜੁਗਲ ਪ੍ਰਤੀਯੋਗਿਤਾ ਵਿੱਚ ਸੁਚੀਤਾ ਅਤੇ ਮਨੂਸ਼੍ਰੀ (ਹੁਸ਼ਿਆਰਪੁਰ) ਨੇ ਪਹਿਲਾ, ਆਯਾਨ ਅਤੇ ਰਾਘਵੀ ਨੇ ਦੂਸਰਾ, ਦਿਵਿਆ ਅਤੇ ਤਨਮੈਅ ਨੇ ਤੀਸਰੇ ਸਥਾਨ ਤੇ ਕਬਜ਼ਾ ਕੀਤਾ। ਸੀਨੀਅਰ ਜੁਗਲ ਪ੍ਰਤੀਯੋਗਿਤਾ ਵਿੱਚ ਵਿੱਕੀ ਅਤੇ ਅੰਕਿਤ (ਚੰਡੀਗੜ੍ਹ) ਨੇ ਪਹਿਲਾ, ਆਕਾਸ਼ ਨਾਹਰ ਅਤੇ ਜੀਆ ਰਾਜਪੂਤ (ਮੁਕੇਰੀਆਂ) ਨੇ ਦੂਸਰਾ, ਬਰਕਤ ਅਲੀ ਅਤੇ ਅੰਕੁਸ਼ ਪਾੱਲ (ਲੁਧਿਆਣਾ) ਨੇ ਤੀਸਰਾ ਸਥਾਨ ਹਾਸਿਲ ਕੀਤਾ।ਜੂਨੀਅਰ ਗਰੁੱਪ ਵਿੱਚ ਪਰਿਸ਼ਾ, ਗੀਤਾਰਥ, ਹਾਰਦਿਕ, ਦਿਵਿਆਂਸ਼ੀ, ਅਰਹਾਨ (ਮੁਕੇਰੀਆਂ) ਨੇ ਪਹਿਲਾ ਸਥਾਨ, ਸੋਹਮ, ਗੀਤਿਕਾ, ਕਾਰਤਿਕ, ਰਿਤਿਕਾ, ਦਿਵਿਅਮ, ਹਰਨੂਰ, ਧੈਰਿਆ ਨੇ ਦੂਸਰਾ ਅਤੇ ਪਾਵਨੀ, ਨੈਇਆ, ਇਸ਼ਿਤਾ, ਪ੍ਰਾਚੀ, ਦਿਪਤੀ, ਨਵਿਆ, ਰਿਧਿਮਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਸੀਨੀਅਰ ਗਰੁਪੱ ਵਿੱਚ ਡੀ.ਐਲ.ਸੀ.ਗਰੁੱਪ (ਲੁਧਿਆਣਾ) ਨੇ ਪਹਿਲਾ, ਨਿਰਤਿਆਂਜਲੀ ਗਰੁੱਪ (ਜਵਾਲਾ ਜੀ-ਹਿਮਾਚਲ) ਨੇ ਦੂਸਰਾ ਅਤੇ ਨਿਸ਼ਾ, ਵਿੱਕੀ, ਕ੍ਰਿਸ਼ਨਾ, ਜਸਕਿਰਨ, ਜਸਮੀਤ, ਪਕਸ਼ਿਕਾ, ਅੰਸ਼ਿਕਾ, ਦਿਵਿਆਂਸ਼ੀ (ਹੁਸ਼ਿਆਰਪੁਰ) ਨੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਤੇ ਆਰਤੀ ਸੂਦ, ਪ੍ਰੋ.ਤਰਸੇਮ ਮਹਾਜਨ ਅਤੇ ਪੂਜਾ ਮਹਾਜਨ, ਪ੍ਰੋ.ਹਰਪ੍ਰੀਤ ਸਿੰਘ, ਕਰਨ,ਮਨਵਿੰਦਰ ਸਿੰਘ, ਹਰਿੰਦਰ ਸਿੰਘ, ਸਮੀਰ ਗੁਪਤਾ, ਰਮਨੀਤ ਸਿੰਘ, ਰਾਘਵ, ਸੁਰੇਸ਼ ਅਰੋੜਾ, ਹਰਿੰਦਰ ਸਿੰਘ ਬੱਗਾ, ਕਿਸ਼ਨਕਾਂਤ ਸੈਣੀ, ਅਜੈ ਭਾਟੀਆ ਆਦਿ ਵਿਸ਼ੇਸ਼ ਤੌਰ ਤੇ ਮੌਜੂਦ ਸਨ। ਮੰਚ ਸੰਚਾਲਨ ਦੀ ਭੂਮਿਕਾ ਪਿੰਕੀ ਸੈਣੀ ਨੇ ਬਾਖੂਬੀ ਨਿਭਾਈ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਰੱਖੜੀ ਦਾ ਤਿਉਹਾਰ ਮਨਾਇਆ



**ਸ੍ਰੀ ਅਨੰਦਪੁਰ ਸਾਹਿਬ ਅਰਵਿੰਦਰ ਸਿੰਘ ਬਿੰਦੀ)**ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਅਤੇ ਮੈਂਬਰ ਇੰਚਾਰਜ ਸਾਹਿਬਾਨ ਸ. ਇਕਬਾਲ ਸਿੰਘ ਲਾਲਪੁਰਾ (ਚੇਅਰਮੈਨ ਕੌਮੀ ਘੱਟ ਗਿਣਤੀ ਕਮਿਸਨ), ਡਾ. ਪ੍ਰਭਜੋਤ ਕੌਰ(ਰਿਟਾ. ਪ੍ਰਿੰਸੀਪਲ), ਸ. ਇੰਦਰਜੀਤ ਸਿੰਘ (ਉੱਘੇ ਸਮਾਜ ਸੇਵੀ), ਸ. ਗੁਰਮਿੰਦਰ ਸਿੰਘ ਭੁੱਲਰ, ਡਾਇਰੈਕਟਰ ਐਜੂਕੇਸਨ) ਜੀ ਦੀ ਯੋਗ ਅਗਵਾਈ ਹੇਠ ਚੱਲ ਰਹੇ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਵਿਖੇ ਭੈਣ ਭਰਾ ਦੇ ਪਵਿੱਤਰ ਰਿਸ਼ਤੇ ਦਾ ਪ੍ਰਤੀਕ ਰੱਖੜੀ ਦਾ ਤਿਉਹਾਰ ਮਨਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਦੇ ਰਾਖੀ ਮੇਕਿੰਗ, ਕਾਰਡ ਮੇਕਿੰਗ, ਚਾਰਟ ਮੇਕਿੰਗ ਮੁਕਾਬਲੇ ਕਰਵਾਏ ਗਏ। ਸਕੂਲੀ ਵਿਦਿਆਰਥਣਾਂ ਨੇ ਵਿਦਿਆਰਥੀਆਂ ਦੇ ਰੱਖੜੀ ਬੰਨ੍ਹ ਕੇ ਭੈਣ ਭਰਾ ਦੇ ਪਵਿੱਤਰ ਰਿਸਤੇ ਦੀ ਝਲਕ ਪੇਸ ਕੀਤੀ। ਸਕੂਲ ਇੰਚਾਰਜ ਗੁਰਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਰੱਖੜੀ ਦੇ ਤਿਉਹਾਰ ਦੇ ਇਤਿਹਾਸ ਅਤੇ ਮਹੱਤਤਾ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਨਿਸਾ ਗਰਗ, ਮਮਤਾ ਦੇਵੀ, ਨਰਿੰਦਰ ਕੌਰ, ਸੰਦੀਪ ਕੌਰ, ਸਾਂਤੀ ਦੇਵੀ,ਕੰਵਲਜੀਤ ਕੌਰ, ਰਜਿੰਦਰ ਕੌਰ, ਸਤਿੰਦਰ ਕੌਰ, ਆਂਸੂ,ਦੀਪਾਂਜਲੀ, ਹਰਿੰਦਰ ਕੌਰ, ਰਵੀਇੰਦਰ ਕੌਰ, ਮਨਜੀਤ ਕੌਰ, ਸਪਨਾ ਰਾਣੀ, ਜਸਪ੍ਰੀਤ ਕੌਰ, ਅਮਰਜੀਤ ਕੌਰ, ਕਰਮਜੀਤ ਕੌਰ, ਰਾਕੇਸ ਬੇਦੀ ਆਦਿ ਕੰਵਲਜੀਤ ਕੌਰ, ਰਜਿੰਦਰ ਕੌਰ, ਦੀਪਾਂਜਲੀ ਹਾਜਰ ਸਨ।

# ਸਰਕਾਰੀ ਕਾਲਜ ਡੇਰਾਬੱਸੀ ਵਿਖੇ ਐੱਨ ਐੱਸ ਐੱਸ ਤੇ ਸਰੀਰਕ ਸਿੱਖਿਆ ਵਿਭਾਗ ਵੱਲੋਂ ਖੇਡ ਮੁਕਾਬਲੇ



**ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ)**- ਸਰਕਾਰੀ ਕਾਲਜ ਡੇਰਾਬੱਸੀ ਵਿਖੇ ਅੱਜ ਪ੍ਰਿੰਸੀਪਲ ਕਾਮਨਾ ਗੁਪਤਾ ਦੀ ਸਰਪ੍ਰਸਤੀ ਹੇਠ ਐੱਨ. ਐੱਸ. ਐੱਸ. ਅਤੇ ਸਰੀਰਕ ਸਿੱਖਿਆ ਵਿਭਾਗ ਵੱਲੋਂ ਰਾਸ਼ਟਰੀ ਖੇਡ ਦਿਵਸ ਮੌਕੇ ਵੱਖ ਵੱਖ ਖੇਡ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਲਈ ਕਾਲਜ ਦੇ ਸਮੂਹ ਵਿਦਿਆਰਥੀਆਂ ਨੂੰ ਚਾਰ ਹਾਊਸ ਪਦਮ ਸ੍ਰੀ ਮਿਲਖਾ ਸਿੰਘ ਹਾਊਸ, ਮੇਜਰ ਧਿਆਨ ਚੰਦ ਹਾਊਸ, ਪੀ. ਵੀ. ਸਿੰਧੂ ਹਾਊਸ, ਮੈਰੀ ਕੌਮ ਹਾਊਸ ਵਿਚ ਵੰਡਿਆ ਗਿਆ। ਅੱਜ ਦੇ ਇਸ ਖੇਡ ਦਿਹਾੜੇ ਦੀ ਸ਼ੁਰੂਆਤ ਪ੍ਰਿੰਸੀਪਲ ਕਾਮਨਾ ਗੁਪਤਾ ਵੱਲੋਂ ਝੰਡਾ ਲਹਿਰਾ ਕੇ ਕੀਤੀ ਗਈ। ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਰਾਸ਼ਟਰੀ ਖੇਡ ਦਿਵਸ ਦੀ ਵਧਾਈ ਦਿੰਦਿਆਂ ਇਸ ਦਿਨ ਦੇ ਇਤਿਹਾਸ ਅਤੇ ਮਹੱਤਵ ਬਾਰੇ ਦੱਸਿਆ। ਇਸ ਤੋਂ ਬਾਅਦ ਖੇਡ ਮੁਕਾਬਲੇ ਸ਼ੁਰੂ ਹੋਏ। ਇਸ ਦੌਰਾਨ ਖੋ-ਖੋ, ਵਾਲੀਬਾਲ, ਸੈਕ-ਰੇਸ ਅਤੇ ਰੱਸਾਕਸ਼ੀ ਦੇ ਮੁਕਾਬਲੇ ਕਰਵਾਏ ਗਏ। ਖੇਡਾਂ ਦੌਰਾਨ ਵਿਦਿਆਰਥੀਆਂ ਨੂੰ ਰਿਫਰੈਸਮੈਂਟ ਵੀ ਦਿੱਤੀ ਗਈ। ਅੱਜ ਦੇ ਇਸ ਰਾਸ਼ਟਰੀ ਖੇਡ ਦਿਵਸ ਦੇ ਸਾਰੇ ਮੁਕਾਬਲੇ ਕਨਵੀਨਰ ਪ੍ਰੋ. ਅਮਰਜੀਤ ਕੌਰ ਅਤੇ ਕੋ-ਕਨਵੀਨਰ ਪ੍ਰੋ. ਗੁਰਪ੍ਰੀਤ ਕੌਰ ਦੀ ਦੇਖ ਰੇਖ ਹੇਠ ਕਰਵਾਏ ਗਏ। ਪਦਮ ਸ੍ਰੀ ਮਿਲਖਾ ਸਿੰਘ ਹਾਊਸ ਦੇ ਇੰਚਾਰਜ ਪ੍ਰੋ. ਅੰਸੂਲ ਭਾਟੀਆ ਅਤੇ ਪ੍ਰੋ. ਰਵਿੰਦਰ ਸਿੰਘ, ਮੇਜਰ ਧਿਆਨ ਚੰਦ ਹਾਊਸ ਦੇ ਇੰਚਾਰਜ ਪ੍ਰੋ. ਮੋਹਨੀਸ਼ ਆਰੀਆ ਤੇ ਪ੍ਰੋ ਮੇਘਾ ਗੋਇਲ, ਪੀ. ਵੀ. ਸਿੰਧੂ ਹਾਊਸ ਦੇ ਇੰਚਾਰਜ ਪ੍ਰੋ. ਬਲਜਿੰਦਰ ਸਿੰਘ ਤੇ ਪ੍ਰੋ. ਅਮਰਿੰਦਰ ਕੌਰ, ਮੈਰੀ ਕੌਮ ਹਾਊਸ ਦੇ ਇੰਚਾਰਜ ਪ੍ਰੋ. ਕਿਰਨਪ੍ਰੀਤ ਕੌਰ ਤੇ ਪ੍ਰੋ. ਗੁਰਮੀਤ ਸਿੰਘ ਸਨ। ਇਨ੍ਹਾਂ ਮੁਕਾਬਲਿਆਂ ਵਿਚ ਮੇਜਰ ਧਿਆਨ ਚੰਦ ਹਾਊਸ ਨੇ ਓਵਰਆਲ ਪਹਿਲਾ, ਪਦਮ ਸ੍ਰੀ ਮਿਲਖਾ ਸਿੰਘ ਹਾਊਸ ਨੇ ਦੂਜਾ ਤੇ ਪੀ. ਵੀ. ਸਿੰਧੂ ਹਾਊਸ ਨੇ ਤੀਜਾ ਸਥਾਨ ਹਾਸਲ ਕੀਤਾ।

# ਏ ਜੀ ਆਈ ਗਲੋਬਲ ਸਕੂਲ ਨੇ ਰਾਸ਼ਟਰੀ ਖੇਡ ਦਿਵਸ ਮਨਾਇਆ



**ਜਲੰਧਰ ( ਰਾਜੇਸ਼ ਥਾਪਾ )**-ਖੇਤਰ ਦੇ ਸਿਖਰਲੇ ਸਕੂਲਾਂ ਵਿੱਚੋਂ ਇੱਕ ਐਗੀ ਗਲੋਬਲ ਸਕੂਲ, ਜਲੰਧਰ ਹਾਈਟਸ 2 ਨੇ ਖੇਡ ਦਿਵਸ ਦੀ ਸੱਚੀ ਭਾਵਨਾ ਨਾਲ ਰਾਸ਼ਟਰੀ ਖੇਡ ਦਿਵਸ ਮਨਾਇਆ। ਸਰੀਰਕ ਸਿੱਖਿਆ ਅਧਿਆਪਕਾ ਮਿਸ ਹਿਨਾ ਅਤੇ ਪ੍ਰਿੰਸੀਪਲ ਸੁਰਿੰਦਰ ਕੌਰ ਦੀ ਦੇਖ-ਰੇਖ ਹੇਠ ਕਰਵਾਈਆਂ ਗਈਆਂ ਕਈ ਖੇਡਾਂ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਭਾਗ ਲਿਆ। ਬੱਚਿਆਂ ਨੂੰ ਦੱਸਿਆ ਗਿਆ ਕਿ ਹਾਕੀ ਦੇ ਮਹਾਨ ਖਿਡਾਰੀ ਮੇਜਰ ਧਿਆਨ ਚੰਦ ਦੇ ਜਨਮ ਦਿਨ ਨੂੰ ਮਨਾਉਣ ਲਈ ਹਰ ਸਾਲ ਰਾਸ਼ਟਰੀ ਖੇਡ ਦਿਵਸ ਮਨਾਇਆ ਜਾਂਦਾ ਹੈ, ਜਿਨ੍ਹਾਂ ਦੀ ਕਪਤਾਨੀ ਵਿੱਚ ਭਾਰਤ ਨੇ 1928, 1932 ਅਤੇ 1936 ਵਿੱਚ ਓਲੰਪਿਕ ਖੇਡਾਂ ਵਿੱਚ ਲਗਾਤਾਰ ਹਾਕੀ ਦੇ ਸੋਨ ਤਗਮੇ ਜਿੱਤੇ ਸਨ।

ਸਕੂਲ ਦੀ ਚੇਅਰਪਰਸਨ ਸ੍ਰੀਮਤੀ ਸਲਵਿੰਦਰਜੀਤ ਕੌਰ ਨੇ ਦੱਸਿਆ ਕਿ ਇਸ ਸਾਲ ਰਾਸ਼ਟਰੀ ਖੇਡ ਦਿਵਸ ਮਨਾਉਣ ਦਾ ਵਿਸ਼ਾ ਹੈ, ਖੇਡਾਂ ਇੱਕ ਸਮਾਵੇਸ਼ੀ ਅਤੇ ਤੰਦਰੁਸਤ ਸਮਾਜ ਨੂੰ ਸਮਰੱਥ ਬਣਾਉਂਦੀਆਂ ਹਨ। ਉਨ੍ਹਾਂ ਦੱਸਿਆ ਕਿ 2019 ਵਿੱਚ, ਰਾਸ਼ਟਰੀ ਖੇਡ ਦਿਵਸ 'ਤੇ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫਿਟ ਇੰਡੀਆ ਮਿਸ਼ਨ ਦੀ ਸ਼ੁਰੂਆਤ ਕੀਤੀ ਜਿਸ ਨੇ ਦੇਸ਼ ਵਿੱਚ ਖੇਡਾਂ ਅਤੇ ਤੰਦਰੁਸਤੀ ਦੇ ਸੱਭਿਆਚਾਰ ਦੀ ਸ਼ੁਰੂਆਤ ਕੀਤੀ। ਖੇਡ ਸਮਾਗਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਕੀਤੀ ਗਈ।

# ਐੱਮ ਐੱਸ ਕੇ ਸਕੂਲ ਕੋਟਲੀ ਜੰਡ ਨੇ ਖੋ-ਖੋ ਦੇ ਸਾਰੇ ਮੈਚ ਜਿੱਤ ਕੇ ਰਚਿਆ ਇਤਿਹਾਸ



**ਟਾਂਡਾ ਉੜਮੁੜ ( ਓਂਕਾਰ ਸਿੰਘ, ਜਸਵਿੰਦਰ ਸੰਧੂ )**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐਮ ਐਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਦੇ ਖਿਡਾਰੀਆਂ ਨੇ ਖੋ ਖੋ ਦੇ ਹੋਏ ਫਾਈਨਲ ਮੁਕਾਬਲਿਆਂ ਵਿੱਚ ਲੜਕੇ ਅਤੇ ਲੜਕੀਆਂ ਦੇ ਦੋਨਾਂ ਵਰਗਾਂ ਵਿੱਚ ਜਿੱਤ ਪ੍ਰਾਪਤ ਕਰਕੇ ਇਤਿਹਾਸ ਰਚਿਆ ਹੈ। ਅੱਜ ਇੱਥੇ ਵੱਖ ਵੱਖ ਸਕੂਲਾਂ ਦੀਆਂ ਟੀਮਾਂ ਵੱਲੋਂ ਹੋਏ ਫਸਵੇਂ ਮੈਚਾਂ ਵਿੱਚ ਐਮ ਐਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਨੇ 14 ਅਤੇ 17 ਸਾਲਾਂ ਵਰਗ ਵਿੱਚ ਲੜਕੇ ਅਤੇ ਲੜਕੀਆਂ ਦੇ ਫਾਈਨਲ ਮੈਚ ਜਿੱਤ ਕੇ ਇਲਾਕੇ ਵਿੱਚ ਆਪਣੀ ਹੋਂਦ ਨੂੰ ਸਥਾਪਤ ਕਰ ਲਿਆ ਹੈ। ਅੱਜ ਪ੍ਰਾਪਤ ਹੋਇਆ ਰਿਜਲਟਾਂ ਵਿੱਚ 14 ਸਾਲ ਲੜਕੀਆਂ ਵਰਗ ਵਿੱਚ ਐਮ ਐਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਪਹਿਲਾ ਸਥਾਨ, ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਸਕੂਲ ਤਲਵੰਡੀ ਡੱਡੀਆਂ ਦੂਜਾ ਸਥਾਨ, ਕੈਂਬਰਿਜ ਅਰਥ ਸਕੂਲ ਨੇ ਤੀਜਾ ਸਥਾਨ ਹਾਸਲ ਕੀਤਾ, ਇਸੇ ਤਰ੍ਹਾਂ 17 ਸਾਲਾਂ ਵਰਗ ਵਿੱਚ ਐਮ ਐਸ ਕੇ ਡੇ ਬੋਰਡਿੰਗ ਸਕੂਲ ਪਹਿਲਾ ਸਥਾਨ, ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਸਕੂਲ ਤਲਵੰਡੀ ਡੱਡੀਆਂ ਦੂਜਾ ਸਥਾਨ ਤੇ ਸਿਲਵਰ ਓਕ ਇੰਟਰਨੈਸ਼ਨਲ ਸਕੂਲ ਨੇ ਤੀਜਾ ਸਥਾਨ ਹਾਸਲ ਕੀਤਾ। ਇਹਨਾਂ ਖੇਡਾਂ ਵਿੱਚ ਪ੍ਰਾਈਵੇਟ ਸਕੂਲਾਂ ਦੀ ਕਾਰਗੁਜ਼ਾਰੀ ਚੰਗੀ ਰਹੀ ਅਤੇ ਪਹਿਲੀਆਂ ਪੁਜੀਸ਼ਨਾਂ ਪ੍ਰਾਈਵੇਟ ਸਕੂਲਾਂ ਨੂੰ ਹਾਸਲ ਹੋਈਆ। ਇਸ ਮੌਕੇ ਵਿਸੇਸ ਰੂਪ ਨਾਲ ਹਾਜ਼ਰ ਪ੍ਰਾਈਵੇਟ ਸਕੂਲ ਫੇਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਜੇਤੂ ਟੀਮਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਹ ਜ਼ਿਲਾ ਪੱਧਰ ਤੇ ਵੀ ਚੰਗਾ ਪ੍ਰਦਰਸ਼ਨ ਕਰਕੇ ਆਪਣੇ ਸਕੂਲਾਂ ਦਾ ਨਾਂ ਰੌਸ਼ਨ ਕਰਨ ਇਸ ਮੌਕੇ ਹਾਜਰ ਸਖਸੀਅਤਾਂ ਵਿੱਚ ਪ੍ਰਿੰਸੀਪਲ ਪਰਵਿੰਦਰ ਕੌਰ, ਬਲਜਿੰਦਰ ਸਿੰਘ ਭਿੰਡਰ, ਕੋਚ ਪਰਦੀਪ ਸਿੰਘ, ਅਮਨਪ੍ਰੀਤ ਸਿੰਘ, ਸਿਮਰਨਜੀਤ ਕੌਰ ਗੁਰਸਰਨ ਕੌਰ ਨਰਿੰਦਰ ਕੌਰ ਦੇ ਨਾਂ ਵਰਣਨ ਯੋਗ ਹਨ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਵਿਖੇ ਜ਼ੋਨਲ ਟੂਰਨਾਮੈਂਟ ਧੂਮਧਾਮ ਨਾਲ ਸ਼ੁਰੂ



**ਹੁਸ਼ਿਆਰਪੁਰ,, (ਬਲਵੀਰ ਸਿੰਘ ਸੈਣੀ)**—ਸ਼ੇਰਗੜ੍ਹ ਜੋਨ ਦੀਆਂ ਸਕੂਲੀ ਖੇਡਾਂ ਦਾ ਆਯੋਜਨ ਵੱਖ ਵੱਖ ਸਥਾਨਾਂਤੇ ਕੀਤਾ ਗਿਆ। ਇਸੇ ਲੜੀ ਵਿੱਚ ਫੁੱਟਬਾਲ, ਰੱਸਾਕਸ਼ੀ ਅਤੇ ਕਬੱਡੀ ਦੇ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਵਿਖੇ ਜੋਨਲ ਪ੍ਰਧਾਨ ਪ੍ਰਿੰਸੀਪਲ ਰਾਜਨ ਅਰੋੜਾ, ਪ੍ਰਿੰਸੀਪਲ ਮਲਕੀਤ ਕੌਰ ਅਤੇ ਸਕੱਤਰ ਪ੍ਰਭਜੋਤ ਸਿੰਘ ਦੀ ਦੇਖ ਰੇਖ ਅਧੀਨ ਕਰਵਾਏ ਗਏ। ਇਹਨਾਂ ਮੁਕਾਬਲਿਆਂ ਦੌਰਾਨ ਜ਼ਿਲ੍ਹਾ ਖੇਡ ਕੋਆਰਡੀਨੇਟਰ ਜਗਜੀਤ ਸਿੰਘ, ਲੈਕਚਰਾਰ ਮੁਨੀਸ਼ ਮੋਦਗਿਲ, ਲੈਕਚਰਾਰ ਸੁਰਜੀਤ ਸਿੰਘ, ਲੈਕਚਰਾਰ ਰੀਨਾ ਰਾਣੀ, ਲੈਕਚਰਾਰ ਸੰਦੀਪ ਕੁਮਾਰ, ਲੈਕਚਰਾਰ ਨਰੇਸ਼ ਕੁਮਾਰ, ਮਾਸਟਰ ਰਾਜਾ ਸਿੰਘ ਪੱਟੀ, ਵਿੱਤ ਸਕੱਤਰ ਹੇਮ ਰਾਜ, ਪੀਟੀਆਈ ਅਮਰਜੀਤ ਰਾਏ ਅਤੇ ਦਫ਼ਤਰੀ ਸਹਾਇਕ ਹਰਦੀਪ ਸਿੰਘ ਨੇ ਵਿਸ਼ੇਸ਼ ਸ਼ਾਮੂਲੀਅਤ ਕੀਤੀ।

ਫਾਈਨਲ ਨਤੀਜੇ ਇਸ ਪ੍ਰਕਾਰ ਰਹੇ : ਫੁੱਟਬਾਲ ਅੰਡਰ 19 ਸਾਲ ਉਮਰ ਵਰਗ ਵਿੱਚ ਜੈਮਜ ਕੈਬਰਿਜ ਸਕੂਲ ਨੇ ਪਹਿਲਾ ਅਤੇ ਸਸਸਸ ਬੋਹਣ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅੰਡਰ 17 ਸਾਲ ਉਮਰ ਵਰਗ ਵਿੱਚ ਸਸਸਸ ਬੋਹਣ ਨੇ ਪਹਿਲਾ ਅਤੇ ਸਸਸਸ ਫਲਾਹੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅੰਡਰ 14 ਸਾਲ ਉਮਰ ਵਰਗ ਵਿੱਚ ਸਸਸਸ ਰਾਜਪੁਰ ਭਾਈਆਂ ਨੇ ਪਹਿਲਾ ਅਤੇ ਜੈਮਜ ਕੈਬਰਿਜ ਸਕੂਲ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਸ਼ਤਰੰਜ ਮੁਕਾਬਲਿਆਂ ਵਿੱਚ ਲੜਕਿਆਂ ਦੇ ਅੰਡਰ 14 ਸਾਲ ਉਮਰ ਵਰਗ ਵਿੱਚ ਸਸਸਸ ਬੋਹਣ ਨੇ ਪਹਿਲਾ ਅਤੇ ਸਸਸਸ ਸ਼ੇਰਗੜ੍ਹ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੇ ਅੰਡਰ 17 ਸਾਲ ਉਮਰ ਵਰਗ ਵਿੱਚ ਸਸਸਸ ਖੁਆਸਪੁਰ ਹੀਰਾਂ ਨੇ ਪਹਿਲਾ ਅਤੇ ਸਸਸਸ ਸ਼ੇਰਗੜ੍ਹ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਪ੍ਰਕਾਰ ਲੜਕੀਆਂ ਦੇ ਅੰਡਰ 14 ਸਾਲ ਉਮਰ ਵਰਗ ਵਿੱਚ ਜੈਮਜ ਕੈਬਰਿਜ ਨੇ ਪਹਿਲਾ ਅਤੇ ਸਮਿਸ ਹਰਖੋਵਾਲ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਲੜਕੀਆਂ ਦੇ ਲੜਕੀਆਂ ਦੇ ਅੰਡਰ 17 ਸਾਲ ਉਮਰ ਵਰਗ ਵਿੱਚ ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਨੇ ਪਹਿਲਾ ਅਤੇ ਜੈਮਜ ਕੈਬਰਿਜ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅੰਡਰ 19 ਸਾਲ ਉਮਰ ਵਰਗ ਵਿੱਚ ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਨੇ ਪਹਿਲਾ ਅਤੇ ਸਸਸਸ ਫਲਾਹੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਬੈਡਮਿੰਟਨ ਮੁਕਾਬਲਿਆਂ ਵਿੱਚ ਲੜਕਿਆਂ ਦੇ ਅੰਡਰ 14 ਸਾਲ ਉਮਰ ਵਰਗ ਵਿੱਚ ਜੈਮਜ ਕੈਬਰਿਜ ਨੇ ਪਹਿਲਾ ਅਤੇ ਸਸਸਸ ਅੱਤੋਵਾਲ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੇ ਅੰਡਰ 17 ਸਾਲ ਉਮਰ ਵਰਗ ਵਿੱਚ ਜੈਮਜ ਕੈਬਰਿਜ ਨੇ ਪਹਿਲਾ ਅਤੇ ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੇ ਅੰਡਰ 19 ਸਾਲ ਉਮਰ ਵਰਗ ਵਿੱਚ ਜੈਮਜ ਕੈਬਰਿਜ ਨੇ ਪਹਿਲਾ ਅਤੇ ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਨੇ ਦੂਜਾ ਸਥਾਨ ਪ੍ਰਾਪਤ ਕੀਤਾ । ਇਸੇ ਪ੍ਰਕਾਰ ਲੜਕੀਆਂ ਦੇ ਅੰਡਰ 14 ਸਾਲ ਉਮਰ ਵਰਗ ਵਿੱਚ ਜੈਮਜ ਕੈਬਰਿਜ ਨੇ ਪਹਿਲਾ ਅਤੇ ਸਮਿਸ ਹਰਖੋਵਾਲ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਲੜਕੀਆਂ ਦੇ ਅੰਡਰ 17 ਸਾਲ ਉਮਰ ਵਰਗ ਵਿੱਚ ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਨੇ ਪਹਿਲਾ ਅਤੇ ਜੈਮਜ ਕੈਬਰਿਜ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਲੜਕੀਆਂ ਦੇ ਅੰਡਰ 19 ਸਾਲ ਉਮਰ ਵਰਗ ਵਿੱਚ ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਨੇ ਪਹਿਲਾ ਅਤੇ ਸਸਸਸ ਫਲਾਹੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਰੱਸਾਕਸ਼ੀ ਮੁਕਾਬਲਿਆਂ ਵਿੱਚ ਲੜਕਿਆਂ ਦੇ ਅੰਡਰ 19 ਸਾਲ ਉਮਰ ਵਰਗ ਵਿੱਚ ਸਸਸਸ ਬੋਹਣ ਨੇ ਪਹਿਲਾ ਅਤੇ ਸਸਸਸ ਰਾਜਪੁਰ ਭਾਈਆ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਜਦਕਿ ਲੜਕੀਆਂ ਤੇ ਅੰਡਰ 19 ਸਾਲ ਉਮਰ ਵਰਗ ਵਿੱਚ ਸਸਸਸ ਜੱਲੋਵਾਲ ਖਨੂਰ ਨੇ ਪਹਿਲਾ ਅਤੇ ਸਸਸਸ ਬੋਹਣ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਕਬੱਡੀ (ਨੈਸ਼ਨਲ) ਮੁਕਾਬਲਿਆਂ ਵਿੱਚ ਲੜਕਿਆਂ ਦੇ ਅੰਡਰ 14 ਸਾਲ ਉਮਰ ਵਰਗ ਵਿੱਚ ਸਹਸ ਬਹਾਦਰਪੁਰ ਬਾਹੀਆਂ ਨੇ ਪਹਿਲਾ ਅਤੇ ਸਹਸ ਨੰਗਲ ਸ਼ਹੀਦਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੇ ਅੰਡਰ 17 ਸਾਲ ਉਮਰ ਵਰਗ ਵਿੱਚ ਸਹਸ ਨੰਗਲ ਸ਼ਹੀਦਾਂ ਨੇ ਪਹਿਲਾ ਅਤੇ ਸਹਸ ਪੱਟੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਕਬੱਡੀ (ਸਰਕਲ ਸਟਾਇਲ) ਲੜਕਿਆਂ ਦੇ ਅੰਡਰ 19 ਸਾਲ ਉਮਰ ਵਰਗ ਵਿੱਚ ਸਸਸਸ ਰਾਜਪੁਰ ਭਾਈਆ ਨੇ ਪਹਿਲਾ ਅਤੇ ਸਸਸਸ ਫਲਾਹੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਵਾਲੀਵਾਲ ਮੁਕਾਬਲਿਆਂ ਵਿੱਚ ਲੜਕਿਆਂ ਦੇ ਅੰਡਰ 14 ਸਾਲ ਉਮਰ ਵਰਗ ਵਿੱਚ ਸਸਸਸ ਅੱਤੋਵਾਲ ਨੇ ਪਹਿਲਾ ਅਤੇ ਸਮਿਸ ਹਰਖੋਵਾਲ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅੰਡਰ 17 ਸਾਲ ਉਮਰ ਵਰਗ ਵਿੱਚ ਸਸਸਸ ਅੱਤੋਵਾਲ ਨੇ ਪਹਿਲਾ ਅਤੇ ਸਹਸ ਫਤਿਹਗੜ੍ਹ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅੰਡਰ 19 ਸਾਲ ਉਮਰ ਵਰਗ ਵਿੱਚ ਸਸਸਸ ਅੱਤੋਵਾਲ ਨੇ ਪਹਿਲਾ ਅਤੇ ਜੈਮਜ ਕੈਬਰਿਜ ਸਕੂਲ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਗਤਕਾ ਮੁਕਾਬਲਿਆਂ ਵਿੱਚ ਲੜਕਿਆਂ ਦੇ ਅੰਡਰ 14 ਸਾਲ ਉਮਰ ਵਰਗ ਵਿੱਚ ਸਸਸਸ ਬੋਹਣ ਨੇ ਪਹਿਲਾ ਅਤੇ ਸਹਸ ਪੱਟੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅੰਡਰ 17 ਸਾਲ ਉਮਰ ਵਰਗ ਵਿੱਚ ਸਸਸਸ ਖੁਆਸਪੁਰ ਹੀਰਾਂ ਨੇ ਪਹਿਲਾ ਅਤੇ ਸਸਸਸ ਬੋਹਣ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਮੁਕਾਬਲਿਆਂ ਦੇ ਆਯੋਜਨ ਵਿੱਚ ਹਰਦਿਆਲ ਸਿੰਘ ਨੰਗਲ ਸ਼ਹੀਦਾਂ, ਰੇਖਾ ਪੱਟੀ, ਰਵਨੀਤ ਕੌਰ ਫਤਿਹਗੜ੍ਹ, ਗੁਰਕਿਰਨਜੀਤ ਸਿੰਘ ਫਲਾਹੀ, ਸੁਖਦੀਪ ਸਿੰਘ ਫੁਗਲਾਣਾ, ਰੁਪਾਲੀ ਹਰਖੋਵਾਲ, ਜਸਵੰਤ ਸਿੰਘ ਬਸੀ ਦੌਲਤ ਖਾਂ, ਸਤਿੰਦਰ ਕੁਮਾਰ ਖੁਆਸਪੁਰ ਹੀਰਾਂ, ਗੁਰਵਿੰਦਰ ਕੌਰ ਅੱਤੋਵਾਲ, ਅੰਮ੍ਰਿਤਪਾਲ ਜਹਾਨ ਖੇਲਾਂ, ਜਸਵਿੰਦਰ ਕੌਰ ਬਜਵਾੜਾ, ਨਵਦੀਪ ਕੌਰ ਡਗਾਣਾ, ਗੁਰਮੀਤ ਸਿੰਘ ਅਤੇ ਧੰਨੰਜੈ ਜੈਮਜ ਕੈਬਰਿਜ, ਕਮਲਜੀਤ ਸਿੰਘ ਰਾਇਤ ਬਾਹਰਾ ਇੰਟਰਨੈਸ਼ਨਲ ਸਕੂਲ, ਬਲਦੇਵ ਸਿੰਘ ਜੱਲੋਵਾਲ, ਗੁਲਸ਼ਨ ਅਤੇ ਨਰੇਸ਼ ਕੁਮਾਰ ਬਜਰਾਵਰ, ਗੁਰਪ੍ਰੀਤ ਕੌਰ, ਹਰਵਿੰਦਰ ਕੌਰ, ਕੁਲਵਿੰਦਰਾ ਦੇਵੀ, ਹਰਮੇਸ਼ ਕੁਮਾਰੀ, ਹਰਕਮਲ ਕੌਰ, ਅਮਨਪ੍ਰੀਤ ਕੌਰ, ਰਜਨੀ ਰਾਣੀ, ਮੋਨਿਕਾ ਲਾਂਬਾ, ਸੀਮਾ ਰਾਣੀ, ਬਲਜਿੰਦਰ ਕੌਰ, ਸ਼ਬਨਮ, ਸੁਨੀਤਾ ਰਾਣੀ, ਬਲਵੀਰ ਸਿੰਘ ਅਤੇ ਜਸਵਿੰਦਰ ਸਿੰਘ ਨੇ ਵਿਸ਼ੇਸ਼ ਭੂਮਿਕਾ ਨਿਭਾਈ।

# ਹਰਮੀਤ ਵਿਦਿਆਰਥੀ ਨੂੰ ਸਦਮਾ, ਪਿਤਾ ਦਾ ਦੇਹਾਂਤ



**ਚੰਡੀਗੜ੍ਹ**- ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਦਰਸ਼ਨ ਬੁੱਟਰ, ਸੀਨੀਅਰ ਮੀਤ ਪ੍ਰਧਾਨ ਡਾ. ਜੋਗਾ ਸਿੰਘ ਅਤੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ ਸਾਂਝੇ ਬਿਆਨ ਰਾਹੀਂ ਦਸਿਆ ਕਿ ਕੇਂਦਰੀ ਸਭਾ ਦੇ ਸਾਬਕਾ ਜਨਰਲ ਸਕੱਤਰ ਹਰਮੀਤ ਵਿਦਿਆਰਥੀ ਦੇ ਪਿਤਾ ਅਮਰੀਕ ਸਿੰਘ ਫਿਰੋਜ਼ਪੁਰ ਵਿਖੇ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀ ਸਮੁੱਚੀ ਕਾਰਜਕਾਰਨੀ ਦੁੱਖ ਦੀ ਇਸ ਘੜੀ ਮੌਕੇ ਸਾਥੀ ਹਰਮੀਤ ਵਿਦਿਆਰਥੀ ਨਾਲ ਦੁੱਖ ਸਾਂਝਾ ਕਰਦੀ ਹੈ। ਉਨ੍ਹਾਂ ਦੇ ਪਰਵਾਰ ਅਤੇ ਸਨੇਹੀਆਂ ਪ੍ਰਤੀ ਸੰਵੇਦਨਾ ਵਿਅਕਤ ਕਰਦੀ ਹੈ।

# ਸਾਲਾਨਾ ਗੁਰਮਤਿ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ 'ਤੇ



**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**—ਬੱਬਰਾਂ ਦੇ ਹਾਈਕੋਰਟ ਵਜੋਂ ਜਾਣੇ ਜਾਂਦੇ ਪਿੰਡ ਜੱਸੋਵਾਲ ਵਿਖੇ ਸਥਿਤ ਗੁਰਦੁਆਰਾ ਸ਼ਹੀਦਾਂ ਪਿੰਡ ਜੱਸੋਵਾਲ (ਬੀਹੜਾ) ਵਿਖੇ 27ਵਾਂ ਸਲਾਨਾ ਗੁਰਮਤਿ ਸਮਾਗਮ 1 ਨਵੰਬਰ ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਮੁੱਖ ਸੰਚਾਲਕ ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਪ੍ਰਧਾਨ ਸੰਤ ਸਮਾਜ ਭਾਈ ਲਾਲੋ ਜੀ ਅਤੇ ਮੁੱਖ ਬੁਲਾਰਾ ਅੰਤਰਰਾਸ਼ਟਰੀ ਇੰਟਰਨੈਸ਼ਨਲ ਪੰਥਕ ਦਲ ਨੇ ਦੱਸਿਆ ਕਿ ਸਮਾਗਮ ਦੇ ਸਬੰਧ ਵਿੱਚ ਹੁਣ ਤੋਂ ਹੀ ਇਸ ਸਥਾਨ ਵਿਖੇ ਤਿਆਰੀਆਂ ਸ਼ੁਰੂ ਕੀਤੀਆਂ ਗਈਆਂ ਹਨ। ਉਹਨਾਂ ਦੱਸਿਆ ਕਿ 28 ਅਕਤੂਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਜਾਣਗੇ। ਬੁੱਧਵਾਰ ਨੂੰ ਅਖੰਡ ਪਾਠਾਂ ਦੀ ਲੜੀ ਦੀ ਸਮਾਪਤੀ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਤਖਤ ਸਾਹਿਬਾਨਾਂ ਦੇ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਖ, ਸੰਯੁਕਤ ਕਿਸਾਨ ਮੋਰਚੇ ਦੇ ਆਗੂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ ਉਦਾਸੀ, ਵੱਖ-ਵੱਖ ਪਾਰਟੀਆਂ ਦੇ ਆਗੂ ਅਤੇ ਹੋਰ ਸਨਮਾਨਯੋਗ ਸ਼ਖਸੀਅਤਾਂ ਸੰਗਤਾਂ ਨਾਲ ਧਾਰਮਿਕ ਵਿਚਾਰਾਂ ਕਰਨਗੀਆਂ। ਇਸ ਮੌਕੇ ਨਾਮਵਰ ਰਾਗੀ ਜਥੇ, ਢਾਡੀ ਅਤੇ ਕਵੀਸ਼ਰੀ ਜੱਥੇ ਸੰਗਤਾਂ ਨੂੰ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਤੋਂ ਜਾਣੂ ਕਰਵਾਉਣਗੇ। ਉਨ੍ਹਾਂ ਦੱਸਿਆ ਕਿ ਸਮਾਗਮ ਕਰਵਾਉਣ ਦਾ ਮੁੱਖ ਮਨੋਰਥ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗਾਉਣਾ ਅਤੇ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਤੋਂ ਜਾਣੂ ਕਰਵਾਉਣਾ ਹੈ।

## ਜਨਮ ਦਿਨ ਮੁਬਾਰਕ



ਮਨੌਲੀ (ਬਟਾਲਾ)



ਗੁਰਸ਼ੀਸ਼ ਸਿੰਘ (ਤਰਨ ਤਾਰਨ)

# ਵੁਡਬਰੀ ਇੰਟਰਨੈਸ਼ਨਲ ਪਬਲਿਕ ਸਕੂਲ 'ਚ ਇੰਟਰ ਹਾਊਸ ਮੈਥਸ ਕਵਿਜ਼ ਮੁਕਾਬਲੇ





**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**- ਵੁਡਬਰੀ ਇੰਟਰਨੈਸ਼ਨਲ ਪਬਲਿਕ ਸਕੂਲ ਭੋਗਪੁਰ ਵਿੱਚ ਪ੍ਰਿੰਸੀਪਲ ਡਾ. ਸੁਮਨ ਡਡਵਾਲ ਦੀ ਦੇਖਰੇਖ ਵਿੱਚ ਇੰਟਰ ਹਾਊਸ ਮੈਥੈਟਿਕ ਟੂਰਨਾਮੈਂਟ ਕਰਵਾਇਆ ਜਿਸ ਵਿਚ ਰੈਡ , ਬਲੂ , ਗ੍ਰੀਨ ਅਤੇ ਯੈਲੋ ਸਦਨਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਇੱਕ-ਦੂਸਰੇ ਨੂੰ ਤਕੜੀ ਟੱਕਰ ਦਿੱਤੀ। ਮਿਸ ਰਾਜਪ੍ਰੀਤ ਕੌਰ ਅਤੇ ਮਿਸ ਰਜਨੀ ਦੁਆਰਾ ਵਿਦਿਆਰਥੀਆਂ ਲਈ ਪ੍ਰਸ਼ਨ ਤਿਆਰ ਕੀਤੇ ਗਏ ਸਨ। ਇਹ ਮੁਕਾਬਲਾ ਦੋ ਪੜਾਅ 1 ਤੋਂ 5 ਤੱਕ ਅਤੇ 6ਵੀਂ ਤੋਂ 10ਵੀਂ ਤੱਕ ਆਯੋਜਿਤ ਕੀਤਾ ਗਿਆ। ਹਰ ਸਦਨ ਦੇ ਸਦਨ ਦੀ ਪ੍ਰਤੀਨਿਧਤਾ ਲਈ ਇੱਕ ਵਿਦਿਆਰਥੀ ਦੀ ਚੋਣ ਕੀਤੀ ਗਈ। ਪੰਜ ਵੱਖ-ਵੱਖ ਦਿਮਾਗੀ ਰਾਊਂਡ ਰੱਖੇ ਗਏ ਸਨ ਜਿਸ ਵਿਚ ਵਿਦਿਆਰਥੀਆਂ ਨੇ ਸਵਾਲਾਂ ਦੇ ਜਵਾਬ ਦੇਣ ਲਈ ਆਤਮਵਿਸ਼ਵਾਸ ਨਾਲ ਆਪਣੇ ਦਿਮਾਗ ਦਾ ਉਪਯੋਗ ਕੀਤਾ। ਟੀਮ ਦਾ ਗਲਤ ਜਵਾਬ ਦੇਣ 'ਤੇ ਦਰਸ਼ਕਾਂ ਨੂੰ ਵੀ ਭਾਗ ਲੈਣ ਦਾ ਮੌਕਾ ਮਿਲਿਆ । ਵੱਖ-ਵੱਖ ਸਵਾਲਾਂ ਨੇ ਹਰ ਤਰਫ ਖੁਸ਼ੀ, ਉਦਾਸੀ, ਅਫਸੋਸ ਅਤੇ ਉਤਸ਼ਾਹ ਵਰਗੀਆਂ ਭਾਵਨਾਵਾਂ ਮਹਿਸੂਸ ਕਰਵਾਈਆਂ ।ਸਕੂਲ ਦੇ ਪ੍ਰਿੰਸੀਪਲ ਡਾ. ਸੁਮਨ ਡਡਵਾਲ ਨੇ ਨਤੀਜੇ ਦੀ ਘੋਸ਼ਣਾ ਕੀਤੀ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਫਲਤਾ ਲਈ ਵਧਾਈ ਦਿੱਤੀ ਅਤੇ ਬੱਚਿਆਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ।

# ਇਨੋਸੈਂਟ ਹਾਰਟਸ ਨੇ ਰੱਖੜੀ ਦਾ ਤਿਉਹਾਰ ਮਨਾਇਆ



**ਜਲੰਧਰ (ਸ਼ੈਲੀ ਐਲਬਰਟ)**
ਇਨੋਸੈਂਟ ਹਾਰਟਸ ਦੇ ਸਾਰੇ ਪੰਜ ਸਕੂਲਾਂ (ਗਰੀਨ ਮਾਡਲ ਟਾਊਨ, ਲੁਹਾਰਾਂ, ਨੂਰਪੁਰ ਰੋਡ, ਛਾਉਣੀ-ਜੰਡਿਆਲਾ ਰੋਡ ਅਤੇ ਕਪੂਰਥਲਾ ਰੋਡ) ਨੇ ਰੱਖੜੀ ਬੰਧਨ ਦਾ ਤਿਉਹਾਰ ਵੱਖ-ਵੱਖ ਗਤੀਵਿਧੀਆਂ ਨਾਲ ਬਹੁਤ ਹੀ ਉਤਸ਼ਾਹ ਨਾਲ ਮਨਾਇਆ। ਪ੍ਰੀ-ਪ੍ਰਾਇਮਰੀ ਸਕੂਲ ਇਨੋਕਿਡਜ਼ ਦੇ ਸਾਰੇ ਬੱਚਿਆਂ, ਸਿਖਿਆਰਥੀਆਂ ਤੋਂ ਲੈ ਕੇ ਵਿਦਵਾਨਾਂ ਤੱਕ ਨੂੰ ਥ੍ਰੈਡ ਆਫ ਲਵ ਤਹਿਤ ਰੱਖੜੀ ਮੇਕਿੰਗ ਗਤੀਵਿਧੀ ਕਰਵਾਈ ਗਈ। ਬੱਚੇ ਘਰੋਂ ਰੱਖੜੀ ਬਣਾਉਣ ਦਾ ਸਮਾਨ ਜਿਵੇਂ ਮੌਲੀ, ਰਿਬਨ, ਰੇਸ਼ਮੀ ਧਾਗਾ, ਮੋਤੀ, ਤਾਰੇ ਆਦਿ ਲੈ ਕੇ ਆਏ ਅਤੇ ਜਮਾਤ ਵਿੱਚ ਆਪਣੇ ਅਧਿਆਪਕਾਂ ਦੀ ਮਦਦ ਨਾਲ ਸਾਰਿਆਂ ਨੇ ਆਪਣੇ ਦੋਸਤਾਂ ਨਾਲ ਮਿਲ ਕੇ ਰੱਖੜੀ ਬਣਾਈ। ਜਮਾਤ 1 ਅਤੇ 2 ਦੇ ਬੱਚਿਆਂ ਵੱਲੋਂ ਸੈਨਿਕਾਂ ਲਈ ਰੱਖੜੀਆਂ ਬਣਾਈਆਂ ਗਈਆਂ। ਲੜਕੀਆਂ ਨੇ ਸੈਨਿਕਾਂ ਦੀ ਪੁਸ਼ਾਕ ਵਿੱਚ ਸਜੇ ਲੜਕਿਆਂ ਨੂੰ ਰੱਖੜੀਆਂ ਬੰਨ੍ਹੀਆਂ। ਤੀਜੇ ਅਤੇ ਚੌਥੇ ਜਮਾਤ ਦੇ ਬੱਚਿਆਂ ਲਈ ਰਿਸ਼ਤੇਦਾਰਾਂ ਅਤੇ ਦੋਸਤਾਂ ਲਈ ਰੱਖੜੀ ਕਾਰਡ ਬਣਾਉਣ ਦੀ ਗਤੀਵਿਧੀ ਕਰਵਾਈ ਗਈ। ਪੰਜਵੀਂ ਜਮਾਤ ਦੇ ਬੱਚਿਆਂ ਲਈ ਬੈਸਟਮੇਟਸ ਗਤੀਵਿਧੀ ਕਰਵਾਈ ਗਈ। ਜਿਸ ਵਿੱਚ ਉਨ੍ਹਾਂ ਨੇ ਭੈਣਾਂ ਅਤੇ ਭੈਣਾਂ ਨਾਲ ਬਿਤਾਈਆਂ ਮਿੱਠੀਆਂ ਯਾਦਾਂ ਦਾ ਕੋਲਾਜ ਬਣਾਇਆ। ਛੇਵੀਂ ਜਮਾਤ ਦੇ ਬੱਚਿਆਂ ਨੂੰ ਭਾਈ-ਭੈਣ ਦੇ ਅਟੁੱਟ ਪਿਆਰ ਦਾ ਪ੍ਰਤੀਕ ਰੱਖੜੀ 'ਤੇ ਕੁਝ ਲਾਈਨਾਂ ਲਿਖਣ ਲਈ ਕਿਹਾ ਗਿਆ। ਸੱਤਵੀਂ ਜਮਾਤ ਦੇ ਬੱਚਿਆਂ ਲਈ ਪਲੇਟ ਸਜਾਵਟ, ਗਤੀਵਿਧੀ ਕਰਵਾਈ ਗਈ। ਵਿਦਿਆਰਥਣਾਂ ਵੱਲੋਂ ਕੀਤੀ ਗਈ ਥਾਲੀ ਦੀ ਸਜਾਵਟ ਅਤੇ ਉਨ੍ਹਾਂ ਵੱਲੋਂ ਬਣਾਈਆਂ ਗਈਆਂ ਸੁੰਦਰ ਰੱਖੜੀਆਂ ਦੀ ਸਾਰਿਆਂ ਵੱਲੋਂ ਖੂਬ ਸ਼ਲਾਘਾ ਕੀਤੀ ਗਈ। ਅਧਿਆਪਕਾਂ ਨੇ ਬੱਚਿਆਂ ਨੂੰ ਰੱਖੜੀ ਦੀ ਵਧਾਈ ਦਿੱਤੀ, ਉਨ੍ਹਾਂ ਇਸ ਤਿਉਹਾਰ ਦੀ ਮਹੱਤਤਾ ਬਾਰੇ ਦੱਸਿਆ ਅਤੇ ਹਰ ਤਿਉਹਾਰ ਨੂੰ ਉਤਸ਼ਾਹ ਨਾਲ ਮਨਾਉਣ ਲਈ ਕਿਹਾ।।



*ਪੰਜਾਬ ਦੇ ਗਵਰਨਰ ਅਤੇ ਚੰਡੀਗੜ੍ਹ ਦੇ ਅਡਵਾਈਜ਼ਰ ਬਨਵਾਰੀ ਲਾਲ ਪੁਰੋਹਿਤ ਨੂੰ ਅੱਜ ਰੱਖੜੀ ਦੇ ਤਿਉਹਾਰ 'ਤੇ ਬੱਚੇ ਰੱਖੜੀ ਬੰਨ੍ਹ ਕੇ ਰੱਖੜੀ ਦਾ ਤਿਉਹਾਰ ਮਨਾਉਂਦੇ ਹੋਏ।*
*(ਕ੍ਰਿਸ਼ਨ ਗਰਗ, ਚੰਡੀਗੜ੍ਹ)*